ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 38 | 30 September 2020 to 06 October 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

## ਕੋਰੋਨਾ ਹੋਇਆ ਰਵੀ ਸਿੰਘ ਖ਼ਾਲਸਾ ਨੂੰ, ਖ਼ੁਦ ਟਵੀਟ ਕਰ ਕੇ ਕੀਤੀ ਪੁਸ਼ਟੀ




**ਜਲੰਧਰ/ਏ.ਟੀ.ਨਿਊਜ਼:** ਖ਼ਾਲਸਾ ਏਡ ਫਾਊਂਡੇਸ਼ਨ ਦੇ ਸੰਸਥਾਪਕ ਰਵੀ ਸਿੰਘ ਖ਼ਾਲਸਾ ਦੀ ਕੋਰੋਨਾ ਰਿਪੋਰਟ ਪਾਜ਼ੇਟਿਵ ਆਈ ਹੈ। ਉਨਾਂ ਟਵੀਟ ਕਰ ਕੇ ਖ਼ੁਦ ਇਸ ਦੀ ਪੁਸ਼ਟੀ ਕੀਤੀ। ਉਨਾਂ ਲਿਖਿਆ ਕਿ ਲੰਘੇ ਬੁੱਧਵਾਰ ਤੋਂ ਮੈਂ ਬਿਮਾਰ ਸੀ ਤੇ ਜਾਂਚ ਕਰਵਾਉਣ 'ਤੇ ਮੈਂ ਕੋਰੋਨਾ ਇਨਫੈਕਟਿਡ ਪਾਇਆ ਗਿਆ। ਉਨਾਂ ਦੱਸਿਆ ਕਿ ਮੇਰੇ ਫਾਰਮ ਦੇ ਕੁਝ ਮੈਂਬਰ ਵੀ ਕੋਰੋਨਾ ਪਾਜ਼ੇਟਿਵ ਪਾਏ ਗਏ ਹਨ।

# ਅਮਰੀਕੀ ਰਾਸ਼ਟਰਪਤੀ ਦੀ ਚੋਣ ਦੀ ਪਹਿਲੀ ਡਿਬੇਟ ਤਿਖੀ ਜੁਬਾਨ ਚ ਖਤਮ ਹੋਈ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਅਮਰੀਕਾ ਵਿਚ ਰਾਸ਼ਟਰਪਤੀ ਪਦ ਲਈ ਡੋਨਾਲਡ ਟਰੰਪ ਅਤੇ ਜੋ ਬਾਈਡਨ ਦੇ ਵਿਚਕਾਰ ਅੱਜ ਬੁੱਧਵਾਰ ਦੀ ਆਪਣੀ ਡਿਬੇਟ ਹੋਈ। ਦੋਨਾਂ ਉਮੀਦਵਾਰਾਂ ਨੇ ਵੱਖ-ਵੱਖ ਸਿਹਤ, ਨਿਆਂ, ਨਸਲੀ ਭੇਦਭਾਵ ਅਤੇ ਅਰਥ ਵਿਵਸਥਾ, ਮੁਸਲਮਾਨਾਂ ਤੇ ਕੋਵਿਡ -19 ਮਹਾਮਾਰੀ ਦੇ ਬਾਰੇ ਸਵਾਲਾਂ ਤੇ ਜਵਾਬ ਦਿੱਤੇ। ਡੋਨਾਲਡ ਟਰੰਪ ਨੇ ਇਸ ਮੌਕੇ ਕਿਹਾ ਕਿ ਜੇ ਬਾਈਡਨ ਉਨਾਂ ਦੇ ਸਥਾਨ 'ਤੇ ਹੋਂਦਾ ਤਾਂ, ਅਮਰੀਕਾ ਵਿੱਚ ਕਿਤੇ ਜ਼ਿਆਦਾ ਮੌਤਾਂ ਹੋ ਸਕਦੀਆਂ ਸਨ ਇਸਦੇ ਜਵਾਬ ਵਿੱਚ ਬਾਈਡਨ ਨੇ ਕਿਹਾ ਕਿ ਮਹਾਂਮਾਰੀ ਲਈ ਟਰੰਪ ਕੋਲ ਕੋਈ ਪਲੈਨ ਹੀ ਨਹੀਂ ਹੈ। ਅਮਰੀਕਾ ਦੇ ਕੋਰੋਨਾ ਵਾਇਰਸ ਸੰਕਰਮਣਾਂ ਵਿੱਚ 70 ਲੱਖ ਤੋਂ ਜ਼ਿਆਦਾ ਕੇਸ ਅਤੇ ਬਿਮਾਰੀ ਤੋਂ ਬਾਅਦ ਤਕਰੀਬਨ ਦੋ ਲੱਖ ਲੋਕਾਂ ਦੀ ਮੌਤ ਹੋ ਚੁੱਕੀ ਹੈ। ਕੋਰੋਨਾ ਵਾਇਰਸ 'ਤੇ ਵਿਚਾਰ ਰੱਖਦਿਆਂ ਬਾਈਡਨ ਨੇ ਕੋਰੋਨਾ ਵਾਇਰਸ ਮਹਾਮਾਰੀ ਤੋਂ ਨਿਪਟਣ ਲਈ ਟਰੰਪ ਪ੍ਰਸ਼ਾਸਨ ਦੀ ਅਲ਼ੋਚਨਾ ਕੀਤੀ, ਜਵਾਬ ਵਿੱਚ ਟਰੰਪ ਨੇ ਕਿਹਾ ਕਿ ਮਹਾਂਮਾਰੀ ਤੋਂ ਨਿਪਟਣ ਲਈ ਸਰਕਾਰ ਦੁਆਰਾ ਬਹੁਤ ਕੰਮ ਕੀਤਾ ਗਿਆ ਹੈ। ਟਰੰਪ ਨੇ ਕਿਹਾ,



"ਸਾਡੀ ਸਰਕਾਰ ਦੇ ਕੋਰੋਨਾ ਵਾਇਰਸ ਤੋਂ ਨਿਪਟਣ ਲਈ ਮਾਸਕ, ਪੀਪੀਆਈ ਕਿੱਟ ਅਤੇ ਦਵਾਈਆਂ ਲਿਆਂਦੀਆਂ। ਅਸੀਂ ਕੋਰੋਨਾ ਵੈਕਸੀਨ ਬਣਾਉਣ ਤੋਂ ਸਿਰਫ ਕੁਝ ਹਫਤੇ ਦੂਰ ਹਾਂ ।" ਬਾਈਡਨ ਨੇ ਟਰੰਪ 'ਤੇ ਮਾਸਕ ਨਾ ਪਾਉਣ ਦਾ ਅਰੋਪ ਲਾਇਆ। ਬਾਈਡਨ ਨੇ ਚੁਟਕੀ ਲੈਂਦਿਆਂ ਕਿਹਾ, "ਤੁਸੀਂ ਆਪਣੀ ਬਾਂਹ ਤੇ ਬਲੀਚ ਦਾ ਟੀਕਾ ਲਗਾ ਲਵੋ ਤਾਂ ਜੋ ਤੁਸੀਂ ਕੋਰੋਨਾ ਤੋਂ ਠੀਕ ਹੋ ਜਾਓ" ਇਸ ਦੇ ਜਵਾਬ ਵਿੱਚ ਟਰੰਪ ਨੇ ਕਿਹਾ, "ਮੈਂ ਤਾਂ ਇਹ ਗੱਲ ਤੰਜ਼ ਵਿੱਚ ਕਹੀ ਸੀ।" ਟਰੰਪ ਨੇ ਕਿਹਾ ਕਿ ਜੇ ਬਾਈਡਨ ਉਨਾਂ ਦੀ ਜਗਾ ਹੁੰਦੇ ਤਾਂ ਅਮਰੀਕਾ ਵਿਚ ਕੋਵਿਡ -19 ਤੋਂ ਦੋ ਕਰੋੜ ਲੋਕਾਂ ਦੀ ਮੌਤ ਹੋ ਗਈ ਹੁੰਦੀ। ਬਾਈਡਨ ਨੇ ਕਿਹਾ ਕਿ ਸਾਰਿਆਂ ਨੂੰ ਪਤਾ ਹੈ ਕਿ ਟਰੰਪ ਝੂਠੇ ਹਨ। ਅਮਰੀਕੀ ਅਰਥ ਵਿਵਸਥਾ ਦੇ ਜਵਾਬ ਵਿਚ ਟਰੰਪ ਨੇ ਕਿਹਾ, "ਲੌਕਡਾਉਨ ਤੋਂ ਬਾਅਦ ਅਮਰੀਕੀ ਅਰਥ ਵਿਵਸਥਾ ਉਮੀਦ ਤੋਂ ਵੱਧ ਜ਼ਿਆਦਾ ਤੇਜ਼ੀ ਨਾਲ ਉਪਰ ਆ ਰਹੀ ਹੈ। ਮੈਂ ਅਮਰੀਕੀ ਇਤਿਹਾਸ ਵਿਚ ਸਭ ਤੋਂ ਵਧੀਆ ਅਰਥ ਵਿਵਸਥਾ ਖੜੀ ਕੀਤੀ ਹੈ।"

ਬਾਕੀ ਸਫ਼ਾ 28 'ਤੇ

# ਕੀ-ਕੀ ਖਾਸ ਰਿਹਾ ਕਿਸਾਨੀ ਧਰਨਿਆਂ ਵਿਚ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਦੇ ਕਿਸਾਨ ਵਿਰੋਧੀ ਬਿੱਲਾਂ ਖਿਲਾਫ ਪੰਜਾਬ ਨੂੰ ਮੁਕੰਮਲ ਤੌਰ 'ਤੇ ਬੰਦ ਕੀਤਾ ਗਿਆ ਅਤੇ ਲੱਖਾਂ ਦੀ ਗਿਣਤੀ 'ਚ ਪੰਜਾਬ ਦੇ ਲੋਕ ਸੂਬੇ ਦੀਆਂ ਵੱਖ-ਵੱਖ ਸੜਕਾਂ, ਰੇਲ ਪਟੜੀਆਂ 'ਤੇ ਧਰਨਿਆਂ ਵਿਚ ਸ਼ਾਮਲ ਹੋਏ। ਇਹ ਧਰਨੇ ਪੰਜਾਬ ਦੇ ਸੰਘਰਸ਼ਮਈ ਇਤਿਹਾਸ ਦਾ ਇਕ ਅਹਿਮ ਹਿੱਸਾ ਬਣ ਗਏ ਹਨ। ਭਾਵੇਂ ਕਿ ਬਾਦਲ ਦਲ, ਕਾਂਗਰਸ ਅਤੇ ਆਮ ਆਦਮੀ ਪਾਰਟੀ ਵੱਲੋਂ ਇਹਨਾਂ ਧਰਨਿਆਂ ਵਿਚੋਂ ਆਪਣੀ ਵੋਟ ਸਿਆਸਤ ਲਈ ਕੁੱਝ ਖੱਟਣ ਦੇ ਯਤਨ ਕੀਤੇ ਗਏ ਪਰ ਆਮ ਕਿਸਾਨਾਂ ਵਿਚ ਇਹਨਾਂ ਪਾਰਟੀਆਂ ਦੇ ਝੰਡਿਆਂ ਨੂੰ ਛੱਡ ਕੇ ਪੰਜਾਬ ਦੇ ਝੰਡੇ ਹੇਠ ਇਕੱਠੇ ਹੋਣ ਦਾ ਰੁਝਾਨ ਦੇਖਿਆ ਗਿਆ।

ਧਰਨਿਆਂ ਵਿਚ ਸਭ ਤੋਂ ਅਹਿਮ ਗੱਲ ਇਹ ਰਹੀ ਕਿ ਪੰਜਾਬ ਦੇ ਨੌਜਵਾਨਾਂ ਨੇ ਸਭ ਤੋਂ ਵੱਡੀ ਸ਼ਮੂਲੀਅਤ ਕੀਤੀ। ਕਈ ਥਾਵਾਂ 'ਤੇ ਪੰਜਾਬ ਦੇ ਕਲਾਕਾਰਾਂ, ਅਦਾਕਾਰਾਂ ਨੇ ਧਰਨਿਆਂ ਦੀ ਅਗਵਾਈ ਕੀਤੀ। ਇਹ ਪਹਿਲੀ ਵਾਰ ਹੋ ਰਿਹਾ ਹੈ ਜਦੋਂ ਪੰਜਾਬ ਦੇ ਕਲਾਕਾਰ, ਅਦਾਕਾਰ ਇਸ ਪੱਧਰ 'ਤੇ ਕਿਸੇ ਪੰਜਾਬ ਦੇ ਸੰਘਰਸ਼ ਦਾ ਹਿੱਸਾ ਬਣ ਗਏ ਹੋਣ। ਇਹਨਾਂ ਧਰਨਿਆਂ ਵਿਚ ਮਰਦਾਂ ਦੇ ਨਾਲ-ਨਾਲ ਬੀਬੀਆਂ ਦੀ ਹਿੱਸੇਦਾਰੀ ਵੀ ਵੱਡੀ ਗਿਣਤੀ ਵਿਚ ਰਹੀ ਅਤੇ ਨੌਜਵਾਨ ਕੁੜੀਆਂ ਵੀ ਆਪਣੇ ਭਰਾਵਾਂ-ਬਾਪੂਆਂ ਨਾਲ ਪੰਜਾਬ ਬਚਾਉਣ ਦੇ ਇਸ ਸੰਘਰਸ਼ ਵਿਚ ਸ਼ਾਮਲ ਹੋ ਗਈਆਂ ਹਨ।




ਹਰਿਆਣੇ ਨਾਲ ਲਗਦੇ ਸ਼ੰਭੂ ਬਾਰਡਰ ਤੋਂ ਲੈ ਕੇ ਹਿਮਾਚਲ ਵਿਚਲੇ ਊਨੇ ਤਕ ਅਤੇ ਪਾਕਿਸਤਾਨ ਦੀ ਹੱਦ 'ਤੇ ਪੈਂਦੇ ਅੰਮ੍ਰਿਤਸਰ ਤਕ, ਸਭ ਪਾਸੇ ਦੇ ਕੌਮੀ ਮਾਰਗ ਕਿਸਾਨਾਂ ਨੇ ਜਾਮ ਕਰਕੇ ਰੱਖੇ। ਰੇਲ ਗੱਡੀਆਂ ਬੰਦ ਕਰਨ ਦਾ ਸਮਾਂ ਹੁਣ 29 ਸਤੰਬਰ ਤਕ ਕਰ ਦਿੱਤਾ ਗਿਆ ਹੈ। ਜੇ ਭਾਰਤ ਸਰਕਾਰ ਇਸ ਬਿੱਲ ਨੂੰ ਵਾਪਸ ਨਹੀਂ ਲੈਂਦੀ ਤਾਂ 1 ਅਕਤੂਬਰ ਤੋਂ ਅਣਮਿੱਥੇ ਸਮੇਂ ਲਈ ਰੇਲ ਆਵਾਜਾਈ ਠੱਪ ਕਰ ਦਿੱਤੀ ਜਾਵੇਗੀ।

ਕਿਸਾਨਾਂ ਦੇ ਇਸ ਸੰਘਰਸ਼ ਵਿਚ ਪੰਜਾਬ ਦੇ ਵੱਖ-ਵੱਖ ਮਹਿਕਮਿਆਂ ਦੀਆਂ ਮੁਲਾਜ਼ਮ ਜਥੇਬੰਦੀਆਂ ਨੇ ਵੀ ਸ਼ਮੂਲੀਅਤ ਕੀਤੀ ਅਤੇ ਕਿਸਾਨਾਂ ਦੇ ਸੰਘਰਸ਼ ਨੂੰ ਸਮਰਥਨ ਦਿੱਤਾ। ਵਿਦਿਆਰਥੀਆਂ ਨੇ ਵੀ ਇਹਨਾਂ ਧਰਨਿਆਂ ਵਿਚ ਵੱਧ-ਚੜ ਕੇ ਸ਼ਮੂਲੀਅਤ ਕੀਤੀ ਅਤੇ ਕਈ ਥਾਵਾਂ 'ਤੇ ਧਰਨਿਆਂ ਦੀ ਅਗਵਾਈ ਕਰਦੇ ਵੀ ਨਜ਼ਰ ਆਏ। ਸਰਕਾਰੀ ਸੂਤਰਾਂ ਦੀਆਂ ਰਿਪੋਰਟਾਂ ਮੁਤਾਬਕ ਪੰਜਾਬ ਵਿਚ ਤਕਰੀਬਨ 150 ਤੋਂ ਵੱਧ ਥਾਵਾਂ 'ਤੇ ਸੜਕੀ ਅਤੇ ਰੇਲ ਆਵਾਜਾਈ ਠੱਪ ਕੀਤੀ ਗਈ। ਇਹਨਾਂ ਧਰਨਿਆਂ ਵਿਚ ਬੁਲਾਰਿਆਂ ਨੇ ਇਕੱਠੇ ਹੋਏ ਲੋਕਾਂ ਨੂੰ ਭਾਰਤ ਦੇ ਇਹਨਾਂ ਕਿਸਾਨ ਵਿਰੋਧੀ ਕਾਨੂੰਨਾਂ ਦਾ ਸੱਚ ਦੱਸਿਆ। ਭਾਸ਼ਣਾਂ ਦਾ ਕੇਂਦਰ ਇਹੀ ਰਿਹਾ ਕਿ ਭਾਰਤ ਸਰਕਾਰ ਦੇ ਇਹ ਕਾਨੂੰਨ ਕਿਸ ਤਰਾਂ ਕਿਸਾਨ ਵਿਰੋਧੀ ਅਤੇ ਪੰਜਾਬ ਵਿਰੋਧੀ ਹਨ।

ਧਰਨਿਆਂ ਵਿਚ ਭਾਜਪਾ ਦਾ ਪੰਜਾਬ ਵਿਚੋਂ ਖੁਰਾ ਖੋਜ ਮਿਟਾਉਣ ਦੇ ਐਲਾਨ ਕੀਤੇ ਗਏ ਅਤੇ ਭਾਜਪਾ ਨਾਲ ਸਬੰਧਿਤ ਆਗੂਆਂ ਅਤੇ ਵਰਕਰਾਂ ਨੂੰ ਪਿੰਡਾਂ ਵਿਚ ਨਾ ਵੜਨ ਦੇਣ ਅਤੇ ਇਹਨਾਂ ਦਾ ਬਾਈਕਾਟ ਕਰਨ ਦੇ ਐਲਾਨ ਕੀਤੇ ਗਏ। ਇਸ ਸੰਘਰਸ਼ ਵਿਚ ਇਹ ਵੀ ਦੇਖਣ ਨੂੰ ਮਿਲ ਰਿਹਾ ਹੈ ਕਿ ਕਿਸਾਨਾਂ ਵਿਚ ਇਹ ਅਵਾਜ਼ ਉੱਠ ਰਹੀ ਹੈ ਕਿ ਪੰਜਾਬ ਦੇ ਪੱਛਮ ਵਾਲੇ ਕੁਦਰਤੀ ਵਪਾਰ ਲਾਂਘੇ ਨੂੰ ਪਾਕਿਸਤਾਨ ਦੀਆਂ ਹੱਦਾਂ ਖੋਲ ਕੇ ਸ਼ੁਰੂ ਕੀਤਾ ਜਾਵੇ ਤਾਂ ਕਿ ਪੰਜਾਬ ਨੂੰ ਆਪਣੀਆਂ ਜਿਣਸਾਂ ਵੇਚਣ ਲਈ ਪੱਛਮ ਵਿਚ ਬਣ ਰਹੇ ਨਵੇਂ ਸਿਲਕ ਰੂਟ ਰਾਹੀਂ ਜੁੜ ਕੇ ਦੁਨੀਆ ਦੇ ਕਈ ਮੁਲਕਾਂ ਤਕ ਰਾਹਦਾਰੀ ਮਿਲ ਸਕੇ।

ਬਾਕੀ ਸਫ਼ਾ 27 'ਤੇ

## ਕਿਸਾਨ ਵਿਰੋਧੀ ਕਾਨੂੰਨਾਂ ਖਿਲਾਫ ਕੈਲੀਫੋਰਨੀਆ ਵਿਚ ਭਾਰਤੀ ਅੰਬੈਸੀ ਘੇਰਨਗੇ ਸਿੱਖ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਸਰਕਾਰ ਵੱਲੋਂ ਕਿਸਾਨ ਵਿਰੋਧੀ ਬਣਾਏ ਗਏ ਕਾਨੂੰਨਾਂ ਖਿਲਾਫ ਪੰਜਾਬ ਦੇ ਨਾਲ-ਨਾਲ ਵਿਦੇਸ਼ਾਂ ਵਿਚ ਬੈਠੇ ਪੰਜਾਬੀ ਵੀ ਕਿਸਾਨੀ ਨੂੰ ਬਚਾਉਣ ਦੇ ਸੰਘਰਸ਼ ਵਿਚ ਸ਼ਾਮਲ ਹੋਣ ਲੱਗੇ ਹਨ। ਅਮਰੀਕਾ ਦੇ ਸੂਬੇ ਕੈਲੀਫੋਰਨੀਆ ਦੇ ਸਿੱਖਾਂ ਵੱਲੋਂ ਕਿਸਾਨਾਂ ਦੇ ਹੱਕ ਵਿਚ 3 ਅਕਤੂਬਰ ਨੂੰ 11 ਵਜੇ ਸੈਨਫਰਾਂਸਿਸਕੋ ਸਥਿਤ ਭਾਰਤੀ ਅੰਬੈਸੀ ਦੇ ਬਾਹਰ ਰੋਸ ਮੁਜ਼ਾਹਰਾ ਕੀਤਾ ਜਾ ਰਿਹਾ ਹੈ। ਇਸ ਰੋਸ ਮੁਜ਼ਾਹਰੇ ਵਿਚ ਸਮੂਹ ਸੰਗਤਾਂ ਨੂੰ ਸ਼ਾਮਲ ਹੋਣ ਦੀ ਅਪੀਲ



ਕਰਦਿਆਂ ਗੁਰਦੁਆਰਾ ਸਾਹਿਬ ਫਰੀਮਾਂਟ, ਗੁਰਦੁਆਰਾ ਸਾਹਿਬ ਸਕਾਟਕਟਨ, ਗੁਰਦੁਆਰਾ ਸਾਹਿਬ ਐਲ ਸਬਰਾਂਟੇ, ਗੁਰਦੁਆਰਾ ਸਾਹਿਬ ਮਿਲਪੀਟਸ, ਗੁਰਦੁਆਰਾ ਸਾਹਿਬ ਬਰਾਡਸਾਹ, ਦਸਮੇਸ ਦਰਬਾਰ ਟਰੇਸੀ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਪੰਚਾਇਤ, ਸਿੱਖ ਫੈਡਰੇਸ਼ਨ ਯੂਐਸਏ, ਸਿੱਖ ਯੂਥ ਆਫ ਅਮਰੀਕਾ, ਖਾਲਿਸਤਾਨ ਯੂਥ ਫੈਡਰੇਸ਼ਨ, ਸਿੱਖਸ ਫਾਰ ਹਿਊਮੈਨਟੀ, ਕੈਲੀਫੋਰਨੀਆ ਗਤਕਾ ਦਲ ਵੱਲੋਂ ਸਾਂਝਾ ਪੋਸਟਰ ਜਾਰੀ ਕੀਤਾ ਗਿਆ।

## ਅਜ਼ਰਬੇਜ਼ਾਨ ਅਤੇ ਅਰਮੀਨੀਆ ਦਰਮਿਆਨ ਜੰਗ ਸ਼ੁਰੂ ਹੋਈ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਅਰਮੀਨੀਆ ਅਤੇ ਅਜ਼ਰਬੇਜ਼ਾਨ ਦੇਸ਼ਾਂ ਦਰਮਿਆਨ ਵਿਵਾਦਤ ਇਲਾਕੇ ਵਿਚ ਜੰਗ ਸ਼ੁਰੂ ਹੋ ਗਈ ਹੈ। ਇਹ ਦੋਵੇਂ ਮੁਲਕ ਕਿਸੇ ਸਮੇਂ ਸੋਵੀਅਤ ਯੂਨੀਅਨ ਦਾ ਹਿੱਸਾ ਸਨ। ਇਹਨਾਂ ਦੋਵਾਂ ਮੁਲਕਾਂ ਦਰਮਿਆਨ ਨਾਗੋਰਨੋ-ਕਾਰਾਬਾਖ ਇਲਾਕੇ ਨੂੰ ਲੈ ਕੇ ਲੰਮੇ ਸਮੇਂ ਤੋਂ ਵਿਵਾਦ ਚੱਲ ਰਿਹਾ ਹੈ। ਇਹ ਇਲਾਕਾ ਕਾਗਜ਼ੀ ਤੌਰ 'ਤੇ ਅਜ਼ਰਬੇਜ਼ਾਨ ਦੇ ਕਬਜ਼ੇ ਵਿਚ ਹੈ ਪਰ ਇਸ 'ਤੇ ਜ਼ਮੀਨੀ ਕਬਜ਼ਾ ਅਰਮੀਨੀਅਨਾਂ ਦਾ ਹੈ।

1990 ਵਿਚ ਇਹ ਵਿਵਾਦ ਦੀ ਸ਼ੁਰੂਆਤ ਹੋਈ ਸੀ, ਤੇ ਉਸ ਸਮੇਂ ਹੋਈ ਲੜਾਈ ਵਿਚ ਹਜ਼ਾਰਾਂ ਲੋਕ ਮਾਰੇ ਗਏ ਸਨ। ਪ੍ਰਾਪਤ ਰਿਪੋਰਟਾਂ ਮੁਤਾਬਕ ਹੁਣ ਐਤਵਾਰ ਨੂੰ ਸ਼ੁਰੂ ਹੋਈ ਜੰਗ ਵਿਚ 70 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਅਜ਼ਰਬੇਜ਼ਾਨ ਦੇ ਰਾਸ਼ਟਰਪਤੀ ਇਲਹਾਮ ਅਲੀਏਵ ਨੇ ਐਤਵਾਰ ਨੂੰ ਕਿਹਾ ਕਿ ਉਹਨਾਂ ਨੂੰ ਯਕੀਨ ਹੈ ਕਿ ਉਹਨਾਂ ਦਾ ਦੇਸ਼ ਇਸ ਇਲਾਕੇ 'ਤੇ ਕਬਜ਼ਾ ਕਰ ਲਏਗਾ। ਅਰਮੀਨੀਆ ਦੇ ਪ੍ਰਧਾਨ ਮੰਤਰੀ ਨਿਕੋਲ ਪਾਸ਼ੀਨਯਾਨ ਨੇ ਆਪਣੀ ਫੌਜ ਨੂੰ ਜੰਗ ਲਈ ਨਿਕਲਣ ਦਾ ਸੁਨੇਹਾ ਦਿੱਤਾ। ਅਜ਼ਰਬੇਜ਼ਾਨ, ਅਰਮੀਨੀਆ ਅਤੇ ਨਾਗੋਰਨੋ-ਕਾਰਾਬਾਖ ਵਿਚ ਫੌਜੀ ਕਾਨੂੰਨ ਲਾਗੂ ਕਰ ਦਿਤਾ ਗਿਆ ਹੈ। ਇਸ ਇਲਾਕੇ ਵਿਚ ਲੱਗੀ ਕੋਈ ਵੱਡੀ ਜੰਗ ਦੁਨੀਆ ਦੀ ਤੇਲ ਸਪਲਾਈ ਨੂੰ ਵੱਡੇ ਤੌਰ 'ਤੇ ਪ੍ਰਭਾਵਤ ਕਰ ਸਕਦੀ ਹੈ ਕਿਉਂਕਿ ਦੁਨੀਆ ਦੀ ਮੰਡੀ ਵਿਚ ਪਹੁੰਚਣ ਵਾਲੇ ਤੇਲ ਦਾ ਵੱਡਾ ਹਿੱਸਾ ਕੈਸਪੀਅਨ ਸਾਗਰ ਤੋਂ ਪਾਇਪਾਂ ਰਾਹੀਂ ਇਹਨਾਂ ਦੇਸ਼ਾਂ ਵਿਚੋਂ ਹੀ ਲੰਘਦਾ ਹੈ।

ਤੁਰਕੀ ਦੇ ਰਾਸ਼ਟਰਪਤੀ ਰਿਸਿਪ ਤਾਈਪ ਏਰਡੋਗਨ ਨੇ ਇਸ ਜੰਗ ਵਿਚ ਅਜ਼ਰਬੇਜ਼ਾਨ ਦੀ ਹਰ ਮਦਦ ਕਰਨ ਦਾ ਐਲਾਨ ਕੀਤਾ ਹੈ। ਉਹਨਾਂ ਕਿਹਾ ਕਿ ਦੁਨੀਆ ਨੂੰ ਇਸ ਸਮੇਂ ਅਜ਼ਰਬੇਜ਼ਾਨ ਦੀ ਮਦਦ ਕਰਨੀ ਚਾਹੀਦੀ ਹੈ। ਦੱਸ ਦਈਏ ਕਿ ਅਜ਼ਰਬੇਜ਼ਾਨ ਦੀ ਅਬਾਦੀ ਮੂਲ ਤੌਰ 'ਤੇ ਤੁਰਕੀ ਲੋਕਾਂ ਦੀ ਹੈ ਅਤੇ ਤੁਰਕੀ ਨਾਲ ਅਜ਼ਰਬੇਜ਼ਾਨ ਦੀ ਬਹੁਤ ਨੇੜਲੇ ਸਬੰਧ ਹਨ। ਦੂਜੇ ਪਾਸੇ ਅਰਮੀਨੀਆ ਦੀ ਪਿੱਠ 'ਤੇ ਰੂਸ ਦਾ ਹੱਥ ਮੰਨਿਆ ਜਾ ਰਿਹਾ ਹੈ ਜੋ ਅਰਮੀਨੀਆ ਦਾ ਹਰ ਪੱਖੋਂ ਭਾਈਵਾਲ ਹੈ। ਰੂਸ ਨੇ ਤੁਰੰਤ ਜੰਗ ਬੰਦੀ ਦੀ ਮੰਗ ਕੀਤੀ ਹੈ ਅਤੇ ਗੱਲਬਾਤ ਦਾ ਸੱਦਾ ਦਿੱਤਾ ਹੈ।ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਐਂਟੋਨੀਓ ਗੁਤਰਸ ਨੇ ਜੰਗ 'ਤੇ ਫਿਕਰਮੰਦੀ ਪ੍ਰਗਟ ਕਰਦਿਆਂ ਦੋਵਾਂ ਧਿਰਾਂ ਨੂੰ ਜੰਗ ਬੰਦੀ ਦੀ ਅਪੀਲ ਕੀਤੀ ਹੈ।

ਬਾਕੀ ਸਫ਼ਾ 27 'ਤੇ

ਮਰਦਮਸ਼ੁਮਾਰੀ CALIFORNIA ALL 2020

# ਅੱਜ ਹੀ ਮਰਦਮਸ਼ੁਮਾਰੀ ਨੂੰ ਪੂਰਾ ਕਰੋ

CENSUS 2020 BE COUNTED, CALIFORNIA

ਮਰਦਮਸ਼ੁਮਾਰੀ ਨੌਂ ਸਵਾਲਾਂ ਵਾਲਾ ਇੱਕ ਸਾਧਾਰਨ ਸਰਵੇਖਣ ਹੁੰਦਾ ਹੈ ਜੋ ਕਿ ਹਰ ਦਸ ਸਾਲਾਂ ਬਾਅਦ ਕੀਤਾ ਜਾਂਦਾ ਹੈ ਅਤੇ ਮਹੱਤਵਪੂਰਨ ਭਾਈਚਾਰਾ ਸੇਵਾਵਾਂ ਲਈ ਫੈਡਰਲ ਫੰਡ ਵਿੱਤ ਨਿਰਧਾਰਤ ਕਰਦਾ ਹੈ।

**ਮਰਦਮਸ਼ੁਮਾਰੀ ਇਹ ਇਹ ਨਿਸ਼ਚਿਤ ਕਰਨ ਵਿਚ ਮਦਦ ਕਰੇਗੀ ਕਿ ਸਾਡੇ ਪਰਿਵਾਰਾਂ ਤੱਕ ਕਿੰਨੇ ਅਰਬਾਂ ਡਾਲਰ ਪਹੁੰਚਾਏ ਜਾਣਗੇ।**

ਮੈਡੀਕਲ ਕੇਅਰ

ਬੱਚਿਆਂ ਦਾ ਭੋਜਨ ਸਹਾਇਤਾ

ਸਕੂਲ ਅਤੇ ਹਾਊਸਿੰਗ

ਕਈ ਕੰਪਨੀਆਂ ਇਹ ਫ਼ੈਸਲਾ ਲੈਣ ਲਈ ਮਰਦਮਸ਼ੁਮਾਰੀ ਦੀ ਜਾਂਚ ਕਰਦੀਆਂ ਹਨ ਕਿ ਕਿਸ ਜਗ੍ਹਾ ਅਜਿਹੇ ਨਵੇਂ ਕਾਰੋਬਾਰ ਖੋਲ੍ਹੇ ਜਾਣ ਜੋ ਸਥਾਨਕ ਭਾਈਚਾਰਿਆਂ ਵਿੱਚ ਰੁਜ਼ਗਾਰ ਪੈਦਾ ਕਰਨ ਵਿੱਚ ਮਦਦ ਕਰਦੇ ਹਨ।

## ਕੈਲੀਫੋਰਨੀਆ ਕੋਲ ਜਵਾਬ ਦੇਣ ਦੇ ਤਿੰਨ ਵਿਕਲਪ ਹੋਣਗੇ

ਆਨਲਾਈਨ
**my2020census.gov**

ਫ਼ੋਨ ਦੁਆਰਾ
**844-330-2020**

ਡਾਕ ਰਾਹੀਂ
ਅੱਜ ਹੀ ਮਰਦਮਸਮੁਾਰੀ ਨੂੰ ਪੂਰਾ!

ਹਰ ਕਿਸੇ ਲਈ ਮਰਦਮਸ਼ੁਮਾਰੀ ਦਾ ਜਵਾਬ ਦੇਣਾ ਲਾਜ਼ਮੀ ਹੈ। ਸਾਰੇ ਕੈਲੀਫੋਰਨੀਆ ਵਾਸੀਆਂ ਦੇ ਕੁੱਝ ਮੁੱਢਲੇ ਅਧਿਕਾਰ ਹੁੰਦੇ ਹਨ ਅਤੇ ਹਰ ਭਾਈਚਾਰੇ ਦਾ ਅਧਿਕਾਰ ਹੈ ਕਿ ਮਹੁੱਤਵਪੂਰਨ ਭਾਈਚਾਰਾ ਸੇਵਾਵਾਂ ਮਿਲਣ।

**ਹਰੇਕ ਵਿਅਕਤੀ ਲਈ ਆਪਣੇ ਮਰਦਮਸ਼ੁਮਾਰੀ ਫਾਰਮ ਨੂੰ ਪੂਰਾ ਕਰਨਾ ਮਹੱਤਲਪੂਰਨ ਹੈ ਅਤੇ ਸਤੰਬਰ 30 ਤੋਂ ਪਹਿਲਾਂ ਪੂਰਾ ਕਰੋ।**

---

ਕਾਨੂੰਨ ਅਨੁਸਾਰ ਤੁਹਾਡੇ ਸਾਰੇ ਜਵਾਬ ਗੁਪਤ ਰੱਖੇ ਜਾਂਦੇ ਹਨ।

---

CaliforniaCensus.org @CACensus

# ਗੁਰਮੀਤ-ਬਾਸਾ ਗਰੁੱਪ ਨੇ ਗੁਰਦੂਆਰਾ ਸਾਹਿਬ ਤੋਂ ਮੰਗੇ $17000

**ਫਰੀਮਾਂਟ/ਏ.ਟੀ.ਨਿਊਜ਼:** ਗੁਰਮੀਤ ਸਿੰਘ ਅਤੇ ਬਾਸਾ ਗਰੁੱਪ ਵੱਲੋਂ ਗੁਰਦੂਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ ਦੇ ਨਤੀਜੇ ਰੁਕਵਾਉਣ ਲਈ ਹਰ ਰੋਜ਼ ਨਵੀਂਆਂ ਅਪੀਲਾਂ ਪਾ ਕੇ ਕੇਸ ਵਿੱਚ ਦੇਰੀ ਕੀਤੀ ਜਾ ਰਹੀ ਹੈ ਜਿਸ ਕਾਰਣ ਸੰਗਤ ਵਿੱਚ ਪਰੇਸ਼ਾਨੀ ਹੈ।
ਸਾਧ ਸੰਗਤ ਵਿੱਚ ਇਹ ਗੱਲ ਆਮ ਪ੍ਰਚਲਿਤ ਹੈ ਕਿ ਜੇ ਸਿੱਖ ਪੰਚਾਇਤ 1200 ਵੋਟਾਂ ਦੇ ਵੱਡੇ ਫਰਕ ਨਾਲ ਜਿੱਤ ਗਈ ਹੈ ਤਾਂ ਇਹਨਾਂ ਨੂੰ ਸੰਗਤ ਦਾ ਫ਼ਤਵਾ ਮੰਨਣਾ ਚਾਹੀਦਾ ਸੀ। ਪਰ ਇਹਨਾਂ ਵੱਲੋਂ ਅਜਿਹੇ ਹਾਸੋਹੀਣੇ ਦੋਸ਼ ਜੱਜ ਸਾਹਮਣੇ ਦੱਸੇ ਜਾ ਰਹੇ ਹਨ ਜਿਸ ਕਾਰਣ ਸੰਗਤ ਵਿੱਚ ਬੇਚੈਨੀ ਹੈ। ਇਹਨਾਂ ਵੱਲੋਂ ਲਏ ਜਾ ਰਹੇ ਫ਼ੈਸਲਿਆਂ ਤੋਂ ਸਾਬਿਤ ਹੁੰਦਾ ਹੈ ਕਿ ਇਹ ਸੰਗਤ ਦੀਆਂ ਭਾਵਨਾਵਾਂ ਦੀ ਬਿੱਲਕੁਲ ਕਦਰ ਨਹੀਂ ਕਰਦੇ।
ਹੈਰਾਨੀ ਦੀ ਗੱਲ ਹੈ ਕਿ ਇਹਨਾਂ ਦੇ ਤਿੰਨ ਸੁਪਰੀਮ ਕੌਂਸਲ ਮੈਂਬਰ ਬੀਬੀ ਅਰਵਿੰਦਰ ਕੌਰ, ਹਰਮਿੰਦਰਪਾਲ ਸਿੰਘ ਤੇ ਕੁਲਜੀਤ ਨੇ ਇੱਕ ਮਤਾ ਪਾਇਆ ਕਿ ਡੀ ਐਮ ਵੀ ਦੇ ਰਿਕਾਰਡ ਲੈਣ ਲਈ ਗੁਰਦੂਆਰਾ ਸਾਹਿਬ ਇਹਨਾਂ ਨੂੰ £17,000 ਅਦਾ ਕਰੇ। ਇਹ ਕਦੇ ਹੋਇਆ ਹੈ ਕਿ ਤੁਹਾਡਾ ਕੇਸ ਪੇਸ਼ ਕਰਨ ਲਈ ਜੇ ਤੁਹਾਨੂੰ ਕੋਈ ਸਬੂਤ ਚਾਹੀਦੇ ਹਨ ਤਾਂ ਉਹਦਾ ਚੂਨਾ ਗੁਰਦੂਆਰਾ ਸਾਹਿਬ ਨੂੰ ਲਾਇਆ ਜਾਵੇ ?
ਸਾਧ ਸੰਗਤ ਨੂੰ ਯਾਦ ਹੋਵੇਗਾ ਕਿ ਇਹ ਧੜਾ ਕੁੱਝ ਮਹੀਨੇ ਪਹਿਲਾਂ ਵੀ ਆਪਣੇ ਵਕੀਲ ਦੀ ਫ਼ੀਸ ਵਸੂਲਣ ਲਈ ਗੁਰਦੂਆਰਾ ਸਾਹਿਬ ਦੀ ਇੰਸ਼ੋਰੈਂਸ ਤੇ ਕਲੇਮ ਕਰ ਚੁੱਕੇ ਹਨ। ਸਾਡੀ ਸੰਗਤ ਨੂੰ ਅਪੀਲ ਹੈ ਕਿ ਠਰਮੇ ਨਾਲ ਜੱਜ ਦੇ ਫ਼ੈਸਲੇ ਦੀ ਉਡੀਕ ਕੀਤੀ ਜਾਵੇ ਉਸਨੇ ਸੱਭ ਸੱਚ ਸਾਹਮਣੇ ਲਿਆ ਦੇਣਾ ਹੈ।
ਗੁਰਦੂਆਰਾ ਸਾਹਿਬ ਤੋਂ £17,000 ਮੰਗੇ ਪੈਸਿਆਂ ਦਾ ਸਬੂਤ ਹੇਠਾਂ ਦਿੱਤਾ ਗਿਆ ਹੈ।



Done DMV Fee Demand Resolution KA...

RESOLUTION

The current members of the Supreme Council, as the Board of directors of the Temple, desire to obtain address records from the DMV for the benefit of the Temple so as: (1) to have a government-verified current address of those who voted in the 2020 election for use in formulating, along with other data, an unbiased, uncorrupted list for future elections in the hopes of preventing future disputes over the "membership list"—but again, nothing in this resolution shall be construed to suggest that voters who voted in 2020 should automatically be on a voter list because other factors must be considered such as regular attendance (but it is agreed that the DMV records would be a very helpful data point, among other information, for use in creating a potential future list of members eligible to vote); (2) to check the veracity of the 2020 vote to see if the results are reliable or should be voided based upon improper votes from nonqualifying counties, as determined by the Court; (3) to assist in beginning a database of information about voters that can held and maintained in the control of an independent third party without risk of corruption by one side having exclusive control of the voter records; and (4) to carry out the joint charge issued by KAH and JH, in the attached resolution from December 2019, to create a membership list.

KAH has subpoenaed voter address records from the DMV for CDL/CID in CASE# HG19024582, and the undersigned hereby approve the fees to be charged by the DMV for these records out of Temple funds, but only up to a maximum of $17,000.

Signing page follows...

Page 1 of 3

APPROVED:

Signed: Harminder Singh _______ Date: 9/18/20

Signed: Kuljit Singh Kuljit Singh Date: 9/18/20

Signed: Arvinder Kaur _______ Date: 9/18/2020

Signed: Harinderpal Singh _______ Date: _______

Signed: Jaswinder Singh _______ Date: _______

# ਪੰਜਾਬ ਦੇ ਕਿਸਾਨਾਂ ਦੀ ਅਵਾਜ਼ ਯੂਨਾਈਟੇਡ ਨੇਸ਼ਨ ਤਕ ਪਹੁੰਚੀ; ਮੋਦੀ ਦੇ ਭਾਸ਼ਣ ਮੌਕੇ ਕੀਤਾ ਪ੍ਰਦਰਸ਼ਨ

**ਨਿਊਯਾਰਕ (ਹੁਸਨ ਲੜੋਆ ਬੰਗਾ):** ਭਾਰਤ ਵਿੱਚ ਪਾਸ ਹੋਏ ਤਿੰਨ ਖੇਤੀ ਆਰਡੀਨੈਂਸਾਂ ਦੇ ਖਿਲਾਫ ਪੰਜਾਬ ਵਿੱਚ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਦੇ ਪੱਖ ਵਿੱਚ ਯੂਨਾਇਟਡ ਨੇਸ਼ਨ ਮੋਹਰੇ ਵੀ ਅਵਾਜ ਬੁਲੰਦ ਕੀਤੀ ਗਈ ਹੈ।
ਇਹ ਮੁਜਾਹਰਾ ਉਦੋਂ ਹੋਇਆ ਜਦੋਂ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ 26 ਸਤੰਬਰ ਨੂੰ ਯੂਨਾਇਟਡ ਨੇਸ਼ਨ ਵਿੱਚ ਵੀਡੀਉ ਕਾਲ ਦੁਆਰਾ ਆਪਣੇ ਵਿਚਾਰ ਕੁੱਲ ਦੁਨੀਆ ਮੋਹਰੇ ਰੱਖ ਰਹੇ ਸੀ ਉਸ ਮੌਕੇ ਸਿੱਖ ਸੰਘਰਸ਼ਸ਼ੀਲ ਜਥੇਬੰਦੀਆਂ ਅਤੇ ਕਸ਼ਮੀਰੀ ਸੰਘਰਸ਼ਸ਼ੀਲ ਜਥੇਬੰਦੀਆਂ ਸਾਂਝੇ ਤੌਰ 'ਤੇ ਵੱਡੇ ਇਕੱਠ ਵਿੱਚ ਯੂਨਾਇਟਡ ਨੇਸ਼ਨ ਮੋਹਰੇ ਮੋਦੀ ਦੇ ਬਣਾਏ ਕਨੂੰਨਾਂ ਨੂੰ ਕੁੱਲ ਦੁਨੀਆ ਮੋਹਰੇ ਉਜਾਗਰ ਕਰ ਰਹੀਆਂ ਸਨ ।




ਸਵੇਰੇ ਨਿਉਯਾਰਕ ਦੇ 10 ਵਜੇ ਤੋਂ 2 ਵਜੇ ਤੱਕ ਚੱਲੇ ਇਸ ਪ੍ਰੋਟੇਸਟ ਨੂੰ ਵੱਖੋ-ਵੱਖ ਬੁਲਾਰਿਆਂ ਨੇ ਸੰਬੋਧਨ ਕੀਤਾ ਅਤੇ ਮੋਦੀ ਸਰਕਾਰ ਵੱਲੋਂ ਲਾਗੂ ਕੀਤੇ ਕਾਲੇ ਕਨੂੰਨ ਕਿਸਾਨ ਆਰਡੀਨੈਂਸਾਂ ਬਾਰੇ ਸਭ ਨੂੰ ਜਾਣੂ ਕਰਵਾਇਆ ਗਿਆ।
ਅੱਜ ਇਹ ਪੰਜਾਬ ਤੋਂ ਉੱਠੀ ਅਵਾਜ਼ ਹੁਣ ਅੰਤਰਰਾਸ਼ਟਰੀ ਅਵਾਜ਼ ਬਣ ਚੁੱਕੀ ਹੈ ਸਮੂਹ ਗੁਰਦੁਆਰਾ ਸਾਹਿਬ, ਸਿੱਖ ਜਥੇਬੰਦੀਆ, ਸਿੱਖ ਕਲਚਰਲ ਸੁਸਾਇਟੀ ਨਿਉਯਾਰਕ ਅਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵੱਲੋਂ ਇੱਕ ਮੈਮੋਰੈਂਡਮ ਵੀ ਯੂਨਾਈਟੇਡ ਨੇਸ਼ਨ ਵਿੱਚ ਦਾਖਲ ਕਰਵਾਇਆ ਗਿਆ ਹੈ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਪੰਜਾਬ ਦੇ ਹੱਕਾਂ ਦੀ ਅਵਾਜ਼ ਨੂੰ ਬੁਲੰਦ ਕਰਨ ਅਤੇ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਦਾ ਸਾਥ ਦੇਣ ਦੀ ਗੱਲ ਆਖੀ।






# 500 ਦੇ ਕਰੀਬ ਸਾਬਕਾ ਚੋਟੀ ਦੇ ਫੌਜੀ ਤੇ ਕੌਮੀ ਸੁਰੱਖਿਆ ਅਧਿਕਾਰੀ ਬਾਈਡੇਨ ਦੇ ਹੱਕ ਵਿਚ ਨਿਤਰੇ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ):** ਡੈਮੋਕ੍ਰੈਟਿਕ ਪਾਰਟੀ ਦੇ ਉਮੀਦਵਾਰ ਜੋ ਬਾਈਡੇਨ ਦੀ ਚੋਣ ਮੁਹਿੰਮ ਨੂੰ ਉਸ ਵੇਲੇ ਵੱਡਾ ਹੁਲਾਰਾ ਮਿਲਿਆ ਜਦੋਂ 500 ਦੇ ਕਰੀਬ ਸਾਬਕਾ ਜਨਰਲਾਂ, ਅਡਮਿਰਲਾਂ ਤੇ ਕੌਮੀ ਸੁਰੱਖਿਆ ਅਧਿਕਾਰੀਆਂ ਨੇ ਉਨਾਂ ਦਾ ਸਮਰਥਨ ਕਰਨ ਦਾ ਐਲਾਨ ਕੀਤਾ। ਲੰਘੇ ਦਿਨ ਜਾਰੀ ਪੱਤਰ ਵਿਚ ਇਨਾਂ ਚੋਟੀ ਦੇ ਫੌਜੀ ਅਧਿਕਾਰੀਆਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਲੋਚਨਾ ਕਰਦਿਆਂ ਕਿਹਾ ਕਿ ਉਹ ਇਸ ਅਹੁੱਦੇ ਦੀਆਂ ਚੁਣੌਤੀਆਂ ਦੇ ਮੁਕਾਬਲੇ ਬੌਣੇ ਹਨ। ਇਸ ਪੱਤਰ ਉਪਰ ਰਿਪਬਲੀਕਨ ਤੇ ਡੈਮੋਕਰੈਟਸ ਨਾਲ ਸਬੰਧਤ 489 ਸਾਬਕਾ ਅਧਿਕਾਰੀਆਂ ਦੇ ਦਸਤਖਤ ਹਨ। ਇਨਾਂ ਵਿਚ ਉਬਾਮਾ ਪ੍ਰਸ਼ਾਸਨ ਦੇ ਕੌਮੀ ਰੱਖਿਆ ਸਕੱਤਰ ਐਸ਼ ਕਾਰਟਰ, ਚੁਕ ਹੇਗਲ ਤੇ ਲੀਓਨ ਪਾਨੇਟਾ ਤੋਂ ਇਲਾਵਾ ਸਾਬਕਾ ਨੇਵੀ ਸਕੱਤਰ ਤੇ ਨਾਸਾ ਪ੍ਰਸ਼ਾਸਕ ਸੀਨ ਓ ਕੀਫ ਜਿਨਾਂ ਸਾਬਕਾ ਰਾਸ਼ਟਰਪਤੀ ਜਾਰਜ ਐਚ.ਡਬਲਯੂ ਤੇ ਜਾਰਜ ਡਬਲਯੂ ਬੁਸ਼ ਤਹਿਤ ਕੰਮ ਕੀਤਾ ਵੀ ਸ਼ਾਮਿਲ ਹਨ।
ਸੇਵਾ ਮੁਕਤ ਸੀਨੀਅਰ ਅਫਸਰਾਂ ਵਿਚ ਜਨਰਲ ਪੌਲ ਸੈਲਵਾ ਏਅਰ ਫੋਰਸ ਸ਼ਾਮਿਲ ਹਨ ਜੋ ਪਿਛਲੇ ਸਾਲ ਤੱਕ ਟਰੰਪ ਤਹਿਤ ਜੋਆਇੰਟ ਚੀਫ ਆਫ ਸਟਾਫ ਦੇ ਉਪ ਚੇਅਰਮੈਨ ਸਨ। ਪੱਤਰ ਵਿਚ ਬਾਈਡੇਨ ਦੀ ਨੈਤਿਕਤਾ, ਈਮਾਨਦਾਰੀ ਤੇ ਤਜ਼ਰਬੇ ਦੀ ਪ੍ਰਸੰਸਾ ਕੀਤੀ ਗਈ ਹੈ ਤੇ ਟਰੰਪ ਦਾ ਨਾਂ ਲਏ ਬਗੈਰ ਉਸ ਦੀ ਸਖਤ ਅਲੋਚਨਾ ਕੀਤੀ ਗਈ ਹੈ।
ਪੱਤਰ ਵਿਚ ਕਿਹਾ ਗਿਆ ਹੈ ਕਿ 'ਮੌਜੂਦਾ ਰਾਸ਼ਟਰਪਤੀ ਨੇ ਜਿਸ ਢੰਗ ਨਾਲ ਕੰਮ ਕੀਤਾ ਹੈ ਤੋਂ ਪਤਾ ਲੱਗਦਾ ਹੈ ਕਿ ਉਹ ਇਸ ਅਹੁਦੇ ਦੀਆਂ ਬਹੁਤ ਸਾਰੀਆਂ ਜਿੰਮੇਵਾਰੀਆਂ ਉਪਰ ਖਰਾ ਨਹੀਂ ਉਤਰੇ। ਉਹ ਵੱਡੀਆਂ ਜਾਂ ਛੋਟੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਵਾਸਤੇ ਆਪਣੇ ਆਪ ਨੂੰ ਕਾਬਲ ਨਹੀਂ ਬਣਾ ਸਕੇ।' ਅੱਗੇ ਹੋਰ ਕਿਹਾ ਗਿਆ ਹੈ ਕਿ ਉਸ ਦੇ ਘੁਮੰਡ ਤੇ ਅਸਫਲਤਾਵਾਂ ਕਾਰਨ ਸਾਡੇ ਭਾਈਵਾਲਾਂ ਦਾ ਸਾਡੇ 'ਚ ਭਰੋਸਾ ਜਾਂ ਇਜ਼ਤ ਨਹੀਂ ਰਹੀ ਤੇ ਸਾਡੇ ਦੁਸ਼ਮਣ ਸਾਡੇ ਤੋਂ ਭੈਅ ਖਾਣੋ ਹਟ ਗਏ ਹਨ।

# ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ, ਭਾਈ ਹਰਜਿੰਦਰ ਸਿੰਘ ਜਿੰਦਾ ਦੇ ਸ਼ਹੀਦੀ ਦਿਹਾੜੇ ਸਬੰਧੀ ਗੁਰਦੁਆਰਾ ਸਾਹਿਬ ਫਰੀਮਾਂਟ ਵਿਚ ਹੋਣਗੇ ਸਮਾਗਮ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਹਰ ਸਾਲ ਦੀ ਤਰਾਂ ਇਸ ਸਾਲ ਵੀ ਸਿੱਖ ਅਜ਼ਾਦੀ ਲਹਿਰ ਦੇ ਮਹਾਨ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਦਾ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਹੈ। ਸਿੱਖ ਪੰਚਾਇਤ ਵੱਲੋਂ ਭਾਈ ਸੁੱਖ-ਜਿੰਦਾ ਦੇ ਸ਼ਹੀਦੀ ਦਿਹਾੜੇ ਸਬੰਧੀ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸਹਿਜ ਪਾਠ ਅਰੰਭ ਕਰਵਾਏ ਗਏ ਹਨ ਜਿਹਨਾਂ ਦੇ ਭੋਗ 9 ਅਕਤੂਬਰ ਨੂੰ ਸ਼ਾਮ 5 ਵਜੇ ਪਾਏ ਜਾਣਗੇ।
ਇਸ ਤੋਂ ਇਲਾਵਾ ਹਰ ਸਾਲ ਦੀ ਤਰਾਂ ਭਾਈ ਗੁਰਦੇਵ ਸਿੰਘ ਵੱਲੋਂ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਅਖੰਡ ਪਾਠ ਸਾਹਿਬ ਰਖਵਾਏ ਜਾਣਗੇ। ਅਖੰਡ ਪਾਠ ਸਾਹਿਬ ਦੀ ਅਰੰਭਤਾ 9 ਅਕਤੂਬਰ ਨੂੰ ਸਵੇਰੇ 10 ਵਜੇ ਹੋਵੇਗੀ ਅਤੇ ਇਹਨਾਂ ਦੇ ਭੋਗ 11 ਅਕਤੂਬਰ ਨੂੰ ਸਵੇਰੇ 9 ਵਜੇ ਪਾਏ ਜਾਣਗੇ।

# ਕੈਨੇਡਾ ਇੰਡੀਆ ਫਾਊਂਡੇਸ਼ਨ ਵੱਲੋਂ ਹਰਿਮੰਦਰ ਸਾਹਿਬ ਦੇ ਲੰਗਰਾਂ ਲਈ 21000 ਡਾਲਰ ਦਾ ਯੋਗਦਾਨ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਕੈਨੇਡਾ ਇੰਡੀਆ ਫਾਊਂਡੇਸ਼ਨ (ਸੀ.ਆਈ. ਐਫ) ਵੱਲੋਂ ਹਰਮਦਿੰਰ ਸਾਹਿਬ ਦੇ ਲੰਗਰਾਂ ਲਈ 21000 ਡਾਲਰ ਦਾਨ ਵਜੋਂ ਦੇਣ ਦਾ ਐਲਾਨ ਕੀਤਾ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਫਾਊਂਡੇਸ਼ਨ ਵੱਲੋਂ 'ਫੌਰਨ ਕੰਟਰੀਬਿਊਸ਼ਨ (ਰੈਗੂਲੇਸ਼ਨ) ਐਕਟ ਵਿਚ ਹੋਈ ਸੋਧ ਉਪਰੰਤ ਇਹ ਦਾਨ ਕਰਨ ਦਾ ਫੈਸਲਾ ਲਿਆ ਗਿਆ ਹੈ। ਸੀ.ਆਈ.ਐਫ ਦੇ ਚੇਅਰਮੈਨ ਸਤੀਸ਼ ਠੱਕਰ ਨੇ ਕਿਹਾ ਹੈ ਕਿ "ਅਸੀਂ ਇਹ ਖ਼ਬਰ ਸੁਣਕੇ ਬਹੁਤ ਉਤਸ਼ਾਹਿਤ ਹਾਂ ਕਿ ਹੁਣ ਹਰਿਮੰਦਰ ਸਾਹਿਬ ਦੇ ਲੰਗਰਾਂ ਦੀ ਸੇਵਾ ਵਿਚ ਵਿਸ਼ਵ ਭਰ ਵਿਚੋਂ ਕੋਈ ਵੀ ਵਿਅਕਤੀ ਸਿੱਧਾ ਯੋਗਦਾਨ ਪਾ ਸਕਦਾ ਹੈ। ਸੀ.ਆਈ.ਐਫ ਚਹੁੰਦੀ ਹੈ ਕਿ ਉਹ ਹੋਈ ਸੋਧ ਉਪਰੰਤ ਯੋਗਦਾਨ ਪਾਉਣ ਵਾਲੀ ਪਹਿਲੀ ਸੰਸਥਾ ਬਣੇ।' ਉਨਾਂ ਹੋਰ ਕਿਹਾ ਕਿ ਅਸੀਂ ਭਾਰਤ ਸਰਕਾਰ ਦਾ ਧੰਨਵਾਦ ਕਰਦੇ ਹਾਂ ਜਿਸ ਨੇ ਗੋਲਡਨ ਟੈਂਪਲ ਅੰਮ੍ਰਿਤਸਰ ਦੇ ਲੰਗਰਾਂ ਵਿਚ ਸਿੱਧੇ ਯੋਗਦਾਨ ਵਾਸਤੇ ਰਾਹ ਪੱਧਰਾ ਕੀਤਾ ਹੈ। ਟਰਾਂਟੋ ਵਿਚ ਰਹਿੰਦੇ ਭੁਪਿੰਦਰ ਸਿੰਘ ਖਾਲਸਾ ਜੋ ਕਿ ਫਾਊਂਡੇਸ਼ਨ ਦੇ ਮੋਢੀ ਮੈਂਬਰ ਹਨ, ਨੇ ਕਿਹਾ ਹੈ ਕਿ ਮੈ ਆਪਣੇ ਆਪ ਨੂੰ ਬਹੁਤ ਭਾਗਸ਼ਾਲੀ ਸਮਝਦਾ ਹਾਂ ਕਿ ਹੁਣ ਮੈ ਇਥੇ ਰਹਿੰਦਿਆਂ ਹੀ ਹਰਿਮੰਦਰ ਸਾਹਿਬ ਦੇ ਲੰਗਰ ਵਾਸਤੇ ਆਪਣਾ ਤੁੱਛ ਜਿਹਾ ਯੋਗਦਾਨ ਭੇਜ ਸਕਦਾ ਹਾਂ। ਇਥੇ ਵਰਣਨਯੋਗ ਹੈ ਕਿ 2007 ਵਿਚ ਬਣਾਈ ਗਈ ਸੀ ਆਈ ਐਫ ਸਮਾਜ ਸੇਵਾ ਵਿਚ ਵਧ ਚੜ ਕੇ ਹਿੱਸਾ ਲੈਂਦੀ ਆ ਰਹੀ ਹੈ। ਉਹ ਹਰ ਸਾਲ ਵਿਸ਼ਵ ਦੇ ਪ੍ਰਮੁੱਖ ਭਾਰਤੀ ਨੂੰ ਗੋਲਡਨ ਇੰਡੀਅਨ ਐਵਾਰਡ ਨਾਲ ਸਨਮਾਨਿਤ ਕਰਦੀ ਆ ਰਹੀ ਹੈ। ਇਸ ਐਵਾਰਡ ਵਿਚ 50,000 ਡਾਲਰ ਦਿੱਤੇ ਜਾਂਦੇ ਹਨ। ਸਵਰਗੀ ਸਾਬਕਾ ਰਾਸ਼ਟਰਪਤੀ ਏ ਪੀ ਜੇ ਅਬਦੁਲ ਕਲਾਮ, ਸਨਅਤਕਾਰ ਰਤਨ ਟਾਟਾ, ਕਾਂਗਰਸ ਆਗੂ ਸੈਮ ਪਿਟਰੋਡਾ ਤੇ ਪ੍ਰਸਿੱਧ ਅਰਥ ਸ਼ਾਸ਼ਤਰੀ ਮੌਨਟੇਕ ਸਿੰਘ ਆਹਲੂਵਾਲੀਆ ਦਾ ਇਹ ਸੰਸਥਾ ਸਨਮਾਨ ਕਰ ਚੁੱਕੀ ਹੈ।



# ਭਾਰਤੀਆਂ ਦੀਆਂ ਐਚ-1 ਬੀ ਵੀਜ਼ਾ ਸਬੰਧੀ ਸਮੱਸਿਆਵਾਂ ਹੱਲ ਕੀਤੀਆਂ ਜਾਣਗੀਆਂ- ਬਾਈਡੇਨ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ):** ਰਾਸ਼ਟਰਪਤੀ ਚੋਣਾਂ 'ਚ ਡੈਮੋਕਰੈਟਿਕ ਉਮੀਦਵਾਰ ਜੋ ਬਾਈਡੇਨ ਨੇ ਵਚਨਬੱਧਤਾ ਪ੍ਰਗਟਾਈ ਹੈ ਕਿ ਭਾਰਤੀ-ਅਮਰੀਕਨ ਭਾਈਚਾਰੇ ਦੀਆਂ ਐਚ-1 ਬੀ ਵਰਕ ਵੀਜ਼ਾ ਸਬੰਧੀ ਸਮੱਸਿਆਵਾਂ ਹੱਲ ਕੀਤੀਆਂ ਜਾਣਗੀਆਂ ਜਿਸ ਵੀਜ਼ੇ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਸਾਲ 31 ਦਸੰਬਰ ਤੱਕ ਮੁਲਤਵੀ ਕੀਤਾ ਹੋਇਆ ਹੈ। ਬਾਈਡੇਨ ਭਾਰਤੀ-ਅਮਰੀਕੀ ਭਾਈਚਾਰੇ ਵੱਲੋਂ ਕਰਵਾਏ ਇਕ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ ਜਿਸ ਸਮਾਗਮ ਵਿਚ ਬਾਈਡੇਨ ਲਈ ਫੰਡ ਵੀ ਜੁਟਾਇਆ ਗਿਆ। ਸਾਬਕਾ ਉਪ ਰਾਸ਼ਟਰਪਤੀ ਨੇ ਕਿਹਾ 'ਇਕ ਰਾਸ਼ਟਰਪਤੀ ਵਜੋਂ ਮੈ ਵਾਅਦਾ ਕਰਦਾ ਹਾਂ ਕਿ ਮੈਂ ਸਭ ਤੋਂ ਵਧੀਆ ਕਰਨ ਜਾ ਰਿਹਾ ਹਾਂ ਨਾ ਕਿ ਬੁਰਾ।



ਕੋਰੋਨਾ ਮਹਾਂਮਾਰੀ ਨੂੰ ਹਰਾਇਆ ਜਾਵੇਗਾ, ਅਰਥ ਵਿਵਸਥਾ ਨੂੰ ਪੱਟੜੀ ਉਪਰ ਲਿਆਂਦਾ ਜਾਵੇਗਾ, ਬੱਚਿਆਂ ਦੀ ਸਹਾਇਤਾ ਕਰਾਂਗਾ ਤਾਂ ਜੋ ਉਹ ਵਧੀਆ ਸਿੱਖਿਆ ਲੈ ਸਕਣ ਤੇ ਸਿਹਤ ਸੰਭਾਲ ਨੂੰ ਲੋਕਾਂ ਦੇ ਹੱਕ ਵਜੋਂ ਯਕੀਨੀ ਬਣਾਵਾਂਗਾ।' ਉਨਾਂ ਹੋਰ ਕਿਹਾ ਕਿ ਮੌਜੂਦਾ ਰਾਸ਼ਟਰਪਤੀ ਨੇ ਲੋਕਾਂ ਦਾ ਜੀਵਨ ਸੁਖਾਲਾ ਕਰਨ ਦੀ ਬਜਾਏ ਮੁਸ਼ਕਿਲ ਬਣਾ ਦਿੱਤਾ ਹੈ। ਉਸ ਨੇ ਚੰਗਾ ਕਰਨ ਦੀ ਬਜਾਏ ਬੁਰਾ ਕੀਤਾ ਹੈ। ਰਾਸ਼ਟਰਪਤੀ ਟਰੰਪ ਵੱਲੋਂ ਐਚ-1ਬੀ ਵੀਜ਼ਾ ਮੁਲਤਵੀ ਕਰਨ ਦਾ ਭਾਰਤੀ ਭਾਈਚਾਰਾ ਵਿਰੋਧ ਕਰ ਰਿਹਾ ਹੈ। ਪਿਛਲੇ 5 ਸਾਲਾਂ ਦੌਰਾਨ 70% ਐਚ-1ਬੀ ਵੀਜ਼ੇ ਭਾਰਤੀਆਂ ਨੂੰ ਮਿਲੇ ਹਨ। ਅਮਰੀਕੀ ਕਾਰੋਬਾਰੀ ਵੀ ਟਰੰਪ ਪ੍ਰਸ਼ਾਸਨ ਦੇ ਨਿਰਨੇ ਦਾ ਵਿਰੋਧ ਕਰ ਰਹੇ ਹਨ। ਕਾਰੋਬਾਰੀਆਂ ਦਾ ਕਹਿਣਾ ਹੈ ਕਿ ਉਹ ਵਿਦੇਸ਼ਾਂ ਤੋਂ ਹੁਨਰਮੰਦ ਕਾਮਿਆਂ ਦੀ ਭਰਤੀ ਕਰਨ 'ਚ ਅਸਮਰਥ ਹਨ।

# ਅਮਰੀਕਾ ਵਿਚ ਸਰਦ ਰੁੱਤ ਦੌਰਾਨ ਕੋਰੋਨਾ ਮਾਮਲੇ ਤੇਜੀ ਨਾਲ ਵਧਣਗੇ:ਵਾਸ਼ਿੰਗਟਨ ਯੁਨੀਵਰਸਿਟੀ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ):** ਅਮਰੀਕਾ ਵਿਚ ਕੋਰੋਨਾ ਪੀੜਤਾਂ ਦੀ ਗਿਣਤੀ 70 ਲੱਖ ਤੋਂ ਵਧ ਜਾਣ ਦੇ ਦਰਮਿਆਨ 'ਯੂਨੀਵਰਸਿਟੀ ਆਫ ਵਾਸ਼ਿੰਗਟਨ ਦੀ ਇੰਸਟੀਚਿਊਟ ਆਫ ਹੈਲਥ ਮੀਟਰਿਕਸ ਐਂਡ ਏਵੈਲਯੂਏਸ਼ਨ' ਨੇ ਇਕ ਅਨੁਮਾਨ ਵਿਚ ਕਿਹਾ ਹੈ ਕਿ ਸਰਦ ਰੁੱਤ ਦੌਰਾਨ ਮਾਮਲਿਆਂ ਵਿਚ ਤੇਜੀ ਨਾਲ ਵਾਧਾ ਹੋਵੇਗਾ ਤੇ ਇਕ ਜਨਵਰੀ ਤੱਕ ਮੌਤਾਂ ਦੀ ਗਿਣਤੀ ਦੁੱਗਣੀ ਹੋ ਸਕਦੀ ਹੈ। ਸਿਹਤ ਮਾਹਿਰਾਂ ਨੇ ਕਿਹਾ ਹੈ ਕਿ ਪੀੜਤਾਂ ਦੀ ਗਿਣਤੀ ਵਧਣ ਤੋਂ ਰੋਕਣ ਦਾ ਇਕੋ ਇਕ ਤਰੀਕਾ ਇਹਤਿਆਤ ਵਰਤਣਾ ਹੀ ਹੈ। ਮਾਸਕ ਪਾਉਣਾ ਤੇ ਸਮਾਜਿਕ ਦੂਰੀ ਦਾ ਢੰਗ ਤਰੀਕਾ ਅਪਣਾ ਕੇ ਹੀ ਵਾਇਰਸ ਦੇ ਫੈਲਾਅ ਨੂੰ ਰੋਕਿਆ ਜਾ ਸਕਦਾ ਹੈ। ਰਾਜਾਂ ਨੂੰ ਪਾਬੰਦੀਆਂ ਸਖਤੀ ਨਾਲ ਲਾਗੂ ਕਰਨੀਆਂ ਪੈਣਗੀਆਂ। ਜੌਹਨ ਹੋਪਕਿਨਜ ਯੁਨੀਵਰਸਿਟੀ ਅਨੁਸਾਰ ਦੇਸ਼ ਵਿਚ ਪਹਿਲਾ ਮਾਮਲਾ 8 ਮਹੀਨੇ 4 ਦਿਨ ਪਹਿਲਾਂ ਆਇਆ ਸੀ। ਉਸ ਤੋਂ ਬਾਅਦ ਵਿਸ਼ਵ ਭਰ ਵਿਚ ਪੀੜਤਾਂ ਤੇ ਮੌਤਾਂ ਦੇ ਮਾਮਲੇ ਵਿਚ ਅਮਰੀਕਾ ਸਭ ਤੋਂ ਵਧ ਬੁਰੀ ਤਰਾਂ ਪ੍ਰਭਾਵਿਤ ਹੋਇਆ ਹੈ।

# ਸਿਆਟਲ ਵਿਚ ਕੋਰੋਨਾ ਮਹਾਂਮਾਰੀ ਦੌਰਾਨ ਦੰਦਾਂ ਦੇ ਡਾਕਟਰਾਂ ਵਲੋਂ ਸੇਵਾਵਾਂ ਜਾਰੀ



**ਸਿਆਟਲ, (ਗੁਰਚਰਨ ਸਿੰਘ ਢਿੱਲੋਂ):** ਕੋਰੋਨਾ ਮਹਾਂਮਾਰੀ ਬਿਮਾਰੀ ਦੌਰਾਨ ਦੰਦਾਂ ਦੇ ਇਲਾਜ ਕਰਨ ਵਾਲੇ ਬਹੁਤੇ ਡਾਕਟਰ ਕੰਮ ਨਹੀਂ ਕਰ ਰਹੇ, ਪਰ ਪੰਜਾਬੀ ਭਾਈਚਾਰੇ ਦੇ ਦੰਦਾਂ ਦੇ ਡਾਕਟਰ ਮਰੀਜ਼ਾਂ ਨੂੰ ਆਪਣੀਆਂ ਸੇਵਾਵਾਂ ਦੇ ਰਹੇ ਹਨ। ਸੰਨ ਰਾਈਜ਼ ਕਲੀਨਿਕਾਂ ਦੇ ਮੁੱਖ ਡਾਕਟਰ ਡਾ. ਪ੍ਰਭਜੋਤ ਸਿੰਘ ਸਿੱਧੂ ਨੇ ਦੱਸਿਆ ਕਿ ਮਰੀਜ਼ਾਂ ਦੀ ਮੰਗ ਅਨੁਸਾਰ ਪੰਜ ਦਿਨ ਦੀ ਬਜਾਏ ਸੱਤੋਂ ਦਿਨ ਆਪਣੇ ਪੰਜੇ ਕਲੀਨਿਕਾਂ ਤੇ ਡਾ. ਗੌਰਵ ਸ਼ਰਮਾ, ਡਾ. ਨੇਤਨ ਜੱਗੀ, ਡਾ. ਸਮਮੀਤ ਪੂੰਨੀਆ, ਡਾ. ਨਾਰੰਗ, ਡਾ. ਅਮਨਦੀਪ ਕੌਰ ਸਿੱਧੂ ਤੇ ਖੁਦ ਡਾ. ਪ੍ਰਭਜੋਤ ਸਿੰਘ ਸਿੱਧੂ ਸੇਵਾਵਾਂ ਨਿਭਾਅ ਰਹੇ ਹਨ। ਡਾ. ਸਿੱਧੂ ਨੇ ਦੱਸਿਆ ਕਿ 3000 ਡਾਲਰ ਦੀ ਸਪੈਸ਼ਲ ਕਿੱਟ ਸਾਰੇ ਡਾਕਟਰਾਂ ਨੂੰ ਮੁਹੱਈਆ ਕੀਤੀ ਗਈ ਹੈ ਤਾਂ ਜੋ ਮਰੀਜ਼ਾਂ ਦਾ ਇਲਾਜ ਕਰਦੇ ਸਮੇਂ ਛੂਆ ਛਾਤ ਵਰਗੀ ਬਿਮਾਰੀ ਕੋਰੋਨਾ ਤੋਂ ਬਚਾਓ ਕੀਤਾ ਜਾ ਸਕੇ। ਸਿਆਟਲ ਦੇ ਸਭ ਤੋਂ ਪੁਰਾਣੇ ਦੰਦਾਂ ਦੇ ਡਾਕਟਰ ਹਰਚੰਦ ਸਿੰਘ ਵੀ ਆਪਣੇ ਸਟਾਫ਼ ਨਾਲ ਸੇਵਾਵਾਂ ਪ੍ਰਦਾਨ ਕਰ ਰਹੇ ਹਨ।

# ਗ੍ਰਿਫਤਾਰੀ ਦੇ ਡਰ ਤੋਂ ਸੁਰਖ਼ਰੂ ਹੋ ਕੇ ਸੁਮੇਧ ਸੈਣੀ ਮਟੌਰ ਥਾਣੇ ਪਹੁੰਚਿਆ



**ਅੰਮ੍ਰਿਤਸਰ ਟਾਈਮਜ਼ ਬਿਊਰੋ:** ਪੰਜਾਬ ਦਾ ਸਾਬਕਾ ਪੁਲਸ ਮੁਖੀ ਅਤੇ ਬਲਵੰਤ ਸਿੰਘ ਮੁਲਤਾਨੀ ਨੂੰ ਅਗਵਾ ਕਰਕੇ ਕਤਲ ਕਰਨ ਦਾ ਦੋਸ਼ੀ ਸੁਮੇਧ ਸੈਣੀ ਕਈ ਦਿਨ ਭਗੌੜਾ ਰਹਿਣ ਮਗਰੋਂ ਅੱਜ ਮਾਮਲੇ ਦੀ ਜਾਂਚ ਕਰ ਰਹੀ ਸਿੱਟ ਸਾਹਮਣੇ ਪੇਸ਼ ਹੋਇਆ। ਸੈਣੀ ਤੋਂ ਅੱਜ ਸਿੱਟ ਮੈਂਬਰਾਂ ਨੇ ਮੋਹਾਲੀ ਦੇ ਮਟੌਰ ਥਾਣੇ ਵਿਚ ਪੁੱਛਗਿਛ ਕੀਤੀ।ਪ੍ਰਤੱਖ ਦਰਸ਼ੀਆਂ ਮੁਤਾਬਕ ਸੈਣੀ ਆਪਣੇ ਵਕੀਲਾਂ ਅਤੇ ਸੁਰੱਖਿਆ ਅਮਲੇ ਨਾਲ ਸਵੇਰੇ 11 ਵਜੇ ਥਾਣੇ ਪਹੁੰਚਿਆ ਅਤੇ ਉਹ ਸਿੱਧਾ ਥਾਣਾ ਮੁਖੀ ਦੇ ਦਫਤਰ ਵਿਚ ਜਾ ਕੇ ਕਰਸੀ ਤੇ ਬੈਠ ਗਿਆ।ਸੈਣੀ ਨੇ ਕਈ ਦਿਨ ਭਗੌੜਾ ਰਹਿ ਕੇ ਸੁਪਰੀਮ ਕੋਰਟ ਤਕ ਪਹੁੰਚ ਕਰਕੇ ਗ੍ਰਿਫਤਾਰੀ ਤੋਂ ਬਚਣ ਲਈ ਅਗਾਊਂ ਜ਼ਮਾਨਤ ਹਾਸਲ ਕਰ ਲਈ ਹੈ ਅਤੇ ਹੋਰ ਮਾਮਲਿਆਂ ਵਿਚ ਵੀ ਗ੍ਰਿਫਤਾਰੀ ਤੋਂ ਬਚਾਅ ਲਈ ਆਰਜ਼ੀ ਰੋਕ ਲਗਵਾ ਲਈ ਹੈ। ਪੰਜਾਬ ਵਿਚ ਸੈਣੀ ਦੀ ਗ੍ਰਿਫਤਾਰੀ ਦੀ ਲੋਕਾਂ ਨੂੰ ਬੇਸਬਰੀ ਨਾਲ ਉਡੀਕ ਸੀ, ਪਰ ਪੰਜਾਬ ਸਰਕਾਰ ਅਤੇ ਪੰਜਾਬ ਦੀ ਪੁਲਸ ਫਿਲਹਾਲ ਸੈਣੀ ਨੂੰ ਗ੍ਰਿਫਤਾਰ ਕਰਨ ਵਿਚ ਫੇਲ੍ਹ ਹੋਈ। ਕਈ ਲੋਕਾਂ ਦਾ ਕਹਿਣਾ ਹੈ ਕਿ ਸੈਣੀ ਨੂੰ ਸਰਕਾਰ ਗ੍ਰਿਫਤਾਰ ਕਰਨਾ ਹੀ ਨਹੀਂ ਚਾਹੁੰਦੀ ਸੀ।ਉਧਰ ਬਹਿਬਲ ਕਲਾਂ ਮਾਮਲੇ ਵਿਚ ਸੈਣੀ ਅਤੇ ਆਈਜੀ ਉਮਰਾਨੰਗਲ ਨੂੰ ਦੋਸ਼ੀ ਵਜੋਂ ਨਾਮਜ਼ਦ ਕਰਨ ਦੀ ਖ਼ਬਰਾਂ ਆ ਰਹੀਆਂ ਹਨ। ਸੂਤਰਾਂ ਤੋਂ ਹਾਸਲ ਜਾਣਕਾਰੀ ਮੁਤਾਬਕ ਬਹਿਬਲ ਕਲਾਂ ਗੋਲੀਬਾਰੀ ਮਾਮਲੇ ਦੀ ਜਾਂਚ ਕਰ ਰਹੀ ਸਿੱਟ ਨੇ ਘਟਨਾ ਸਮੇਂ ਪੰਜਾਬ ਦੇ ਡੀਜੀਪੀ ਸੁਮੇਧ ਸੈਣੀ ਅਤੇ ਆਈਜੀ ਪਰਮਰਾਜ ਉਮਰਾਨੰਗਲ ਨੂੰ ਦੋਸ਼ੀ ਵਜੋਂ ਨਾਮਜ਼ਦ ਕਰ ਲਿਆ ਹੈ।

# ਪ੍ਰਵਾਸੀ ਦੀ ਹਿਰਾਸਤ ਵਿਚ ਮੌਤ ਡਾਕਟਰੀ ਸਹਾਇਤਾ ਨਾ ਮਿਲਣ ਕਾਰਨ ਹੋਈ- ਜਾਂਚ ਰਿਪੋਰਟ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ):** ਕਾਂਗਰਸ ਕਮੇਟੀ ਦੀ ਇਕ ਜਾਂਚ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਮਰੀਕਾ ਵਿਚ ਹਿਰਾਸਤ ਦੌਰਾਨ ਪ੍ਰਵਾਸੀਆਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨਾਂ ਨੂੰ ਡਾਕਟਰੀ ਇਲਾਜ ਨਹੀਂ ਮਿਲਦਾ ਤੇ ਕਈ ਮਾਮਲਿਆਂ ਵਿਚ ਤਾਂ ਪ੍ਰਵਾਸੀਆਂ ਦੀ ਮੌਤ ਤੱਕ ਹੋ ਜਾਂਦੀ ਹੈ। ਜਾਂਚ ਵਿਚ ਕਿਹਾ ਗਿਆ ਹੈ ਕਿ ਯੂ.ਐਸ. ਇਮੀਗ੍ਰੇਸ਼ਨ ਤੇ ਕਸਟਮਜ਼ ਇਨਫੋਰਸਮੈਂਟ ਵਿਵਸਥਾ ਲਾਭ ਕਮਾਉਣ ਵਾਲੇ ਠੇਕੇਦਾਰਾਂ ਵੱਲੋਂ ਚਲਾਈ ਜਾਂਦੀ ਹੈ ਜਿਸ ਕਾਰਨ ਅਕਸਰ ਗੰਭੀਰ ਮਾਮਲਿਆਂ ਵਿਚ ਪ੍ਰਵਾਸੀਆਂ ਦਾ ਇਲਾਜ ਨਹੀਂ ਹੁੰਦਾ ਜਾਂ ਇਲਾਜ ਕਰਨ ਵਿਚ ਦੇਰੀ ਕੀਤੀ ਜਾਂਦੀ ਹੈ। ਮੈਡੀਕਲ ਸਟਾਫ ਦੀ ਘਾਟ ਪਾਈ ਜਾਂਦੀ ਹੈ। ਕਮੇਟੀ ਨੇ ਅਨੇਕਾਂ ਪ੍ਰਵਾਸੀਆਂ ਦੀਆਂ ਹਿਰਾਸਤ ਵਿਚ ਹੋਈਆਂ ਮੌਤਾਂ ਦਾ ਵੀ ਵੇਰਵਾ ਦਿੱਤਾ ਹੈ। ਰਿਪੋਰਟ ਅਨੁਸਾਰ 2018 ਵਿਚ ਹੁਈ ਚੀ ਟਰਾਨ ਨਾਮੀ 47 ਸਾਲਾ ਪ੍ਰਵਾਸੀ ਦੀ ਅਚਾਨਕ ਦਿੱਲ ਦੇ ਦੌਰੇ ਕਾਰਨ ਮੌਤ ਹੋ ਗਈ ਸੀ। ਉਸ ਨੂੰ ਹਿਰਾਸਤ ਵਿਚ ਲਿਆਂ ਅਜੇ 8 ਦਿਨ ਹੀ ਹੋਏ ਸਨ। ਉਸ ਨੂੰ ਐਰੀਜ਼ੋਨਾ ਦੇ ਬੰਦੀ ਕੇਂਦਰ ਵਿਚ ਰਖਿਆ ਗਿਆ ਸੀ। ਮੌਕੇ 'ਤੇ ਤਾਇਨਾਤ ਗਾਰਡ ਉਸ ਦੀ ਹਾਲਤ ਉਪਰ ਨਜਰ ਰਖਣ 'ਚ ਅਸਫਲ ਰਿਹਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh  Manager: Pardeep Singh  Online Editor: Sukhwinder Singh  Asst. Editor: Balwinderpal Singh  Online Interview Host: Balraj Pannu

Designer: Balbir Singh  Content Composer: Amritpal Singh  US Distributor: Amritsar Times Inc  Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਸ਼੍ਰੋਮਣੀ ਕਮੇਟੀ ਦਫ਼ਤਰ ਅੱਗੇ ਸਿੱਖ ਜਥੇਬੰਦੀਆਂ ਵੱਲੋਂ ਜਬਰਦਸਤ ਵਿਰੋਧ

## ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰੋ ਸ਼ਰਮ ਕਰੋ: ਪੰਥਕ ਆਗੂ




ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਾਪਤਾ ਹੋਏ ੩੨੮ ਪਾਵਨ ਸਰੂਪਾਂ ਦਾ ਹਿਸਾਬ ਲੈਣ ਅਤੇ ੧੬ ਦੋਸ਼ੀਆਂ ਉੱਤੇ ਪਰਚਾ ਦਰਜ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਦਫ਼ਤਰ ਦੇ ਬਾਹਰ ਸਿੱਖ ਜਥੇਬੰਦੀਆਂ ਵੱਲੋਂ ਲਾਇਆ ਮੋਰਚਾ ੧੫ਵੇਂ ਦਿਨ ਵੀ ਜਾਰੀ ਰਿਹਾ। ਅੱਜ ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਮੌਕੇ ਮੋਰਚੇ ਦੀ ਸੱਤ ਮੈਂਬਰੀ ਕਮੇਟੀ ਦੇ ਆਗੂ ਭਾਈ ਸੁਖਜੀਤ ਸਿੰਘ ਖੋਸੇ, ਭਾਈ ਬਲਬੀਰ ਸਿੰਘ ਮੁੱਛਲ, ਭਾਈ ਦਿਲਬਾਗ ਸਿੰਘ ਸੁਲਤਾਨਵਿੰਡ, ਭਾਈ ਮਨਜੀਤ ਸਿੰਘ ਝਬਾਲ, ਭਾਈ ਬਲਜਿੰਦਰ ਸਿੰਘ ਪਰਵਾਨਾ, ਭਾਈ ਲਖਬੀਰ ਸਿੰਘ ਮਹਾਲਮ, ਭਾਈ ਤਰਲੋਚਨ ਸਿੰਘ ਸੋਹਲ ਅਤੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਬਲਵੰਤ ਸਿੰਘ ਗੋਪਾਲਾ, ਸੀਨੀਅਰ ਮੀਤ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਦੇ ਮੈਂਬਰ ਪ੍ਰੋਫ਼ੈਸਰ ਬਲਜਿੰਦਰ ਸਿੰਘ, ਦਲ ਪੰਥ ਅਰਬਾਂ ਖਰਬਾਂ ਦੇ ਮੁਖੀ ਬਾਬਾ ਰਾਜਾ ਰਾਜ ਸਿੰਘ ਨਿਹੰਗ, ਦਸਮੇਸ਼ ਤਰਨਾ ਦਲ ਦੇ ਮੁਖੀ ਜਥੇਦਾਰ ਨਰੈਣ ਸਿੰਘ ਨਿਹੰਗ, ਬਾਬਾ ਲਹਿਣਾ ਸਿੰਘ ਤਲਵੰਡੀ ਬਖਤਾ ਅਤੇ ਸਿੱਖ ਯੂਥ ਪਾਵਰ ਆਫ਼ ਪੰਜਾਬ ਦੇ ਮੁਖੀ ਭਾਈ ਪ੍ਰਦੀਪ ਸਿੰਘ ਇਆਲੀ ਅਤੇ ਸੰਗਤਾਂ ਨੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਦਾ ਜਬਰਦਸਤ ਵਿਰੋਧ ਕੀਤਾ। ਨੌਜਵਾਨਾਂ ਦੇ ਹੱਥਾਂ ਵਿੱਚ ਤਖ਼ਤੀਆਂ ਸਨ ਜਿਨਾਂ ਉੱਤੇ ਲਿਖਿਆਂ ਸੀ ਕਿ "ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰੋ ਸ਼ਰਮ ਕਰੋ, ਜਿਹੜੇ ਗੁਰੂ ਦੇ ਨਹੀਂ ਹੋਏ ਉਹ ਅੱਜ ਵੀ ਮੋਏ ਤੇ ਕੱਲ ਵੀ ਮੋਏ, ੩੨੮ ਸਰੂਪ ਲਾਪਤਾ ਕਰਨ ਵਾਲੇ ੧੬ ਦੋਸ਼ੀ ਅਧਿਕਾਰੀਆਂ ਉੱਤੇ ਪਰਚਾ ਦਰਜ ਕਰੋ, ਕਿੱਥੇ ਹਨ ੩੨੮ ਪਾਵਨ ਸਰੂਪ, ਸ਼੍ਰੋਮਣੀ ਕਮੇਟੀ ਗਲਤ ਹੱਥਾਂ ਵਿੱਚ ਆਦਿ। ਦੋਹਾਂ ਧਿਰਾਂ ਵਿੱਚ ਟਕਰਾਅ ਵਾਲੀ ਸਥਿਤੀ ਨਾ ਬਣੇ ਇਸ ਕਰਕੇ ਦਫ਼ਤਰ ਦੇ ਅੰਦਰ-ਬਾਹਰ ਭਾਰੀ ਪੁਲਿਸ ਫ਼ੋਰਸ ਤਾਇਨਾਤ ਸੀ। ਸ਼੍ਰੋਮਣੀ ਕਮੇਟੀ ਨੇ ਟਾਸਕ ਫ਼ੋਰਸ ਵੀ ਵੱਡੀ ਗਿਣਤੀ ਵਿੱਚ ਲਾਈ ਹੋਈ ਸੀ। ਇਸ ਮੌਕੇ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਸਤੀਫ਼ਾ ਦੇਵੇ। ਉਹਨਾਂ ਨੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਹਲੂਨਿਆ ਕਿ ਦੋਸ਼ੀਆਂ 'ਤੇ ਪਰਚਾ ਦਰਜ ਕਰਵਾਉਣ ਲਈ ਇਜਲਾਸ 'ਚ ਆਵਾਜ਼ ਬੁਲੰਦ ਕਰੋ ਜਿਸ ਮਗਰੋਂ ੧੫ ਕਮੇਟੀ ਮੈਂਬਰਾਂ ਨੇ ਮੋਰਚੇ ਦਾ ਸਮਰਥਨ ਕੀਤਾ ਅਤੇ ਕਈ ਇਜਲਾਸ ਦਾ ਬਾਈਕਾਟ ਕਰਕੇ ਬਾਹਰ ਆ ਗਏ। ਸਾਰਾ ਦਿਨ ਮਾਹੌਲ ਤਣਾਅ-ਪੂਰਨ ਬਣਿਆ ਰਿਹਾ। ਆਗੂਆਂ ਨੇ ਕਿਹਾ ਕਿ ਜਿੰਨਾ ਚਿਰ ਤਕ ਦੋਸ਼ੀਆਂ ਉੱਤੇ ਪਰਚੇ ਨਹੀਂ ਦਰਜ ਹੁੰਦੇ, ਇਹ ਮੋਰਚਾ ਜਾਰੀ ਰਹੇਗਾ। ਇਸ ਮੌਕੇ ਕਥਾਵਾਚਕ ਭਾਈ ਹਰਪ੍ਰੀਤ ਸਿੰਘ ਮੱਖੂ, ਗਿਆਨੀ ਦਿਲਬਾਗ ਸਿੰਘ ਵਲਟੋਹਾ ਝਾੜ ਸਾਹਿਬ, ਭਾਈ ਗੁਰਸੇਵਕ ਸਿੰਘ ਭਾਣਾ, ਭਾਈ ਸੁਖਰਾਜ ਸਿੰਘ ਨਿਆਮੀਵਾਲਾ ਸਪੁੱਤਰ ਸ਼ਹੀਦ ਭਾਈ ਕ੍ਰਿਸ਼ਨ ਭਗਵਾਨ ਸਿੰਘ, ਭਾਈ ਪਰਮਜੀਤ ਸਿੰਘ ਅਕਾਲੀ, ਭਾਈ ਜਸਵੀਰ ਸਿੰਘ ਖੰਡੂਰ, ਭਾਈ ਜਗਜੀਤ ਸਿੰਘ ਖੋਸਾ, ਬਾਬਾ ਸ਼ਿੰਦਰ ਸਿੰਘ ਸਭਰਾਵਾਂ, ਢਾਡੀ ਫ਼ੌਜਾ ਸਿੰਘ ਸਾਗਰ, ਭਾਈ ਬਲਦੇਵ ਸਿੰਘ, ਭਾਈ ਮਲਕੀਤ ਸਿੰਘ ਖ਼ਾਲਸਾ ਆਦਿ ਹਾਜ਼ਰ ਸਨ।

# ਸਾਧ ਸੰਗਤ ਸਲੇਟ ਵੱਲੋਂ ਸ਼ੱਪਸ਼ਟੀਕਰਣ

ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫ਼ਤਿਹ

ਗੁਰਮੀਤ-ਬਾਸਾ-ਮਾਨ ਵੱਲੋਂ ਕੱਲ੍ਹ ਸੰਗਤ ਨੂੰ ਈਮੇਲ ਰਾਹੀਂ ਗੁਰਦੂਆਰਾ ਸਾਹਿਬ ਵੱਲੋਂ 2003-2004 ਵਿੱਚ ਗੁਰਦੂਆਰਾ ਸਾਹਿਬ ਵੱਲੋਂਵਕੀਲਾਂ ਨੂੰ ਕੱਟੇ ਕੁੱਝ ਚੈਕਾਂ ਦੀਆਂ ਕਾਪੀਆਂ ਭੇਜ ਕੇ ਇਹ ਪ੍ਰਭਾਵ ਦਿੱਤਾ ਗਿਆ ਹੈ ਜਿਵੇਂ ਸਿੱਖ ਪੰਚਾਇਤ ਨੇ ਇਹ ਵਕੀਲਾਂ ਦੀ ਫ਼ੀਸਗੁਰਦੂਆਰਾ ਸਾਹਿਬ ਵਿੱਚੋਂ ਅਦਾ ਕੀਤੀ ਹੈ।

ਚੈਕਾਂ ਬਾਰੇ ਸਾਡੇ ਵੱਲੋਂ ਸ਼ੱਪਸ਼ਟੀਕਰਣ :

ਸਿੱਖ ਪੰਚਾਇਤ ਹੋਂਦ ਵਿੱਚ ਹੀ 2011 ਵਿੱਚ ਆਈ ਸੀ ਅਤੇ ਜੇ ਕੋਈ ਚੈੱਕ 1 ਅਪ੍ਰੈਲ 2012 ਤੋਂ ਬਾਅਦ ਦਾ ਹੈ ਤਾਂ ਸਾਡੀ ਜ਼ੁੰਮੇਵਾਰੀਹੈ।

ਗੁਰਮੀਤ ਸਿੰਘ ਨੇ 2002 ਦੇ ਸ਼ੁਰੂ ਵਿੱਚ ਗੁਰਦੂਆਰਾ ਸਾਹਿਬ ਤੇ ਕੇਸ ਕੀਤਾ ਅਤੇ ਜੱਜ ਨੇ 4 ਸਤੰਬਰ 2002 ਨੂੰ ਫੈਸਲਾ ਦੇ ਦਿੱਤਾਸੀ। ਇਹ ਚੈੱਕ ਉਸਤੋਂ ਬਾਅਦ ਦੇ ਹਨ।

ਜੱਜ ਵੱਲੋਂ ਵੋਟਾਂ ਬਨਾਉਣ ਦਾ ਕੰਮ ਦੋ ਵਾਰ ਹੋਇਆ। ਇਹ ਕੰਮ ਕਿਉਂ ਕਿ ਗੁਰਦੂਆਰੇ ਨਾਲ ਸਬੰਧਤ ਸੀ ਇਸਲਈ ਦੋਹਾਂ ਪਾਰਟੀਆਂਦੇ ਵਕੀਲਾਂ ਨੂੰ ਉਸ ਵੇਲੇ ਪੈਸੇ ਗੁਰਦੂਆਰਾ ਸਾਹਿਬ ਵਿੱਚੋਂ ਅਦਾਲਤੀ ਹੁਕਮ ਅਨੁਸਾਰ ਦਿੱਤੇ ਗਏ, ਇਹਨਾਂ ਵਿੱਚੋਂ ਕੁੱਝ ਚੈੱਕ ਉਹ ਹਨ।ਇਹ ਸਾਡੇ ਕੇਸ ਦੀ ਡੀਫੈਂਸ ਨਾਲ ਸੰਬੰਧ ਨਹੀਂ ਰੱਖਦੇ।

ਇਸ ਵਿੱਚੋਂ ਕੁੱਝ ਚੈੱਕ ਹਰਦੇਵ ਗਰੇਵਾਲ਼ ਵੱਲੋਂ ਗੁਰਦੂਆਰਾ ਸਾਹਿਬ ਦੇ ਸੰਵਿਧਾਨ ਨੂੰ ਚੁਣੌਤੀ ਦੇਣ ਕਰਕੇ ਹਨ।

ਇਹ ਹੁਣ ਕਾਪੀਆਂ ਇਸਲਈ ਲਾਕੇ ਸੰਗਤ ਦਾ ਧਿਆਨ ਪਾਸੇ ਖਿੱਚਣਾ ਚਾਹੁੰਦੇ ਹਨ ਕਿਉਂ ਕਿ 29 ਸਤੰਬਰ ਨੂੰ ਇਹਨਾਂ ਨੇ ਡੀ ਐਮ ਵੀਰਿਕਾਰਡ ਲੈਣ ਲਈ ਗੁਰਦੂਆਰਾ ਸਾਹਿਬ ਤੋਂ £17,000 ਮੰਗੇ ਹਨ ਜਿਸਦਾ ਸਬੂਤ ਪੇਜ **3** 'ਤੇ ਦਿੱਤਾ ਗਿਆ ਹੈ।

ਵੱਲੋਂ:
ਸਾਬਕਾ ਸਾਧ ਸੰਗਤ ਸਲੇਟ ਮੈਂਬਰ

DIAMOND TRANSPORTATION

DIAMOND
Transportation
Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨ ਯੂ.ਕੇ. ਵੱਲੋਂ ਕਿਸਾਨਾਂ ਦੁਆਰਾ ਪੰਜਾਬ ਬੰਦ ਦਾ ਡਟ ਕੇ ਸਮਰਥਨ

## 'ਪੰਜਾਬ ਦੇ ਕਿਸਾਨਾਂ ਦੇ ਆਰਥਿਕ ਹਿਤ ਕੇਵਲ ਖ਼ਾਲਿਸਤਾਨ ਵਿੱਚ ਹੀ ਸੁਰੱਖਿਅਤ ਰਹਿ ਸਕਣਗੇ'

**ਲੰਡਨ /ਏ.ਟੀ.ਨਿਊਜ਼:** ਭਾਰਤ ਸਰਕਾਰ ਵੱਲੋਂ ਖੇਤੀਬਾੜੀ ਸਬੰਧੀ ਬਣਾਏ ਗਏ ਬਿੱਲ ਜੋ ਕਿ ਕਨੂੰਨ ਦਾ ਰੂਪ ਲੈਣ ਵਾਲੇ ਹਨ, ਉਹ ਪੂਰੇ ਦੇਸ਼ ਦੇ ਕਿਸਾਨਾਂ ਨੂੰ ਘਸਿਆਰੇ ਬਣਾਉਣ ਦੀ ਕੋਝੀ ਚਾਲ ਹੈ । ਜਿਹੜਾ ਫ਼ਾਰਮੂਲਾ ਪੱਛਮੀ ਮੁਲਕਾਂ ਵਿੱਚ ਕਾਮਯਾਬ ਨਹੀਂ ਹੋਇਆ ਉਹ ਭਾਰਤ ਵਰਗੇ ਕੁਰੱਪਟ ਸਿਸਟਮ ਵਾਲੇ ਦੇਸ਼ ਵਿੱਚ ਕਦੇ ਵੀ ਕਾਮਯਾਬ ਨਹੀਂ ਹੋ ਸਕਦਾ । ਇਹਨਾਂ ਨਵੇਂ ਬਿੱਲਾਂ (ਕਨੂੰਨਾਂ ) ਰਾਹੀਂ ਛੋਟੇ ਕਿਸਾਨਾਂ ਦੀ ਹੋਂਦ ਖ਼ਤਮ ਹੋ ਜਾਵੇਗੀ ਅਤੇ ਉਹ ਕਿਸਾਨ ਆਪਣੀਆਂ ਹੀ ਜ਼ਮੀਨਾਂ ਤੋਂ ਵਾਂਝੇ ਹੋ ਜਾਣਗੇ ।ਬਰਤਾਨੀਆ ਵਿੱਚ ਅਜ਼ਾਦ ਸਿੱਖ ਰਾਜ ਖ਼ਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ਼. ਸਿੱਖ ਆਰਗੇਨਾਈਜ਼ੇਸ਼ਨ ਯੂ,ਕੇ ਵੱਲੋਂ ਪੰਜਾਬ ਦੇ ਕਿਸਾਨਾਂ ਵੱਲੋਂ ੨੫ ਸਤੰਬਰ ਨੂੰ ਪੰਜਾਬ ਬੰਦ ਦਾ ਡਟ ਕੇ ਸਮਰਥਨ ਕਰਦਿਆਂ ਸਮੂਹ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਇਸ ਦਿਨ ਆਪਣੇ ਕਾਰੋਬਾਰ ਮੁਕੰਮਲ ਤੌਰ ਤੇ ਬੰਦ ਰੱਖਣ । ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜ਼ੇਸ਼ਨ ਯੂ.ਕੇ. ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਵਲੋਂ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਕਿ ਪੰਜਾਬ ਦੇ ਕਿਸਾਨਾਂ ਦੀ ਆਰਥਿਕ ਪੱਖ ਤੋਂ ਸਥਾਈ ਸੁਰੱਖਿਆ ਕੇਵਲ ਖ਼ਾਲਿਸਤਾਨ ਵਿੱਚ ਹੀ ਸੰਭਵ ਹੋ ਸਕਦੀ ਹੈ । ਸਾਲ ੧੯੮੨ ਵਿੱਚ ਧਰਮਯੁੱਧ ਮੋਰਚਾ ਅਰੰਭ ਹੋਇਆ ਸੀ ਤਾਂ ਉਸ ਵਿੱਚ ਫੈਡਰਲ ਢਾਂਚੇ ਦੀ ਵਕਾਲਤ ਕਰਦਿਆਂ ਸੂਬਿਆਂ ਲਈ ਵੱਧ ਅਧਿਕਾਰਾਂ ਦੀ ਮੰਗ ਕੀਤੀ ਗਈ ਸੀ । ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜ਼ੇਸ਼ਨ ਯੂ.ਕੇ. ਵੱਲੋਂ ਆਖਿਆ ਗਿਆ ਕਿ ਅਫ਼ਸੋਸ ਹੈ ਕਿ ਉਦੋਂ ਧਰਮ ਯੁੱਧ ਮੋਰਚੇ ਦੀ ਗੈਰ ਸਿੱਖਾਂ ਅਤੇ ਪੰਜਾਬ ਤੋਂ ਬਾਹਰਲੇ ਸੂਬਿਆਂ ਦੇ ਲੋਕਾਂ ਨੇ ਹਮਾਇਤ ਨਹੀਂ ਕੀਤੀ ਬਲਕਿ ਹਰ ਤਰੀਕੇ ਨਾਲ ਵਿਰੋਧ ਕੀਤਾ ਸੀ । ਜਿਸ ਦਾ ਖ਼ਮਿਆਜ਼ਾ ਉਨਾਂ ਨੂੰ ਹੁਣ ਭੁਗਤਣਾ ਪੈ ਰਿਹਾ ਹੈ। ਜਦਕਿ ਧਰਮਯੁੱਧ ਮੋਰਚੇ ਦੀਆਂ ਸਾਰੀਆਂ ਹੀ ਹੱਕੀ ਮੰਗਾਂ ਸਮੁੱਚੇ ਪੰਜਾਬੀਆਂ ਦੀਆਂ ਸਨ । ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਜਥੇਦਾਰ ਦਮਦਮੀ ਟਕਸਾਲ ਉਸ ਵਕਤ ਕਿਹਾ ਕਰਦੇ ਸੀ ਕਿ ਪੰਜਾਬ ਦੇ ਹਿੰਦੂ ਤਬਕੇ ਦਾ ਵਪਾਰ ਪੰਜਾਬ ਦੇ ਕਿਸਾਨਾਂ ਤੇ ਹੀ ਨਿਰਭਰ ਕਰਦਾ ਹੈ । ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜ਼ੇਸ਼ਨ ਯੂ.ਕੇ. ਵੱਲੋਂ ਸਮੂਹ ਪੰਜਾਬੀਆਂ ਨੂੰ ਕਿਸਾਨਾਂ ਦੇ ਹਰ ਹੱਕੀ ਸੰਘਰਸ਼ ਵਿੱਚ ਵੱਧ ਚੜ ਕੇ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ ਗਿਆ ਹੈ ।

# ਸਿਆਟਲ ਵਿਚ ਕੋਰੋਨਾ ਮਹਾਂਮਾਰੀ ਦੌਰਾਨ ਆਨਲਾਈਨ ਸਕੂਲ ਚਾਲੂ



*ਸਰਬਜੀਤ ਸਿੰਘ ਝੱਲੀ ਪਰਿਵਾਰ ਦੇ ਬੱਚੇ ਹਰਸ਼ਾਨ, ਅਰਮਾਨ ਤੇ ਮਨਵੀਰ ਕੌਰ ਆਪਣੇ ਘਰੋਂ ਹੀ ਸਕੂਲ ਦਾ ਕੰਮ ਆਨਲਾਈਨ ਕਰਦੇ ਸਮੇਂ।*

**ਸਿਆਟਲ, (ਗੁਰਚਰਨ ਸਿੰਘ ਢਿੱਲੋਂ):** ਅਮਰੀਕਾ ਦੇ ਕਈ ਸ਼ਹਿਰਾਂ ਵਿਚ ਕੋਰੋਨਾ ਮਹਾਂਮਾਰੀ ਵਰਗੀ ਭਿਆਨਕ ਬਿਮਾਰੀ ਦੋਬਾਰਾ ਜ਼ੋਰ ਫੜਦੀ ਜਾ ਰਹੀ ਹੈ, ਲਗਾਤਾਰ ਪੜਾਈ ਲਈ ਸਕੂਲ ਬੰਦ ਰਹੇ, ਪਰ ਵਾਸ਼ਿੰਗਟਨ ਰਾਜ ਵਿਚ ਆਨਲਾਈਨ ਘਰਾਂ ਵਿਚ ਬੈਠ ਕੇ ਪੜਾਈ ਕਰਨ ਦਾ ਪ੍ਰੋਗਰਾਮ ਸ਼ੁਰੂ ਹੋ ਗਿਆ ਹੈ। ਪੱਕੇ ਅਧਿਆਪਕ ਵੱਲੋਂ ਆਪਣੇ ਘਰੋਂ ਹੀ ਆਪਣੇ ਆਪਣੇ ਘਰਾਂ ਵਿਚ ਰਹਿ ਕੇ ਪੜਾਈ ਚਾਲੂ ਹੋ ਚੁੱਕੀ ਹੈ ਤਾਂ ਜੋ ਬੱਚਿਆਂ ਦੀ ਪੜਾਈ ਦਾ ਨੁਕਸਾਨ ਨਾ ਹੋਵੇ। ਵਾਸ਼ਿੰਗਟਨ ਯੂਨੀਵਰਸਿਟੀ ਤੇ ਸਕੂਲਾਂ 'ਚ ਬੱਚੇ ਨਹੀਂ ਆ ਰਹੇ ਅਤੇ ਮਾਸਕ ਪਾਉਣਾ, ਸਮਾਜਿਕ ਦੂਰੀ ਬਣਾਈ ਰੱਖਣਾ ਤੇ ਸਫ਼ਾਈ ਰੱਖਣ ਲਈ ਅਪੀਲ ਕੀਤੀ ਜਾ ਰਹੀ ਹੈ।

Homeopathicvibes

We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

# ਮਾਮਲਾ ਬਹਿਬਲ ਗੋਲੀ ਕਾਂਡ ਦਾ

## ਐੱਸਐੱਚਓ ਪੰਧੇਰ ਵੱਲੋਂ ਆਈਜੀ ਕੰਵਰ ਵਿਜੈ ਪ੍ਰਤਾਪ 'ਤੇ ਪੱਖਪਾਤ ਦੇ ਦੋਸ਼

ਫ਼ਰੀਦਕੋਟ-ਬਹਿਬਲ ਗੋਲੀ ਕਾਂਡ 'ਚ ਕੁਝ ਪੁਲਿਸ ਅਧਿਕਾਰੀਆਂ ਨੇ ਇਸ ਮਾਮਲੇ ਦੀ ਪੜਤਾਲ ਕਰ ਰਹੇ ਜਾਂਚ ਟੀਮ ਮੈਂਬਰ ਕੰਵਰ ਵਿਜੈ ਪ੍ਰਤਾਪ ਸਿੰਘ ਖ਼ਿਲਾਫ਼ ਪੱਖਪਾਤ ਦੇ ਦੋਸ਼ ਲਾਉਂਦਿਆਂ ਉਨਾਂ ਨੂੰ ਜਾਂਚ ਪ੍ਰਕਿਰਿਆ ਤੋਂ ਲਾਂਭੇ ਕਰਨ ਦੀ ਮੰਗ ਕੀਤੀ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜ ਅਨਮੋਲ ਰਤਨ ਸਿੰਘ ਨੇ ਥਾਣਾ ਸਿਟੀ ਕੋਟਕਪੂਰਾ ਦੇ ਤਤਕਾਲੀ ਐੱਸਐੱਚਓ ਗੁਰਦੀਪ ਪੰਧੇਰ ਵੱਲੋਂ ਦਾਇਰ ਕੀਤੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਵਿਸ਼ੇਸ਼ ਜਾਂਚ ਟੀਮ ਨੂੰ ਆਦੇਸ਼ ਦਿੱਤੇ ਹਨ ਕਿ 3 ਅਕਤੂਬਰ ਤੱਕ ਬਹਿਬਲ ਗੋਲੀ ਕਾਂਡ 'ਚ ਕੋਈ ਵੀ ਹੋਰ ਦੋਸ਼ ਪੱਤਰ ਅਦਾਲਤ 'ਚ ਪੇਸ਼ ਨਾ ਕੀਤਾ ਜਾਵੇ। ਅਦਾਲਤ ਨੇ ਨਾਲ ਹੀ ਪੰਜਾਬ ਸਰਕਾਰ ਅਤੇ ਡੀਜੀਪੀ ਨੂੰ ਨੋਟਿਸ ਜਾਰੀ ਕਰਕੇ ਪੁੱਛਿਆ ਹੈ ਕਿ ਕੀ ਵਿਸ਼ੇਸ਼ ਜਾਂਚ ਟੀਮ ਵਿੱਚੋਂ ਆਈਜੀ ਕੰਵਰ ਵਿਜੈ ਪ੍ਰਤਾਪ ਸਿੰਘ ਨੂੰ ਹਟਾਇਆ ਜਾ ਸਕਦਾ ਹੈ ਜਾਂ ਨਹੀਂ? ਗੁਰਦੀਪ ਸਿੰਘ ਪੰਧੇਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਆਰਐੱਸ ਚੀਮਾ ਨੇ ਬਹਿਸ ਦੌਰਾਨ ਅਦਾਲਤ ਨੂੰ ਦੱਸਿਆ ਕਿ ਆਈਜੀ ਕੰਵਰ ਵਿਜੈ ਪ੍ਰਤਾਪ ਸਿੰਘ ਕਥਿਤ ਤੌਰ 'ਤੇ ਪੜਤਾਲ 'ਚ ਪੱਖਪਾਤੀ ਰਵੱਈਆ ਅਪਣਾ ਰਿਹਾ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਇਸ ਮਾਮਲੇ 'ਤੇ ਵੀ ਅਗਲੀ ਸੁਣਵਾਈ 3 ਅਕਤੂਬਰ ਨੂੰ ਕਰੇਗੀ। ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਹਰੀਨ ਪੀ ਰਾਵਲ ਨੇ ਅਦਾਲਤ ਨੂੰ ਦੱਸਿਆ ਕਿ ਜਾਂਚ ਟੀਮ ਦੇ ਕਿਸੇ ਮੈਂਬਰ ਨੂੰ ਬਦਲਣ ਬਾਰੇ ਉਸ ਦੀ ਸਰਕਾਰ ਨਾਲ ਅਜੇ ਤੱਕ ਕੋਈ ਚਰਚਾ ਨਹੀਂ ਹੋਈ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਸੰਮਲਿੰਗੀ ਵਿਆਹ (LGBTQ Marriage) ਦਾ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹਜੂਰੀ ਵਿਚ ਹੋਣਾ ਸਿੱਖ-ਮਰਿਯਾਦਾ ਦੀ ਘੋਰ ਉਲੰਘਣਾ ਹੈ - ਏ.ਜੀ.ਪੀ.ਸੀ

**ਸੈਨ ਫਰਾਂਸਿਸਕੋ (ਬਲਵਿੰਦਰਪਾਲ ਸਿੰਘ ਖਾਲਸਾ):** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਤੇ ਕੋਆਰਡੀਨੇਟਰ ਡਾਕਟਰ ਪ੍ਰਿਤਪਾਲ ਸਿੰਘ ਹੁਰਾਂ ਨੇ ਇਕ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਦੋ ਨੌਜਵਾਨ ਲੜਕਿਆਂ ਸੰਦੀਪ ਦੋਸਾਂਝ ਪੰਜਾਬੀ ਤੇ ਸ਼ਰਥ ਪੁੱਟੀਚੰਦਾ ਦੱਖਣੀ ਭਾਰਤੀ ਨੇ ਗੁਰਦੁਆਰਾ ਸਾਹਿਬ ਤੋਂ ਬਾਹਰ ਜਾਂ ਕਿਤੇ ਖੁੱਲੇ ਹੋਟਲ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦੀ ਹਜੂਰੀ ਵਿਚ ਅਨੰਦ ਕਾਰਜ ਕਰਵਾਉਣ ਦੀ ਖਬਰ ਸੋਸ਼ਲ ਮੀਡੀਏ ਉਤੇ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਜੋ ਸਰਾਸਰ ਸਿੱਖ ਰਹਿਤ ਮਰਿਯਾਦਾ ਦੀ ਘੋਰ ਉਲੰਘਣਾ ਹੈ। ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਔਰਤ ਤੇ ਮਰਦ ਦਾ ਹੀ ਅਨੰਦ ਕਾਰਜ ਹੋ ਸਕਦਾ ਹੈ ਤੇ ਇਹੀ ਸਿੱਖ ਵਿਧਾਨ ਹੈ। ਅਨਮਤ ਵਾਲਿਆਂ ਦਾ ਵਿਆਹ 'ਅਨੰਦ' ਰੀਤੀ ਨਾਲ ਨਹੀਂ ਹੋ ਸਕਦਾ, ਸੋ ਸਿੱਖ ਰਹਿਤ ਮਰਯਾਦਾ ਅਨੰਦ ਕਾਰਜ ਬਾਰੇ ਪੂਰੀ ਤਰਾਂ ਸਪਸ਼ਟ ਹੈ ਤੇ ਹਰ ਸਿੱਖ ਵਾਸਤੇ ਇਸਨੂੰ ਮੰਨਣਾ ਜਰੂਰੀ ਹੈ। ਇਕ ਸਿੱਖ ਲਈ ਜੋ ਗੁਰੂ ਸਾਹਿਬ ਨੇ ਵਿਧਾਨ ਨੀਯਤ ਕੀਤਾ ਹੈ ਤੇ ਜੋ ਮਾਰਗ ਨਿਸ਼ਚਿਤ ਕੀਤਾ ਹੈ, ਉਸਦੇ ਅੰਦਰ ਅੰਦਰ ਰਹਿ ਕੇ ਹੀ ਅਨੰਦ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ ਤੇ ਲੜਕੀ ਤੇ ਲੜਕੇ ਦੇ ਅਨੰਦ ਕਾਰਜ ਦੀ ਵਿਧੀ ਦਾ ਉਦੇਸ਼ ਗ੍ਰਹਿਸਤੀ ਵਿਚ ਪ੍ਰਵੇਸ਼ ਕਰਕੇ ਗੁਰਮਤਿ ਅਨੁਸਾਰ ਮਨੁੱਖੀ ਨਸਲ ਦਾ ਵਾਧਾ ਕਰਨਾ ਹੈ।

ਸੰਸਾਰ ਦੇ ਲਗਭਗ ਸਾਰੇ ਧਰਮ ਗੇ ਵਿਆਹ ਨੂੰ ਮਾਨਤਾ ਨਹੀਂ ਦਿੰਦੇ। ਸਟੇਟ ਭਾਵ ਰਾਜ ਸ਼ਕਤੀ ਨੇ ਕਾਨੂੰਨ ਅਨੁਸਾਰ ਸ਼ਰਤਾਂ ਨਾਲ ਸੰਮਲਿੰਗੀ ਵਿਆਹ (LGBTQ) ਨੂੰ ਮਾਨਤਾ ਦਿੱਤੀ ਹੋਈ ਹੈ ਤਾਂ ਕਿ ਕਿਸੇ ਨੂੰ ਵੀ ਨਸਲਪ੍ਰਸਤੀ ਮਹਿਸੂਸ ਨਾ ਹੋਵੇ ਤੇ ਕਿਸੇ ਕਿਸਮ ਦਾ ਵਿਤਕਰਾ ਨਾ ਹੋਵੇ ਤੇ ਹਰ ਨਾਗਰਿਕ ਦੇ ਸਧਾਰਨ ਅਧਿਕਾਰਾਂ ਦੀ ਸੁਰਖਿਆ ਯਕੀਨੀ ਹੋਵੇ। ਜੋ ਵਿਆਹ ਹੋਇਆ ਹੈ, ਉਹ ਮਨਮਰਜੀ ਵਰਤ ਕੇ ਕੀਤਾ ਗਿਆ ਹੈ ਜੋ ਨਹੀਂ ਸੀ ਹੋਣਾ ਚਾਹੀਦਾ। ਇਸ ਕਰਕੇ ਸਾਡੀ ਸ੍ਰੀ ਅਕਾਲ ਤਖਤ ਸਾਹਿਬ ਨੂੰ ਬੇਨਤੀ ਹੈ ਕਿ ਇਸ ਮਨ ਮਰਜੀ ਦੇ ਫਰਜੀ ਅਨੰਦ ਕਾਰਜਾਂ ਵਿਚ ਦਖਲ ਦੇ ਕੇ ਭਵਿੱਖ ਵਿਚ ਇਹ ਪੱਕਾ ਕੀਤਾ ਜਾਵੇ ਕਿ ਕੋਈ ਵੀ ਸਿੱਖ ਰਹਿਤ ਮਰਿਯਾਦਾ ਦੀ ਉਲੰਘਣਾ ਨਾ ਕਰੇ। ਤੇ ਇਹ ਵੀ ਬੇਨਤੀ ਹੈ ਕਿ ਜਿਸ ਬੰਦੇ ਨੇ ਅਮਰੀਕਾ ਵਿਚਲਾ ਇਹ ਅਨੰਦ ਕਾਰਜ ਕਰਵਾਇਆ ਹੈ, ਉਸ ਨੂੰ ਸ੍ਰੀ ਅਕਾਲ ਤਖਤ ਸਾਹਿਬ ਉਤੇ ਬੁਲਾ ਕੇ ਉਸ ਵਿਰੁੱਧ ਸਿੱਖੀ ਅਸੂਲਾਂ ਅਨੁਸਾਰ ਕਾਰਵਾਈ ਕੀਤੀ ਜਾਵੇ।

ਅਸੀਂ ਕਾਨੂੰਨੀ ਮਾਹਰਾਂ ਨਾਲ ਇਸ ਵਿਸ਼ੇ ਉਤੇ ਵਿਚਾਰ ਚਰਚਾ ਕਰ ਰਹੇ ਹਾਂ ਕਿ ਇਕ ਵਿਅਕਤੀ ਵਿਸ਼ੇਸ਼ ਨੇ ਆਪਣੇ ਗਲਤ ਆਰਥਿਕ ਉਦੇਸ਼ ਦੀ ਪੂਰਤੀ ਵਾਸਤੇ ਧਾਰਮਿਕ ਨਿਯਮਾਂ ਦੀ ਉਲੰਘਣਾ ਕੀਤੀ ਹੈ ਤੇ ਆਪਣੇ ਸੀਮਤ ਦਾਇਰੇ ਤੋਂ ਬਾਹਰ ਜਾ ਕੇ ਗਲਤ ਉਦਾਹਰਣ ਪੇਸ਼ ਕੀਤੀ ਹੈ ਤੇ ਉਸ ਵਿਰੁੱਧ ਜੇ ਕਿਸੇ ਕਿਸਮ ਦੀ ਕਾਨੂੰਨੀ ਉਲੰਘਣਾ ਦਾ ਮਾਮਲਾ ਬਣਦਾ ਹੈ ਤਾਂ ਗੱਲ ਅੱਗੇ ਤੋਰੀ ਜਾਵੇਗੀ।

ਸੰਸਾਰ ਦੇ ਕਾਫੀ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਤੇ ਅਦਾਲਤਾਂ ਨੇ ਗੇ, ਲੈਸਬੀਅਨ, ਟਰਾਂਸਜੈਂਡਰ ਤੇ ਬਾਇਸੈਕਸੁਅਲ ਲੋਕਾਂ (LGBTQ) ਤੇ ਭਾਈਚਾਰਿਆਂ ਨੂੰ ਵਿਆਹਾਂ ਦੀ ਆਗਿਆ ਦਿੱਤੀ ਹੋਈ ਹੈ ਤਾਂ ਕਿ ਕਿਸੇ ਨੂੰ ਵੀ ਕਿਸੇ ਵੀ ਪੱਧਰ ਉਤੇ ਬੇਇਨਸਾਫੀ ਜਾਂ ਗੁਲਾਮੀ ਦਾ ਅਹਿਸਾਸ ਨਾ ਹੋਵੇ। ਗੁਰਮਤਿ ਦੇ ਅਸੂਲ ਸਦਾ ਸੁਨਹਿਰੀ ਹਨ ਤੇ ਸੰਸਾਰ ਵਿਚ ਨਿਵੇਕਲੇ ਹਨ। ਸਿੱਖਾਂ ਨੇ ਗੁਰੂ ਸਾਹਿਬ ਦੇ ਉਚੇ ਆਦਰਸ਼ ਅਪਨਾਏ ਤੇ ਉਸ ਲਈ ਜਿੰਦ ਵੀ ਕੁਰਬਾਨ ਕੀਤੀ। ਗੁਰੂ ਨਾਨਕ ਸਾਹਿਬ ਨੇ ਆਪ ਜਨੇਊ ਪਾਉਣ ਤੋਂ ਨਾਂਹ ਕਰ ਦਿੱਤੀ ਤੇ ਸਿੱਖ ਧਰਮ ਦੀ ਨੀਂਹ ਰੱਖੀ ਪਰ ਨੌਵੀਂ ਜੋਤ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਉਸੇ ਹਿੰਦੂ ਜਨੇਊ ਦੀ ਰਖਿਆ ਵਾਸਤੇ ਸ਼ਹਾਦਤ ਦਿੱਤੀ। ਪਰ ਆਪਣੇ ਸਿੱਖੀ ਅਸੂਲਾਂ ਨੂੰ ਉਚਾ ਰੱਖਿਆ। ਸਿੱਖ ਇਤਿਹਾਸ ਵਿਚ ਸਿੱਖਾਂ ਨੇ ਦੂਜਿਆਂ ਦੀ ਭਲਾਈ ਤੇ ਧਰਮ ਦੇ ਯਕੀਨਾਂ ਵਾਸਤੇ ਜਾਨਾਂ ਕੁਰਬਾਨ ਕੀਤੀਆਂ ਪਰ ਆਪਣੇ ਧਰਮ ਵਿਚ ਪੱਕੇ ਰਹੇ। ਪੱਛਮੀ ਦੇਸ਼ਾਂ ਵਿਚ ਰਹਿੰਦਿਆਂ ਸਿੱਖੀ ਅਸੂਲਾਂ 'ਤੇ ਪਹਿਰਾ ਦਿੰਦਿਆਂ ਦੂਜਿਆਂ ਦੇ ਅਧਿਕਾਰਾਂ ਦੀ ਰਖਿਆ ਦੇ ਨਾਲ ਨਾਲ ਆਪਣੇ ਸਿੱਖ ਧਰਮ ਦੀ ਪਾਲਣਾ ਕਰਨੀ ਜ਼ਰੂਰੀ ਹੈ ਪਰ ਸਿੱਖ ਹੋ ਕੇ ਅਨਮਤੀ ਕੰਮਾਂ ਦੀ ਆਗਿਆ ਨਹੀਂ ਹੈ।

# ਛਿੱਤਰ ਦਿੱਲੀ ਮਾਰੇ ਤੇ ਕੈਪਟਨ ਦਾ ਥੁੱਕ ਪਾਕਿਸਤਾਨ ਵੱਲ

**ਅੰਮ੍ਰਿਤਸਰ ਟਾਈਮਜ਼ ਬਿਊਰੋ :** ਅੱਜ ਜਿੱਥੇ ਇਕ ਪਾਸੇ ਦਿੱਲੀ ਦੇ ਹੱਥੋਂ ਠੱਗੇ ਹੋਏ ਪੰਜਾਬ ਦੇ ਲੋਕ ਪਾਕਿਸਤਾਨ ਨਾਲ ਸੁਖਾਵੇਂ ਰਿਸ਼ਤੇ ਅਤੇ ਵਾਪਰਕ ਸਾਂਝ ਵਧਾਉਣ ਦੀਆਂ ਗੱਲਾਂ ਕਰ ਰਹੇ ਹਨ ਉੱਥੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੁੜ ਪਾਕਿਸਤਾਨ ਨੂੰ ਪਿੱਟਣਾ ਸ਼ੁਰੂ ਕਰ ਦਿੱਤਾ ਹੈ।

ਬੀਤੇ ਕੱਲ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਸਬੰਧੀ ਖਟਕੜ ਕਲਾਂ ਵਿਖੇ ਹੋਏ ਸਮਾਗਮ ਵਿਚ ਪਹੁੰਚੇ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਪਾਕਿਸਾਨ ਦੀ ਖ਼ੁਫ਼ੀਆ ਏਜੰਸੀ ਆਈਐੱਸਆਈ ਕਿਸਾਨਾਂ ਦੀ ਨਾਰਾਜ਼ਗੀ ਦਾ ਲਾਹਾ ਲੈਂਦਿਆਂ ਪੂਰੇ ਮੁਲਕ 'ਚ ਅਸ਼ਾਂਤੀ ਫੈਲਾ ਸਕਦੀ ਹੈ।

ਦੱਸ ਦਈਏ ਕਿ ਭਾਰਤ ਸਰਕਾਰ ਨਾਲ ਪੰਜਾਬ ਦੇ ਲੋਕਾਂ ਦਾ ਆਪਣੇ ਹੱਕਾਂ ਨੂੰ ਲੈ ਕੇ ਲੰਮੇ ਸਮੇਂ ਤੋਂ ਟਕਰਾਅ ਚਲ ਰਿਹਾ ਹੈ। ਪਰ ਜਦੋਂ ਵੀ ਪੰਜਾਬ ਦੇ ਲੋਕ ਆਪਣੇ ਹੱਕਾਂ ਲਈ ਸੰਘਰਸ਼ ਸ਼ੁਰੂ ਕਰਦੇ ਹਨ ਤਾਂ ਭਾਰਤ ਸਰਕਾਰ ਅਤੇ ਭਾਰਤ ਸਰਕਾਰ ਦੇ ਵਫਾਦਾਰ ਕਰਿੰਦੇ ਇਸ ਸੰਘਰਸ਼ ਨੂੰ ਪਾਕਿਸਤਾਨ ਦੀ ਸਾਜਿਸ਼ ਪੇਸ਼ ਕਰਨ ਦਾ ਜ਼ੋਰ ਲਾ ਦਿੰਦੇ ਹਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਇਸ ਬਿਆਨ ਪ੍ਰਤੀ ਸੰਘਰਸ਼ ਕਰ ਰਹੇ ਲੋਕਾਂ 'ਚ ਨਰਾਜ਼ਗੀ ਪਾਈ ਜਾ ਰਹੀ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਸੰਘਰਸ਼ੀ ਇਤਿਹਾਸ ਨੂੰ ਪਾਕਿਸਤਾਨ ਦੀ ਸ਼ਹਿ ਦੇ ਪੇਟੇ ਪਾ ਦਿੱਤਾ ਹੈ। ਅੱਜ ਜਦੋਂ ਸਾਰੀ ਦੁਨੀਆ ਨੂੰ ਪਤਾ ਹੈ ਕਿ ਸਮੁੱਚੇ ਪੰਜਾਬ ਵੱਲੋਂ ਵਿਰੋਧ ਦੇ ਬਾਵਜੂਦ ਲੋਕਤੰਤਰ ਦੀ ਭਾਵਨਾ ਦੇ ਵਿਰੁੱਧ ਜਾਂਦਿਆਂ ਭਾਰਤ ਸਰਕਾਰ ਵੱਲੋਂ ਇਹ ਕਿਸਾਨ ਵਿਰੋਧੀ ਕਾਨੂੰਨ ਪੰਜਾਬ ਉੱਤੇ ਥੋਪੇ ਜਾ ਰਹੇ ਹਨ ਤਾਂ ਪੰਜਾਬ ਦੇ ਲੋਕਾਂ ਦਾ ਆਪਣੇ ਹੱਕਾਂ ਅਤੇ ਆਪਣੀਆਂ ਜ਼ਮੀਨਾਂ ਨੂੰ ਵਾਪਰੀਆਂ ਦੇ ਕਬਜ਼ੇ ਤੋਂ ਬਚਾਉਣ ਲਈ ਸੰਘਰਸ਼ ਕਰਨ ਦਾ ਹੱਕ ਬਣਦਾ ਹੈ।

ਇਹ ਗੱਲ ਜ਼ਰੂਰ ਹੈ ਕਿ ਭਾਰਤ ਸਰਕਾਰ ਨੂੰ ਪੰਜਾਬ ਦੇ ਇਤਿਹਾਸ ਤੋਂ ਸਬਕ ਲੈਣਾ ਚਾਹੀਦਾ ਹੈ ਕਿ ਪੰਜਾਬ ਦੇ ਲੋਕ ਆਪਣੇ ਹੱਕਾਂ ਲਈ ਹਥਿਆਰਬੰਦ ਸੰਘਰਸ਼ ਤਕ ਵੀ ਪਹੁੰਚ ਸਕਦੇ ਹਨ, ਪਰ ਫਿਲਹਾਲ ਪੰਜਾਬ ਦੇ ਲੋਕਾਂ ਨੇ ਸ਼ਾਂਤਮਈ ਸੰਘਰਸ਼ ਦੀ ਇਕ ਹੋਰ ਵੱਡੀ ਮਿਸਾਲ ਪੈਦਾ ਕੀਤੀ ਹੈ।

ਇਸ ਤੋਂ ਵੱਡਾ ਸ਼ਾਂਤਮਈ ਸੰਘਰਸ਼ ਕੀ ਹੋ ਸਕਦਾ ਹੈ ਕਿ ਸਾਰਾ ਸੂਬਾ ਸੜਕਾਂ 'ਤੇ ਆਇਆ ਹੋਵੇ ਅਤੇ ਕਿਸੇ ਵੀ ਥਾਂ ਤੋੜ-ਭੰਨ, ਜ਼ੋਰ ਜ਼ਬਰਦਸਤੀ ਜਾਂ ਸਾੜਫੂਕ ਨਾ ਹੋਈ ਹੋਵੇ। ਇਹਨਾਂ ਸ਼ਾਂਤਮਈ ਸੰਘਰਸ਼ਾਂ ਨੇ ਪੰਜਾਬੀਆਂ ਦੇ ਸੁਚੱਜੇ ਅਤੇ ਸੁਘੜ-ਸਿਆਣੇ ਹੋਣ ਦੀ ਇਕ ਹੋਰ ਮਿਸਾਲ ਕਾਇਮ ਕੀਤੀ ਹੈ। ਪਰ ਪੰਜਾਬ ਦੇ ਮੁੱਖ ਮੰਤਰੀ ਦਾ ਬੀਤੇ ਕੱਲ ਦਾ ਬਿਆਨ ਪੰਜਾਬੀਆਂ ਦੇ ਅਣਖੀਲੇ ਸੁਭਾਅ ਨੂੰ ਪਾਕਿਸਤਾਨ ਦੇ ਪੇਟੇ ਪਾਉਣ ਵਰਗਾ ਹੈ ਅਤੇ ਇਹ ਭਾਰਤ ਦੀਆਂ ਏਜੰਸੀਆਂ ਨੂੰ ਪੰਜਾਬੀਆਂ ਦੇ ਸੰਘਰਸ਼ ਨੂੰ ਬਦਨਾਮ ਕਰਨ ਦਾ ਅਧਾਰ ਮੁਹੱਈਆ ਕਰਵਾ ਰਿਹਾ ਹੈ।ਜੇ ਗੱਲ ਕਰੀਏ ਭਾਰਤ ਸਰਕਾਰ ਵੱਲੋਂ ਪੰਜਾਬ 'ਤੇ ਥੋਪੇ ਇਹਨਾਂ ਕਿਸਾਨ ਵਿਰੋਧੀ ਕਾਨੂੰਨਾਂ ਦੀ ਤਾਂ ਕਾਨੂੰਨੀ ਪੈਂਤੜੇ ਤੋਂ ਵੀ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਬਹੁਤ ਢਿੱਲੀ ਜਾਪ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਅਜੇ ਇਹ ਕਹਿ ਰਹੇ ਹਨ ਕਿ ਉਹ ਇਹਨਾਂ ਨਵੇਂ ਕਾਨੂੰਨਾਂ ਨੂੰ ਚੁਣੌਤੀ ਦੇਣ ਲਈ ਵਕੀਲਾਂ ਨਾਲ ਸਲਾਹ ਕਰਨਗੇ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਨਵੇਂ ਖੇਤੀ ਕਾਨੂੰਨਾਂ ਖਿਲਾਫ਼ ਸੁਪਰੀਮ ਕੋਰਟ ਜਾਵੇਗੀ। ਉਨਾਂ ਕਿਹਾ ਕਿ ਇਨਾਂ ਗੈਰ-ਸੰਵਿਧਾਨਿਕ ਐਕਟਾਂ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣ ਲਈ ਕਾਨੂੰਨੀ ਰਾਹ ਅਖ਼ਤਿਆਰ ਕਰਨ ਵਾਸਤੇ ਉਹ ਵਕੀਲਾਂ ਨਾਲ ਸਲਾਹ ਕਰਨਗੇ।














Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
7 ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਜਥੇਦਾਰ ਹਵਾਰਾ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਨਾਮ ਖੁੱਲੀ ਚਿੱਠੀ;

## ਮਨੁੱਖੀ ਧੜੇ ਤੋਂ ਗੁਰੂ ਦੇ ਧੜੇ ਵੱਲ ਪਰਤਣ ਲਈ ਅਪੀਲ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਖਾਲਸਾ ਪੰਥ ਇਸ ਸਮੇਂ ਭਿਆਨਕ ਸਮੇਂ ਵਿੱਚੋਂ ਲੰਘ ਰਿਹਾ ਹੈ। ਇਹੋ ਜਿਹੇ ਮੌਕਿਆਂ ਤੇ ਕੌਮਾਂ ਦੀ ਟੇਕ ਆਪਣੇ ਇਸ਼ਟ ਉੱਤੇ ਹੁੰਦੀ ਹੈ। ਆਪਣੇ ਗੁਰੂ ਤੋਂ ਸਹਾਰਾ ਤੇ ਸੇਧ ਲੈ ਕੇ ਕੌਮਾਂ ਹਰ ਬਿਖੜੇ ਸਮਿਆਂ ਵਿੱਚੋਂ ਲੰਘ ਜਾਇਆ ਕਰਦੀਆਂ ਹਨ। ਸਿੱਖ ਪੰਥ ਦੀ ਹਾਲਤ ਬਾਕੀ ਕੌਮਾਂ ਨਾਲੋਂ ਕੁਝ ਅਲੱਗ ਹੈ ਕਿਉਂਕਿ ਖਾਲਸਾ ਪੰਥ ਤੇ ਆਏ ਬਿਖੜੇ ਸਮੇਂ ਦਾ ਕਾਰਨ ਸਾਡੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਤੇ ਹੋ ਰਹੇ ਬਾਹਰੀ ਤੇ ਅੰਦਰੂਨੀ ਹਮਲੇ ਹਨ। ਸਰਬ ਸਾਂਝੀਵਾਲਤਾ ਦੇ ਪ੍ਰਤੀਕ ਅਤੇ ਮਨੁੱਖਤਾ ਦੇ ਚਾਨਣ ਮੁਨਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਉੱਤੇ ਪਿਛਲੇ ਕਈ ਸਾਲਾਂ ਤੋਂ ਹੋ ਰਹੇ ਹਮਲੇ ਰੁਕਣ ਦਾ ਨਾਮ ਨਹੀਂ ਲੈ ਰਹੇ ਹਨ। ਜੋ ਕਿ ਚਿੰਤਾ ਤੇ ਚੁਨੌਤੀ ਦਾ ਵਿਸ਼ਾ ਹੈ।

ਖਾਲਸਾ ਪੰਥ ਇਸ ਗੱਲ ਉੱਤੇ ਇੱਕ ਮੱਤ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉੱਤੇ ਹੋ ਰਹੇ ਹਮਲੇ ਪੰਥ ਦੋਖੀ ਤਾਕਤਾਂ ਵੱਲੋਂ ਸਾਜਿਸ਼ ਅਧੀਨ ਕੀਤੇ ਜਾ ਰਹੇ ਹਨ ਅਤੇ ਉਹਨਾਂ ਦਾ ਮਕਸਦ ਸਿੱਖੀ ਨੂੰ ਕਮਜ਼ੋਰ ਕਰਨਾ ਹੈ। ਇਸ ਮੌਕੇ ਤੇ ਇਨਾਂ ਤਾਕਤਾਂ ਦਾ ਮੁਕਾਬਲਾ ਕਰਨ ਦੀ ਵਾਗਡੋਰ ਕੁਰਬਾਨੀਆਂ ਦੇ ਕੇ ਹੋਂਦ ਵਿੱਚ ਆਈ ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਨੂੰ ਆਪਣੇ ਹੱਥਾਂ ਵਿੱਚ ਲੈਣੀ ਚਾਹੀਦੀ ਸੀ।

ਪਰ ਸਾਨੂੰ ਬੜੇ ਦੁੱਖ ਅਤੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਕੌਮ ਦੀ ਸ਼੍ਰੋਮਣੀ ਸੰਸਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਤੇ ਹੋ ਰਹੇ ਹਮਲਿਆਂ ਨੂੰ ਠੱਲ ਪਾਉਣ ਵਿੱਚ ਨਾਕਾਮ ਰਹੀ ਹੈ। ਬਲਕਿ ਪਿਛਲੇ ਦਿਨਾਂ ਵਿੱਚ ਸਾਹਮਣੇ ਆਏ ਮਾਮਲੇ ਵਿੱਚ ਇਹ ਪ੍ਰਗਟ ਹੋਇਆ ਹੈ ਕਿ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਸਿਆਸੀ ਮਿਲੀਭੁਗਤ ਨਾਲ ਗੁਰੂ ਸਾਹਿਬ ਦੀ ਬੇਅਦਬੀ ਦੀ ਦੁਖਦ ਘਟਨਾਵਾਂ ਹੋਈਆਂ ਹਨ। ਸ੍ਰੋਮਣੀ ਕਮੇਟੀ ਦੇ ਦਫ਼ਤਰੀ ਨੋਟ ਮੁਤਾਬਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 80 ਸਰੂਪ 19 ਮਈ 2016 ਨੂੰ ਅਗਨ ਭੇਟ ਹੋਏ ਸਨ ਤੇ 328 ਸਰੂਪ ਲਾਪਤਾ ਕਰਾਰ ਦਿੱਤੇ ਗਏ ਹਨ। ਸਿੱਖ ਕੌਮ ਲਈ ਸਰੂਪਾਂ ਨੂੰ ਲਾਪਤਾ ਕਰਾਰ ਦੇਣਾ ਸ਼ਿਖਰ ਦੀ ਮੰਦਭਾਗੀ ਤੇ ਜ਼ਲਾਲਤ ਦੀ ਘਟਨਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਕੌਮ ਨਾਲ ਬਹੁਤ ਵੱਡਾ ਵਿਸ਼ਵਾਸਘਾਤ ਕੀਤਾ ਹੈ ਤੇ ਤੁਸੀਂ ਬਤੌਰ ਮੈਂਬਰ ਵਿਸ਼ਵਾਸਘਾਤ ਕਰਨ ਵਿੱਚ ਭਾਈਵਾਲ ਬਣੇ ਹੋ। ਗੁਰਬਾਣੀ ਦੇ ਪਵਿੱਤਰ ਵਾਕ ਅਨੁਸਾਰ 'ਜੇ ਜੀਵੈ ਪਤਿ ਲਥੀ ਜਾਇ ਸਭ ਹਰਾਮੁ ਜੇਤਾ ਕਿਛੁ ਖਾਇ' ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋ ਰਹੀ ਬੇਅਦਬੀਆਂ ਕਾਰਨ ਸਮੁੱਚੀ ਕੌਮ ਦੀ ਪੱਤ ਨਮੋਸ਼ੀ ਦੀ ਦਲ ਦਲ ਵਿੱਚ ਧੱਸ ਗਈ ਹੈ।

ਸ਼੍ਰੋਮਣੀ ਕਮੇਟੀ ਦੇ ਮੈਂਬਰ ਸਾਹਿਬਾਨ ਜੀਓ, ਕੀ ਤੂਹਨੰ ਇਹਸਾਸ ਹੈ ਕਿ ਜਦੋਂ ਇਲਾਕੇ ਦੀਆਂ ਸੰਗਤਾਂ ਤੁਹਾਨੂੰ ਸ਼੍ਰੋਮਣੀ ਕਮੇਟੀ ਮੈਂਬਰ ਬਣਾ ਕੇ ਭੇਜਦੀਆਂ ਹਨ ਤਾਂ ਉਹ ਤੁਹਾਡੇ ਤੋਂ ਪੰਥ ਦੀ ਚੜਦੀ ਕਲਾ ਲਈ ਸੇਵਾ ਕਰਨ ਦੀ ਆਸ ਰੱਖਦੀਆਂ ਹਨ। ਤੁਹਾਨੂੰ ਸੰਗਤਾ ਵੱਲੋਂ ਦਿੱਤੀ ਗਈ ਇਹ ਜ਼ਿੰਮੇਵਾਰੀ ਕਿਸੇ ਆਮ ਦੁਨਿਆਵੀ ਮੈਂਬਰਸ਼ਿਪ ਵਰਗੀ ਨਹੀਂ ਹੈ ਇਹ ਤਾਂ ਸੇਵਾ ਕਰਕੇ ਲੋਕ ਪਰਲੋਕ ਨੂੰ ਸਵਾਰਨ ਦਾ ਇਲਹੀ ਮੌਕਾ ਹੈ ।ਗੁਰੂ ਦੀ ਮੇਹਰ ਨਾਲ ਜਦ ਤੁਸੀ ਮੈਂਬਰ ਬਣ ਗਏ ਤਾਂ ਤੁਹਾਡਾ ਦੁਨਿਆਵੀ ਧੜਾ ਖਤਮ ਹੋ ਗਿਆ। ਤੁਹਾਡੀ ਵਫ਼ਾਦਾਰੀ ਬੰਦੇ/ਪਾਰਟੀ ਪ੍ਰਤੀ ਖਤਮ ਹੋ ਕੇ ਗੁਰੂ ਦੇ ਧੜੇ ਵੱਲ ਆਪ ਮੁਹਾਰੇ ਹੋਣੀ ਚਾਹੀਦੀ ਸੀ। ਆਉ ਗੁਰੂ ਰਾਮਦਾਸ ਜੀ ਤੋ ਪੁੱਛ ਵੇਖੀਏ ਕਿ ਉਹ ਲੋਕ ਪਰਲੋਕ ਸਵਾਰਨ ਲਈ ਸਾਨੂੰ ਧੜੇ ਪ੍ਰਤੀ ਕੀ ਉਪਦੇਸ਼ ਦੇਦੇਂ ਹਨ।

**ਕਿਸਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ।।**
**ਕਿਸਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ।।**
**ਕਿਸਹੀ ਧੜਾ ਕੀਆ ਸਿਕਦਾਰ ਚਉਧਰੀ ਨਾਲ਼ਿ ਆਪਣੈ ਸੁਆਈ ।।**
**ਹਮਰਾ ਧੜਾ ਹਰਿ ਰਹਿਆ ਸਮਾਈ।।**

ਭਾਵ ਗੁਰੂ ਸਾਹਿਬ ਨੇ ਸੁੱਚੀ ਸੇਵਾ ਕਰਨ ਲਈ ਦੁਨਿਆਵੀ ਧੜੇ ਨੂੰ ਛੱਡ ਕੇ ਗੁਰੂ ਦੇ ਧੜੇ ਦੀ ਵਕਾਲਤ ਕੀਤੀ ਹੈ। ਲੋੜ ਹੈ ਆਤਮ ਪੜਚੋਲ ਕਰਨ ਦੀ। ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਜਦ ਮਰਯਾਦਾ ਦਾ ਘਾਣ ਹੂੰਦਾ ਵੇਖ ਕੇ ਜ਼ੁੰਮੇਵਾਰ ਵਿਅਕਤੀ ਸਵਾਰਥ ਵੱਸ ਜਾਂ ਡਰ ਕਰਕੇ ਚੁੱਪੀ ਸਾਥ ਲੈਂਦੇ ਹਨ ਤਾਂ ਉਹ ਵੀ ਗੁਨਾਹ ਦੇ ਭਾਈ ਵਾਲ ਬਣ ਜਾਂਦੇ ਹਨ। ਤੁਸੀਂ ਇੱਕ ਪਾਸੇ ਜਿੱਥੇ ਗੁਰਮਤਿ ਸਿੱਧਾਤ ਅਨੁਸਾਰ ਸੇਵਾ ਕਰਨ ਵਿੱਚ ਨਾਕਾਮ ਰਹੇ ਹੋ ਉੱਥੇ ਤੁਸੀਂ ਪੰਥ ਦੀ ਇਸ ਮਹਾਨ ਸੰਸਥਾ ਨੂੰ ਇੱਕ ਪਰਿਵਾਰ ਦੀ ਉੱਨਤੀ ਲਈ ਕੁਰਬਾਨ ਕਰ ਦਿੱਤਾ ਹੈ। ਤੁਸੀਂ ਗੁਰੂ ਘਰ ਦੀ ਸੇਵਾ ਕਰਨ ਲਈ ਚੁਣ ਕੇ ਆਏ ਸੀ ਪਰ ਤੁਸੀਂ ਗੁਣਗਾਨ ਬਾਦਲ ਪਰਿਵਾਰ ਦੇ ਗਾਉਣੇ ਸ਼ੁਰੂ ਕਰ ਦਿੱਤੇ। ਤੁਹਾਨੂੰ ਸੇਵਾ ਮਿਲੀ ਸੀ ਕੌਮ ਦੀ ਅਗਵਾਈ ਕਰਨ ਦੀ ਪਰ ਤੁਸੀਂ ਪੰਥ ਵਿਰੋਧੀ ਬਾਦਲ ਪਰਿਵਾਰ ਦੇ ਚਮਚੇ ਬਣ ਗਏ। ਤੁਹਾਡੇ ਕਾਰਜਕਾਲ ਦੌਰਾਨ ਬਾਦਲਾਂ ਦੀ ਹਕੂਮਤ ਦੇ ਹਾਲਾਤ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਮੁਤਾਬਕ ਸਨ। ਜਿਸਦੇ ਚੱਲਦਿਆਂ ਰਾਜੇ ਜਾਲਮ ਸਨ, ਧਰਮ ਖੰਭ ਲਾ ਕੇ ਉਡ ਗਿਆ ਤੇ ਸੱਚ ਰੂਪ ਚੰਦਰਮਾ ਕਿਤੇ ਚੜਿਆ ਦਿਸਦਾ ਨਹੀਂ ਸੀ।

ਬਾਦਲਾਂ ਤੇ ਕੈਪਟਨ ਦੇ ਰਾਜ ਵਿੱਚ ਪੰਜਾਬ ਦੀਆਂ ਅਲੱਗ ਅੱਲਗ ਥਾਵਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਹੋਈਆ ਹਨ ਤੇ ਤੁਸੀਂ ਮੂਕ ਦਰਸ਼ਕ ਬਣ ਕੇ ਬੈਠੇ ਰਹੇ। ਤੁਸੀਂ ਬੇਅਦਬੀਆਂ ਕਰਵਾਉਣ ਦੇ ਦੋਸ਼ੀ ਸੌਦਾ ਸਾਧ ਤੋਂ ਬਾਦਲ ਪਰਿਵਾਰ ਲਈ ਵੋਟਾਂ ਲੈਣ ਕਾਰਨ ਇਸ ਦੰਭੀ ਪਖੰਡੀ ਦੀ ਡੰਡਉਤ ਕਰਦੇ ਰਹੇ। ਇੱਥੇ ਹੀ ਬੱਸ ਨਹੀਂ ਬਾਦਲਾਂ ਦੇ ਕਹਿਣ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਪੰਥ ਦੇ ਦੋਸ਼ੀ ਨੂੰ ਬਿਨਾਂ ਮਾਫੀ ਮੰਗਿਆਂ ਮੁਆਫ ਵੀ ਕਰ ਦਿੱਤਾ ਗਿਆ ਅਤੇ ਮੀਰੀ ਪੀਰੀ ਦੇ ਸਿਧਾਂਤ ਤੇ ਚੱਲਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਅੰਮ੍ਰਿਤ ਸੰਚਾਰ ਕਰਨ ਵਾਲੇ ਪੰਜਾਂ ਸਿੰਘਾਂ ਨੂੰ ਸੱਚ ਦੀ ਆਵਾਜ ਬੁਲੰਦ ਕਰਨ ਤੇ ਨੌਕਰੀਆਂ ਤੋਂ ਬਰਖਾਸਤ ਕਰ ਦਿੱਤਾ ਗਿਆ ਤਾਂ ਤੁਸੀਂ ਇਸ ਖਿਲਾਫ ਅਵਾਜ਼ ਬੁਲੰਦ ਕਰਨ ਦੀ ਜਗਾ ਮੌਨ ਵਰਤ ਧਾਰੀ ਬੈਠੇ ਰਹੇ ਤਾਂ ਕਿ ਬਾਦਲ ਅਗਲੀ ਚੋਣ ਜਿੱਤ ਸਕਣ। ਸਿੱਖ ਪੰਥ ਵੱਲੋਂ ਜਦ ਗੁਰੂ ਸਾਹਿਬ ਦੀਆਂ ਬੇਅਦਬੀਆਂ ਦੇ ਵਿਰੋਧ ਵਿੱਚ ਅਵਾਜ਼ ਉਠਾਈ ਅਤੇ ਧਰਨਿਆਂ ਤੇ ਬੇਠੇ ਤਾਂ ਬਾਦਲਾਂ ਦੀ ਬੁੱਚੜ ਪੁਲਿਸ ਨੇ ਗੋਲੀਆਂ ਦੀ ਬੁਛਾੜਾ ਸਿੱਖਾਂ ਉਤੇ ਕਰਕੇ ਉਹਨਾਂ ਨੂੰ ਸ਼ਹੀਦ ਕਰ ਦਿੱਤਾ, ਉਸ ਵੇਲੇ ਵੀ ਤੁਸੀਂ ਚੁੱਪੀ ਧਾਰੀ ਰੱਖੀ। ਬਾਦਲ ਪਰਿਵਾਰ ਨੂੰ ਤਾਂ ਸੰਗਤਾਂ ਨੇ ਚੋਣਾਂ ਵਿਚ ਨਿਕਾਰ ਦਿੱਤਾ ਹੈ ਪਰ ਤੁਸੀਂ ਅਜੇ ਵੀ ਉਹਨਾਂ ਦੀ ਅਧੀਨਗੀ ਭੁਗਤ ਰਹੇ ਹੋ। ਤੁਸੀਂ ਅਜੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਬੇਅਦਬੀ ਅਤੇ ਲਾਪਤਾ ਹੋਏ ਸਰੂਪਾਂ ਪ੍ਰਤੀ ਸੰਗਤਾਂ ਨੂੰ ਗੁੰਮਰਾਹ ਕਰ ਰਹੇ ਹੋ ਅਤੇ ਬੇਅਦਬੀਆਂ ਕਰਨ ਵਾਲੇ ਵਿਅਕਤੀਆਂ ਦੇ ਹੱਕ ਵਿੱਚ ਖੜ ਰਹੇ ਹੋ।

ਗੁਰੂ ਸਾਹਿਬ ਨੇ ਸਿੱਖਾਂ ਨੂੰ ਜ਼ੁਲਮ ਖਿਲਾਫ ਖੜਨ ਲਈ 'ਰਾਜੇ ਸ਼ੀਹ ਮੁਕਦਮ ਕੁਤੇ' ਕਹਿਣ ਦਾ ਸੰਦੇਸ਼ ਦਿੱਤਾ ਤੇ ਤੁਸੀਂ ਆਪਣੇ ਕੁਝ ਨਿੱਜੀ ਸੁੱਖ -ਸਹੂਲਤਾਂ ਲਈ ਪੰਥ ਦੋਖੀ ਬਾਦਲਾਂ ਖਿਲਾਫ ਅਵਾਜ਼ ਉਠਾਉਣ ਵਿੱਚ ਅਸਫਲ ਰਹੇ ਹੋ। ਤੁਹਾਨੂੰ ਸਿੱਖ ਇਤਿਹਾਸ ਦੀ ਘਟਨਾ ਚੇਤੇ ਕਰਾਉਣੀ ਜ਼ਰੂਰੀ ਬਣਦੀ ਹੈ ਕਿ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਭਾਈ ਮਹਾਂ ਸਿੰਘ ਅਤੇ ਸਾਥੀਆਂ ਨੇ ਬੇਦਾਵਾ ਲਿਖ ਕੇ ਦੇ ਦਿੱਤਾ ਸੀ ਪਰ ਉਨਾਂ ਦੀ ਜ਼ਮੀਰ ਨੂੰ ਮਾਤਾ ਭਾਗ ਕੌਰ ਜੀ ਨੇ ਝੰਜੋੜਿਆ ਸੀ ਅਤੇ ਭਾਈ ਮਹਾਂ ਸਿੰਘ ਤੇ ਸਾਥੀਆਂ ਨੇ ਜੰਗ ਦੇ ਮੈਦਾਨ ਵਿੱਚ ਜੂਝ ਕੇ ਸ਼ਹੀਦੀਆਂ ਪਾਈਆਂ ਤੇ ਗੁਰੂ ਸਾਹਿਬ ਨੇ ਤੁੱਠ ਕੇ ਉਨਾਂ ਦਾ ਬੇਦਾਵਾ ਪਾੜ ਦਿੱਤਾ ਸੀ। ਅੱਜ ਸਿੱਖ ਜਗਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 28 ਸਤੰਬਰ ਦੇ ਬਜਟ ਇਜਲਾਸ ਵਾਲੇ ਦਿਨ ਬੜੀ ਉਮੀਦ ਨਾਲ ਇੰਤਜ਼ਾਰ ਕਰੀ ਬੈਠਾ ਹੈ ਕਿ ਤੁਹਾਡੇ ਵਿੱਚੋਂ ਕੌਣ ਕੌਣ ਭਾਈ ਮਹਾਂ ਸਿੰਘ ਬਣ ਕੇ ਨਿੱਤਰੇਗਾ ਅਤੇ ਤੁਹਾਡੇ ਪਰਿਵਾਰ ਚੋਂ ਮਾਤਾ ਭਾਗ ਕੌਰ ਬਣ ਕੇ ਤੁਹਾਡੀ ਆਤਮਾ ਨੂੰ ਕੌਣ ਝੰਜੋੜੇਗਾ।

ਮੈਂਬਰ ਸਾਹਿਬਾਨ ਜੀਓ, ਗੁਰੂ ਖਾਲਸਾ ਪੰਥ ਬਖਸ਼ਣ ਯੋਗ ਹੈ। ਤੁਹਾਡੇ ਵੱਲੋਂ ਪਿਛਲੇ ਸਮੇਂ ਹੋਈਆਂ ਭੁੱਲਾਂ ਗੁਰੂ ਨੂੰ ਬੇਦਾਵਾ ਲਿਖਣ ਦੇ ਸਾਮਾਨ ਹਨ ਜਿਸ ਕਾਰਨ ਪੰਥ ਵਿੱਚ ਰੋਹ ਹੈ। ਪਰ ਜੇ ਤੁਸੀਂ ਨਿਮਰਤਾ ਅਤੇ ਇਮਾਨਦਾਰੀ ਨਾਲ ਗੁਰੂ ਖਾਲਸਾ ਪੰਥ ਅੱਗੇ ਬਹੁੜੀ ਕਰੋਗੇ ਤਾਂ ਪੰਥ ਯਕੀਨਨ ਹੀ ਤੁਹਾਨੂੰ ਮਾਫ ਕਰੇਗਾ।

ਗੁਰੂ ਪੰਥ ਦੇ ਦਾਸ ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ
ਪੰਜਾ ਸਿੰਘਾਂ ਚੋਂ ਭਾਈ ਸਤਨਾਮ ਸਿੰਘ ਝੰਜੀਆਂ, ਭਾਈ ਤਰਲੋਕ ਸਿੰਘ, ਐਡਵੋਕੇਟ ਅਮਰ ਸਿੰਘ ਚਾਹਲ, ਬਾਪੂ ਗੁਰਚਰਨ ਸਿੰਘ, ਪ੍ਰੋ. ਬਲਜਿੰਦਰ ਸਿੰਘ, ਬਲਬੀਰ ਸਿੰਘ ਹਿਸਾਰ ਨਿੱਜੀ ਸਹਾਇਕ ਜਥੇਦਾਰ ਹਵਾਰਾ, ਮਹਾਬੀਰ ਸਿੰਘ ਸੁਲਤਾਨਵਿੰਡ, ਸੁਖਰਾਜ ਸਿੰਘ ਵੇਰਕਾ, ਕੁਲਦੀਪ ਸਿੰਘ ਦੁਬਾਲੀ, ਬਲਜੀਤ ਸਿੰਘ ਭਾਊ, ਜਸਪਾਲ ਸਿੰਘ ਪੁਤਲੀਘਰ, ਮਾਸਟਰ ਬਲਦੇਵ ਸਿੰਘ ।
9888001888, 9888163281

**ਨੋਟ: ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਦੇ ਚੋਣਵੇਂ ਮੈਂਬਰ ਗੁਰੂ ਕਿਰਪਾ ਸਦਕਾ ਸਿਧਾਂਤਕ ਤੌਰ ਤੇ ਕਾਰਜਸ਼ੀਲ ਹਨ ਉਨਾਂ ਦੀ ਅਸੀਂ ਸ਼ਲਾਘਾ ਕਰਦੇ ਹਾਂ।**

# ਤੁਹਾਡੀਆਂ ਮੰਡੀਆਂ ਖਤਮ ਕਰਨ ਲਈ ਅੰਬਾਨੀ ਦੀ ਆਨਲਾਈਨ ਮੰਡੀ 'ਜੀਓ-ਮਾਰਟ' ਤਿਆਰ ਹੋ ਚੁੱਕੀ ਹੈ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਸਰਕਾਰ ਵੱਲੋਂ ਬਣਾਏ ਗਏ ਨਵੇਂ ਖੇਤੀ ਕਾਨੂੰਨਾਂ ਵਿਚ ਮੁੱਖ ਬਿੰਦੂ ਇਹ ਹੈ ਕਿ ਸਰਕਾਰ ਖੇਤੀ ਜਿਣਸਾਂ ਦੀ ਮੰਡੀ ਨੂੰ ਆਨਲਾਈਨ ਕਰਨਾ ਚਾਹੁੰਦੀ ਹੈ। ਆਨਲਾਈਨ ਮੰਡੀ ਦਾ ਖੇਤਰ ਆਮ ਵਪਾਰੀਆਂ ਦੀ ਪਹੁੰਚ ਤੋਂ ਪਰੇ ਹੈ ਅਤੇ ਇਹ ਖੇਤੀ ਜਿਣਸਾਂ ਦੀ ਮੰਡੀ ਨੂੰ ਕੁੱਝ ਅਮੀਰ ਘਰਾਣਿਆਂ ਹੱਥ ਸੌਂਪਣ ਦਾ ਰਾਹ ਪੱਧਰਾ ਕਰਨ ਵਾਲੀ ਗੱਲ ਹੈ। ਭਾਵੇਂ ਕਿ ਆਨਲਾਈਨ ਖਰੀਦੋ-ਫਰੋਖਤ ਵਾਲੀ ਵੈਬਸਾਈਟ ਕੋਈ ਵੀ ਬਣਾ ਸਕਦਾ ਹੈ ਪਰ ਇਸ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਵੱਡੇ ਪੂੰਜੀ ਨਿਵੇਸ਼ ਦੀ ਜ਼ਰੂਰਤ ਹੁੰਦੀ ਹੈ ਜਿਸ ਵਿਚ ਛੋਟਾ ਵਪਾਰੀ ਵੱਡੇ ਕਾਰੋਬਾਰੀ ਅਦਾਰਿਆਂ ਨੂੰ ਮੁਕਾਬਲਾ ਨਹੀਂ ਦੇ ਸਕਦਾ। 12 ਨਵੰਬਰ, 2019 ਨੂੰ ਭਾਰਤੀ ਦੀ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਪੇਂਡੂ ਅਤੇ ਖੇਤੀਬਾੜੀ ਅਰਥਚਾਰੇ ਬਾਰੇ 6ਵੀਂ ਵਿਸ਼ਵ ਕਾਂਗਰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਤੀ ਜਿਣਸਾਂ ਦੀ ਮੰਡੀ ਨੂੰ ਆਨਲਾਈਨ ਕਰਨਾ ਸਰਕਾਰ ਦੇ ਮੁੱਖ ਏਜੰਡੇ 'ਤੇ ਹੈ ਅਤੇ ਉਹਨਾਂ ਸੂਬਾ ਸਰਕਾਰਾਂ ਨੂੰ ਕਿਹਾ ਕਿ ਉਹ ਆਪਣੀਆਂ ਸਰਕਾਰੀ ਮੰਡੀਆਂ (ਏਪੀਐਮਸੀ) ਨੂੰ ਭੰਗ ਕਰਕੇ ਖੇਤੀ ਜਿਣਸਾਂ ਦੀ ਆਨਲਾਈਨ ਮੰਡੀ ਦੇ ਢਾਂਚੇ ਇਲੈਕਟਰੋਨਿਕ ਨੈਸ਼ਨਲ ਐਗਰੀਕਲਚਰ




ਮਾਰਕੀਟ (ਈਐਨਏਐਮ) ਨਾਲ ਜੁੜਨ। ਭਾਰਤੀ ਖਜ਼ਾਨਾ ਮੰਤਰੀ ਨੇ ਉਸ ਦਿਨ ਸਪਸ਼ਟ ਕਿਹਾ ਸੀ ਕਿ ਖੇਤੀ ਜਿਣਸਾਂ ਦੀਆਂ ਸਰਕਾਰੀ ਮੰਡੀਆਂ ਆਪਣਾ ਵੇਲਾ ਵਿਹਾਅ ਚੁੱਕੀਆਂ ਹਨ। ਸਰਕਾਰ ਦਾ ਨਿਸ਼ਾਨਾ 2022 ਤਕ ਖੇਤੀ ਜਿਣਸਾਂ ਦੀ ਮੰਡੀ ਦਾ ਵੱਧ ਤੋਂ ਵੱਧ ਵਪਾਰ ਸਥਾਨਕ ਮੰਡੀਆਂ ਦੀ ਥਾਂ ਆਨਲਾਈਨ ਮੰਡੀ 'ਤੇ ਲੈ ਕੇ ਜਾਣਾ ਹੈ, ਜਿਸ ਤੋਂ ਸਪਸ਼ਟ ਹੈ ਕਿ ਸਾਡੀਆਂ ਸਥਾਨਕ ਮੰਡੀਆਂ ਖਤਮ ਹੋ ਜਾਣਗੀਆਂ।

ਭਾਰਤ ਦੀ ਖਜ਼ਾਨਾ ਮੰਤਰੀ ਦੇ ਇਸ ਬਿਆਨ ਤੋਂ ਕੁੱਝ ਦਿਨਾਂ ਬਾਅਦ ਹੀ ਰਿਲਾਇੰਸ ਕੰਪਨੀ ਦੇ ਮਾਲਕ ਮੁਕੇਸ਼ ਅੰਬਾਨੀ ਨੇ ਆਪਣੀ ਆਨਲਾਈਨ ਮੰਡੀ "ਜੀਓ-ਮਾਰਟ" ਦੀ ਸ਼ੁਰੂਆਤ ਕਰ ਦਿੱਤੀ। ਜੀਓ ਮਾਰਟ ਮੁਕੇਸ਼ ਅੰਬਾਨੀ ਦੀ ਮਾਲਕੀ ਵਾਲੀਆਂ ਰਿਲਾਇੰਸ ਰਿਟੇਲ ਅਤੇ ਜੀਓ ਪਲੈਟਫਾਰਮ ਦਾ ਸਾਂਝਾ ਪ੍ਰੋਜੈਕਟ ਹੈ। ਇਸ ਦੀ ਸ਼ੁਰੂਆਤ ਦਸੰਬਰ 2019 ਵਿਚ ਕੀਤੀ ਗਈ। ਪਹਿਲਾਂ ਮੁੱਢਲੇ ਤੌਰ 'ਤੇ ਨਿਰੀਖਣ ਲਈ ਇਸਨੂੰ ਮਹਾਰਾਸ਼ਟਰ ਦੇ ਕੁੱਝ ਇਲਾਕਿਆਂ ਵਿਚ ਚਲਾਇਆ ਗਿਆ ਅਤੇ ਮਈ 2020 ਵਿਚ ਜੀਓ ਮਾਰਟ ਨੂੰ ਭਾਰਤ ਦੇ 200 ਸ਼ਹਿਰਾਂ ਅਤੇ ਕਸਬਿਆਂ ਵਿਚ ਸ਼ੁਰੂ ਕਰ ਦਿੱਤਾ ਗਿਆ ਹੈ। ਹੁਣ ਤਕ ਇਸਦੀ ਫੋਨ ਐਪਲੀਕੇਸ਼ਨ ਨੂੰ 1 ਮਿਲੀਅਨ ਤੋਂ ਵੱਧ ਲੋਕ ਡਾਊਨਲੋਡ ਕਰ ਚੁੱਕੇ ਹਨ। ਜੀਓ ਮਾਰਟ ਇਕ ਤਰਾਂ ਦੀ ਆਨਲਾਈਨ ਮੰਡੀ ਹੈ ਜਿੱਥੇ ਖੇਤੀ ਜਿਣਸਾਂ ਨੂੰ ਵੇਚਿਆ ਜਾ ਰਿਹਾ ਹੈ। ਪੰਜਾਬ ਦੇ ਕਈ ਸ਼ਹਿਰਾਂ ਜਿਵੇਂ ਬਠਿੰਡਾ, ਲੁਧਿਆਣਾ, ਜਲੰਧਰ ਵਿਚ ਜੀਓ ਮਾਰਟ ਨੇ ਸਮਾਨ ਵੇਚਣਾ ਸ਼ੁਰੂ ਕਰ ਦਿੱਤਾ ਹੈ। ਰਿਲਾਇੰਸ ਆਪਣੀ ਇਸ ਆਨਲਾਈਨ ਮੰਡੀ ਰਾਹੀਂ ਸਬਜ਼ੀਆਂ, ਆਟਾ, ਦਾਲਾਂ, ਦੁੱਧ ਤੇ ਦੁੱਧ ਤੋਂ ਤਿਆਰ ਵਸਤਾਂ ਸਮੇਤ ਕਈ ਜਿਣਸਾਂ ਵੇਚ ਰਿਹਾ ਹੈ।

# ਨਵੇਂ ਖੇਤੀ ਕਾਨੂੰਨ: ਸਿਰਫ ਮਸਲੇ ਦੀ ਬਜਾਏ ਹਾਲਾਤ ਨੂੰ ਨਜਿੱਠਣ ਦੇ ਸਮਰੱਥ ਹੋਣ ਦੀ ਪਹੁੰਚ ਅਪਣਾਈ ਜਾਵੇ

**- ਪਰਮਜੀਤ ਸਿੰਘ**

ਕਿਰਸਾਨੀ ਅਤੇ ਖੇਤੀ-ਅਰਥਚਾਰਾ ਦਹਾਕਿਆਂ ਤੋਂ ਸੰਕਟ ਵਿੱਚ ਹੈ। ਪਹਿਲੇ ਪ੍ਰਬੰਧਾਂ ਤਹਿਤ ਵੀ ਕਿਸਾਨੀ ਦੀ ਹਾਲਤ ਲਗਾਤਾਰ ਖਸਤਾ ਹੁੰਦੀ ਗਈ ਹੈ ਅਤੇ ਕਿਸਾਨ, ਖਾਸ ਕਰਕੇ ਘੱਟ ਤੇ ਦਰਮਿਆਨੇ ਵਾਹੀ ਰਕਬੇ ਵਾਲੇ, ਕਰਜਿਆਂ ਦੇ ਭਾਰ ਹੇਠ ਹੀ ਹਨ। ਇਸ ਦੌਰਾਨ ਨਵੇਂ ਖੇਤੀ ਕਾਨੂੰਨਾਂ ਨੇ ਕਿਸਾਨਾਂ ਵਿੱਚ ਭਾਰੀ ਰੋਹ ਭੜਕਾਅ ਦਿੱਤਾ ਹੈ ਜਿਸ ਦਾ ਪ੍ਰਗਟਾਵਾ ਪੰਜਾਬ ਤੇ ਹਰਿਆਣੇ ਵਿੱਚ ਕਿਸਾਨਾਂ ਦੇ ਜ਼ਬਰਦਸਤ ਵਿਰੋਧ ਦੇ ਰੂਪ ਵਿੱਚ ਹੋ ਰਿਹਾ ਹੈ।

ਜਿਸ ਤਰਾਂ ਇਸ ਮਾਮਲੇ ਵਿੱਚ ਵਿਆਪਕ ਵਿਰੋਧ ਪਰਗਟ ਹੋਇਆ ਹੈ ਉਸ ਨੂੰ ਖੜਾ ਕਰਨ ਦੀ ਸ਼ੁਰੂਆਤ ਭਾਵੇਂ ਕਿਸਾਨ ਜਥੇਬੰਦੀਆਂ ਨੇ ਹੀ ਕੀਤੀ ਸੀ ਪਰ ਹੁਣ ਇਸ ਵਿੱਚ ਸਮਾਜ ਦੇ ਬਹੁਭਾਂਤੀ ਹਿੱਸੇ ਮੈਦਾਨ ਵਿੱਚ ਆ ਗਏ ਹਨ, ਜਿਨਾਂ ਵਿੱਚ ਕਿਸਾਨ ਯੂਨੀਅਨਾਂ ਤੋਂ ਇਲਾਵਾ ਸਿਆਸੀ ਪਾਰਟੀਆਂ, ਖੇਤੀ ਤੇ ਮੰਡੀ ਮਜਦੂਰ ਧਿਰਾਂ, ਆੜਤੀਏ, ਨੌਜਵਾਨ, ਵਿਦਿਆਰਥੀ, ਕਲਾਕਾਰ ਅਤੇ ਧਾਰਮਿਕ ਤੇ ਹੋਰ ਸਮਾਜਿਕ ਹਿੱਸੇ ਸ਼ਾਮਿਲ ਹਨ।

ਕਿਸਾਨ ਧਿਰਾਂ ਵੱਲੋਂ ਜੋ ਬਿਰਤਾਂਤ ਪੇਸ਼ ਕੀਤਾ ਜਾ ਰਿਹਾ ਹੈ ਉਸ ਵਿੱਚੋਂ ਜੋ ਮੁੱਖ ਨੁਕਤੇ ਉੱਭਰਦੇ ਹਨ ਉਹ ਇਹ ਹਨ ਕਿ ਨਵੇਂ ਕਾਨੂੰਨਾਂ ਤਹਿਤ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਅਤੇ ਸਰਕਾਰੀ ਖਰੀਦ (ਮੰਡੀਕਰਨ) ਦਾ ਪ੍ਰਬੰਧ ਖਤਮ ਕਰ ਦਿੱਤਾ ਜਾਵੇਗਾ ਜਿਸ ਕਾਰਨ ਪਹਿਲਾਂ ਫਸਲਾਂ ਦੀ ਖਰੀਦ ਤੇ ਭਾਅ ਵੱਡੀਆਂ ਕੰਪਨੀਆਂ ਅਧੀਨ ਹੋ ਜਾਣਗੇ। ਇਸ ਦਾ ਅਗਲਾ ਪੜਾਅ ਇਹ ਹੋਵੇਗਾ ਕਿ ਇਹ ਕੰਪਨੀਆਂ ਅਖੀਰ ਨੂੰ ਕਿਸਾਨਾਂ ਦੀ ਜ਼ਮੀਨ ਉੱਤੇ ਕਾਬਜ਼ ਹੋ ਜਾਣਗੀਆਂ। ਕਿਸਾਨ ਧਿਰਾਂ ਇਹ ਨੁਕਤਾ ਉਭਾਰ ਰਹੀਆਂ ਹਨ ਕਿ ਸਰਕਾਰ ਇਨਾਂ ਕਾਨੂੰਨਾਂ ਰਾਹੀਂ ਖੇਤੀ ਵਿੱਚ 'ਪੂੰਜੀਵਾਦੀ ਕਾਰਪੋਰੇਟ ਮਾਡਲ' ਲਿਆਉਣ ਜਾ ਰਹੀ ਹੈ ਜੋ ਕਿ ਕਿਸਾਨੀ ਲਈ 'ਮੌਤ ਦੇ ਵਰੰਟ' ਹਨ। ਇਹਨਾਂ ਧਿਰਾਂ ਵਲੋਂ ਇਹ ਗੱਲ ਵੀ ਕਹੀ ਜਾ ਰਹੀ ਕਿ ਇਨਾਂ ਕਾਨੂੰਨਾਂ ਦਾ ਅਸਰ ਕਿਸਾਨਾਂ ਤੋਂ ਇਲਾਵਾ ਖੇਤੀਬਾੜੀ ਅਤੇ ਮੰਡੀਕਰਨ ਨਾਲ ਸੰਬੰਧਤ ਹੋਰਨਾਂ ਹਿੱਸਿਆਂ ਉੱਤੇ ਵੀ ਪਵੇਗਾ ਅਤੇ ਇਸ ਨਵੇਂ ਪ੍ਰਬੰਧ ਤਹਿਤ ਜਖੀਰੇਬਾਜ਼ੀ ਤੇ ਕਾਲਾ-ਬਜ਼ਾਰੀ ਲਈ ਰਾਹ ਖੁੱਲਣ ਕਾਰਨ ਇਸ ਦੀ ਮਾਰ ਉਪਭੋਗਤਾ ਨੂੰ ਵੀ ਝੱਲਣੀ ਪਵੇਗੀ। ਆਰਥਕ ਪੱਖੋਂ ਵੇਖਿਆਂ ਇਹ ਗੱਲਾਂ ਦਰੁਸਤ ਵੀ ਹਨ।

ਇਸ ਮਸਲੇ ਦੇ ਹੱਲ ਲਈ ਕਿਸਾਨ ਯੂਨੀਅਨਾਂ ਦੀ ਪਹੁੰਚ ਇਹ ਹੈ ਕਿ 'ਜਥੇਬੰਦਕ ਘੋਲ' ਰਾਹੀਂ ਇਸ ਮਾਮਲੇ ਵਿੱਚ ਕੇਂਦਰ ਦੀ ਮੋਦੀ ਸਰਕਾਰ ਨੂੰ ਝੁਕਾ ਕੇ ਇਹਨਾਂ ਕਾਨੂੰਨਾਂ ਨੂੰ ਰੱਦ ਕਰਵਾਇਆ ਜਾਵੇ, ਜਾਂ ਇਨਾਂ ਵਿੱਚ ਤਬਦੀਲੀ ਕਰਵਾਈ ਜਾਵੇ ਤਾਂ ਕਿ 'ਐਮ.ਐਸ.ਪੀ.' ਤੇ 'ਮੰਡੀਕਰਨ' ਦਾ ਚੱਲਦਾ ਆ ਰਿਹਾ ਪ੍ਰਬੰਧ ਜਾਰੀ ਰਹੇ।

ਇਸ ਬਿਰਤਾਂਤ ਵਿੱਚੋਂ ਇਹ ਬੁਨਿਆਦੀ ਧਾਰਨਾਵਾਂ ਉੱਘੜਦੀਆਂ ਹਨ ਕਿ ਇਹ ਮਸਲਾ ਇੱਕ ਆਰਥਿਕ ਮਾਮਲਾ ਹੈ। ਮੋਦੀ ਸਰਕਾਰ ਕਾਰਪੋਰੇਟਾਂ ਦੇ ਦਬਾਅ ਹੇਠ ਸਰੀਹਣ ਧੱਕਾ ਕਰ ਰਹੀ ਹੈ। ਸਰਕਾਰ ਨੂੰ ਝੁਕਾਅ ਕੇ ਪਹਿਲੇ ਪ੍ਰਬੰਧ ਜਾਂ ਘੱਟੋ-ਘੱਟ ਇਸ ਵਿਚਲੇ ਦੋ ਅਹਿਮ ਨੁਕਤਿਆਂ 'ਐਮ.ਐਸ.ਪੀ.' ਤੇ 'ਮੰਡੀਕਰਨ' ਦੀ ਲਗਾਤਾਰਤਾ ਦੀ ਕਾਨੂੰਨਨ ਜਾਮਨੀ ਲਈ ਜਾਵੇ।

ਇਸ ਚੱਲ ਰਹੇ ਬਿਰਤਾਂਤ ਵਿੱਚ ਆਰਥਕ ਸੁਰ ਭਾਰੀ ਹੈ ਪਰ ਅਜਿਹਾ ਨਹੀਂ ਹੈ ਕਿ ਰਾਜਨੀਤਕ ਸੁਰ ਮਨਫੀ ਹੈ। ਸੰਘਰਸ਼ ਵਿਚਲੇ ਹਿੱਸਿਆ ਵੱਲੋਂ ਮਾਮਲੇ ਨੂੰ ਰਾਜਨੀਤਕ ਨੁਕਤਾ-ਨਿਗਾਹ ਤੋਂ ਵੀ ਵੇਖਿਆ ਜਾ ਰਿਹਾ ਹੈ ਪਰ ਉਸ ਦਾ ਦਾਇਰਾ ਬਹੁਤ ਹੀ ਸੀਮਿਤ ਹੈ। ਆਰਥਕ ਬਿਰਤਾਂਤ ਉਭਾਰਨ ਵਾਲੀਆਂ ਧਿਰਾਂ ਵੱਲੋਂ ਇਸ ਗੱਲ ਦਾ ਜ਼ਿਕਰ ਜਰੂਰ ਆ ਰਿਹਾ ਹੈ ਕਿ ਮੋਦੀ ਸਰਕਾਰ ਨੇ 'ਜਮਹੂਰੀਅਤ ਦਾ ਘਾਣ ਕੀਤਾ ਹੈ' ਕਿਉਂਕਿ ਰਾਜ-ਸਭਾ ਵਿੱਚ 'ਧੱਕੇਸ਼ਾਹੀ' ਨਾਲ ਹੀ ਬਿਨਾ ਵੋਟਾਂ ਪਵਾਏ ਬਿੱਲ ਪਾਸ ਕਰਵਾ ਲਏ ਗਏ। ਦੂਜੀ ਗੱਲ ਇਹ ਕਿ ਕੇਂਦਰ ਸਰਕਾਰ ਨੇ ਉਨਾਂ ਵਿਸ਼ਿਆਂ ਉੱਤੇ ਕਾਨੂੰਨ ਬਣਾਏ ਹਨ ਜੋ ਕਿ ਸੰਵਿਧਾਨ ਮੁਤਾਬਿਕ ਸੂਬਿਆਂ ਦੇ ਵਾਹਿਦ ਅਖਤਿਆਰਾਂ ਦੇ ਮਾਮਲੇ ਹਨ। ਇੰਝ 'ਸੰਵਿਧਾਨ ਦੀ ਉਲੰਘਣਾ' ਹੋਈ ਹੈ ਜਿਸ ਨਾਲ 'ਫੈਡਰਲ ਢਾਂਚੇ' ਨੂੰ ਢਾਹ ਲੱਗੀ ਹੈ। ਮਾਮਲੇ ਦੇ ਰਾਜਨੀਤਿਕ ਪੱਖਾਂ ਬਾਰੇ ਇਹ ਪਹੁੰਚ ਬਹੁਤ ਸੀਮਿਤ ਹੈ ਅਤੇ ਲਾ-ਪਾ ਕੇ ਸੰਵਿਧਾਨਕ ਉਲੰਘਣਾ ਦੇ ਦਾਇਰੇ ਤੱਕ ਹੀ ਸੀਮਿਤ ਹੈ।

ਇੰਝ ਹਾਲ ਦੀ ਘੜੀ ਤੱਕ ਸਾਰੇ ਮਾਮਲੇ ਨੂੰ ਉਨਾਂ ਦਾਇਰਿਆਂ ਵਿੱਚ ਵਿਚਾਰਿਆ ਜਾ ਰਿਹਾ ਹੈ ਜਿਨਾਂ ਤਹਿਤ ਇਸ ਦੇ ਸਾਰੇ ਪੱਖ ਉੱਘੜ ਕੇ ਸਾਹਮਣੇ ਨਹੀਂ ਆ ਰਹੇ ਅਤੇ ਗੱਲ ਸਿਰਫ ਆਰਥਕ ਪੱਖ ਤੱਕ, ਤੇ ਸੀਮਿਤ ਰੂਪ ਵਿੱਚ ਰਾਜਨੀਤਿਕ ਪੱਖ ਤੱਕ ਹੀ ਵਿਚਾਰੀ ਤੇ ਪ੍ਰਚਾਰੀ ਜਾ ਰਹੀ ਹੈ। ਇਸ ਤਹਿਤ ਨਵੇਂ ਕਾਨੂੰਨ-ਪ੍ਰਬੰਧ ਅਤੇ ਮੋਦੀ ਸਰਕਾਰ ਦੇ ਅੜੀਅਲ ਰਵੱਈਏ ਨੂੰ ਹੀ ਸਮੱਸਿਆ ਦੀ ਜੜ ਦੱਸਿਆ ਜਾ ਰਿਹਾ ਹੈ।

ਅਸਲ ਵਿੱਚ ਇਹ ਦੋਵੇਂ ਗੱਲਾਂ ਹੀ ਸਮੱਸਿਆ ਦੀ ਮੂਲ ਜੜ ਨਹੀਂ ਹਨ ਬਲਕਿ ਇਸ ਮਾਮਲੇ ਦੀ ਜੜ ਭਾਲਣ ਲਈ ਦਿੱਲੀ ਤਖਤ ਦੀ ਤਾਸੀਰ ਨੂੰ ਸਮਝਣਾ ਜਰੂਰੀ ਹੈ, ਜਿਸ ਦੀਆਂ ਚਾਰ ਮੁੱਖ ਪਰਤਾਂ ਹਨ।

ਪਹਿਲੀ ਪਰਤ ਇਸ ਦੇ ਸਾਮਰਾਜੀ ਢਾਂਚੇ ਦੀ ਹੈ ਜਿਸ ਵਿੱਚ ਕੁਦਰਤੀ ਸਾਧਨਾਂ ਦੀ ਲੁੱਟ ਅਤੇ ਮਨੁੱਖਾਂ ਨਾਲ ਗੁਲਾਮਾਂ ਵਾਲੇ ਵਰਤਾਉ ਦੀ ਬਿਰਤੀ ਸੁੱਤੇ ਸਿਧ ਮੌਜੂਦ ਹੈ। ਇਸ ਢਾਂਚੇ ਦੀ ਪਹੁੰਚ ਕਿਸੇ ਵੀ ਮਸਲੇ ਵਿੱਚ ਸ਼ਹਿਰੀਆਂ ਦੀ ਸਹਿਮਤੀ ਦਲੀਲ ਜਾਂ ਅਪੀਲ ਦੀ ਬਜਾਏ ਸਰੀਹਣ ਧੱਕੇ ਨਾਲ ਹਾਸਲ ਕਰਨ ਵਾਲੀ ਹੀ ਰਹੀ ਹੈ। ਖੇਤੀ ਕਾਨੂੰਨ ਪਾਸ ਕਰਨ ਲਈ ਰਾਜ ਸਭਾ ਵਿੱਚ ਅਪਣਾਈ ਗਈ ਪਹੁੰਚ ਤੋਂ ਇੰਡੀਅਨ ਸਟੇਟ ਦਾ ਸਾਮਰਾਜੀ ਚਰਿੱਤਰ ਸਪਸ਼ਟ ਪਛਾਣਿਆ ਜਾ ਸਕਦਾ ਹੈ।

ਦੂਜੀ ਪਰਤ ਇਸ ਖਿੱਤੇ ਵਿੱਚ ਨਸਲਾਂ, ਕੌਮਾਂ, ਸੱਭਿਆਚਾਰਕ ਤੇ ਭਾਸ਼ਾਈ ਪਛਾਣਾਂ, ਇਤਿਹਾਸਕ ਰਾਜਾਂ ਅਤੇ ਵੱਖਰੇ ਧਰਮਾਂ ਨੂੰ ਇੱਕੋ ਰਾਜਨੀਤਕ ਢਾਂਚੇ ਹੇਠ ਰੱਖਣ ਲਈ ਇੱਥੇ ਇੱਕ ਨੇਸ਼ਨ-ਸਟੇਟ ਬਣਾਉਣ ਦਾ ਅਮਲ ਹੈ ਜਿਸ ਤਹਿਤ 'ਰਾਸ਼ਟਰ-ਨਿਰਮਾਣ' ਦੇ ਨਾਂ ਹੇਠ ਵਿਲੱਖਣ ਪਛਾਣਾਂ ਅਤੇ ਵੱਖ-ਵੱਖ ਵਰਗਾਂ ਦੇ ਹੱਕੀ ਸੰਘਰਸ਼ਾਂ ਨੂੰ ਦਰੜਿਆ ਜਾਂਦਾ ਹੈ। ਜਦੋਂ ਇੰਡੀਆ ਦੇ ਵੱਖ-ਵੱਖ ਮੁਲਕਾਂ (ਸੂਬਿਆਂ) ਵਿੱਚ ਖੇਤੀ ਦੇ ਹਲਾਤ ਭਿੰਨ-ਭਿੰਨ ਹਨ ਉਦੋਂ ਇਸ ਸਾਰੇ ਖੇਤਰ ਲਈ ਇਕੋ ਖੇਤੀ ਕਾਨੂੰਨ ਲਾਗੂ ਕਰਨਾ ਇਸੇ ਅਮਲ ਦਾ ਹੀ ਨਤੀਜਾ ਹੈ।

ਤੀਜੀ ਪਰਤ ਬਿੱਪਰ ਸੰਸਕਾਰ ਦੀ ਹੈ ਜੋ ਕਿ ਵਰਣ-ਵੰਡ ਅਧਾਰਤ ਮਨੁੱਖੀ ਵੰਡ ਅਤੇ ਊਠ-ਨੀਚ ਦਾ ਅਜਿਹਾ ਵਿਚਾਰ ਹੈ ਜਿਸ ਵਿੱਚੋਂ ਬਰਾਬਰੀ ਅਤੇ ਦਇਆ ਦੇ ਬੁਨਿਆਦੀ ਤੱਤ ਹੀ ਮਨਫੀ ਹਨ। ਇਹ ਬਿਰਤੀ ਆਪਣੇ ਮਨੋਰਥਾਂ ਦੀ ਪੂਰਤੀ ਲਈ ਆਪਣੇ ਵਕਤੀ ਮੁਫਾਦਾਂ ਨੂੰ ਵੀ ਵੇਖਦੀ ਹੈ ਤੇ ਦੂਜਿਆਂ ਜਾਂ ਸਰਬੱਤ ਦੇ ਭਲੇ ਦੇ ਅੰਸ਼ ਮਾਤਰ ਤੋਂ ਵੀ ਹੀਣ ਹੈ।

ਚੌਥੀ ਪਰਤ 'ਪੂੰਜੀਵਾਦੀ ਆਰਥਕ ਪ੍ਰਬੰਧ' ਦੀ ਹੈ ਜਿਸ ਤਹਿਤ ਪਿਛਲੇ ਤਿੰਨ ਦਹਾਕਿਆਂ ਤੋਂ ਸਾਰੀਆਂ ਨੀਤੀਆਂ ਕੁਝ ਕੁ ਸਿਰਮਾਏਦਾਰਾਂ ਅਤੇ ਕਾਰਪੋਰੇਟ ਕੰਪਨੀਆਂ ਦੇ ਮੁਨਾਫੇ ਲਈ ਘੜੀਆਂ ਜਾ ਰਹੀਆਂ ਹਨ।

ਸੋ ਸਾਮਰਾਜੀ ਢਾਂਚੇ ਵਾਲੇ ਦਿੱਲੀ ਤਖਤ ਉੱਤੇ ਕਾਬਜ਼ ਬਿੱਪਰ ਵੱਲੋਂ ਆਪਣੇ-ਆਪ ਨੂੰ ਉੱਤਮ ਤੇ ਬਾਕੀਆਂ ਨੂੰ ਆਪਣੇ ਗੁਲਾਮ ਬਣਾਉਣ ਦੇ ਮਨਸੂਬੇ ਨੂੰ ਨੇਸ਼ਨ-ਸਟੇਟ ਦੇ ਅਮਲ ਤੇ ਪੂੰਜੀਵਾਦੀ ਕਾਰਪੋਰੇਟ ਮਾਡਲ ਰਾਹੀਂ ਪੂਰਾ ਕਰਨ ਦਾ ਅਮਲ ਸਿਰਫ ਇਸ ਮਸਲੇ ਹੀ ਨਹੀਂ ਬਲਿਕ ਪੂਰੇ ਮੌਜੂਦਾ ਹਾਲਾਤ ਦੀ ਅਸਲ ਜੜ ਹੈ। ਬਿੱਪਰ ਇਹਨਾਂ ਕਾਨੂੰਨਾਂ ਸਮੇਤ ਹਾਲ ਵਿੱਚ ਹੀ ਚੁੱਕੇ ਗਏ ਹੋਰਨਾਂ ਕਦਮਾਂ ਨਾਲ ਇਸ ਅਮਲ ਨੂੰ ਅਗਲੇ ਪੜਾਅ ਪੜਾਅ ਵਿੱਚ ਲੈ ਗਿਆ ਹੈ। ਇਹ ਕਾਨੂੰਨ ਉਸ ਅਗਲੇ ਪੜਾਅ ਦੀਆਂ ਬੁਨਿਆਦੀ ਲੋੜਾਂ ਵਿੱਚ ਸ਼ਾਮਿਲ ਹੋਣ ਕਰਕੇ ਇਨਾਂ ਨੂੰ ਲਾਗੂ ਕਰਨਾ ਦਿੱਲੀ ਤਖਤ ਲਈ ਅਤਿ ਜਰੂਰੀ ਹੈ। ਜੋ ਧਿਰਾਂ ਇਨਾਂ ਕਾਨੂੰਨਾਂ ਨੂੰ ਬਿੱਪਰਵਾਦੀ ਦਿੱਲੀ ਤਖਤ ਦੇ ਮਨਸੂਬਿਆਂ ਦੀ ਪੂਰਤੀ ਦੇ ਅਗਲੇ ਪੜਾਅ ਦੇ ਰਾਜਨੀਤਕ ਨੁਕਤੇ ਦੀ ਬਜਾਏ ਕਾਰਪੋਰੇਟ ਖੇਤੀ ਮਾਡਲ ਲਾਗੂ ਕਰਨ ਦੀ ਜਿਦ ਦੇ ਆਰਥਿਕ ਨੁਕਤੇ ਤੱਕ ਸੀਮਿਤ ਕਰਕੇ ਵੇਖ ਰਹੀਆਂ ਹਨ ਉਹਨਾਂ ਨੂੰ ਲੱਗ ਰਿਹਾ ਹੈ ਕਿ ਮੋਦੀ ਨੂੰ ਕਿਰਸਾਨੀ ਵਿਰੋਧ ਅੱਗੇ ਝੁਕਾਇਆ ਜਾ ਸਕਦਾ ਹੈ ਪਰ ਉਕਤ ਬਿਆਨੀ ਰਾਜਨੀਤਕ ਦ੍ਰਿਸ਼ਟੀ ਤੋਂ ਸਾਫ ਹੋ ਜਾਂਦਾ ਹੈ ਕਿ ਮੋਦੀ ਸਰਕਾਰ ਨੂੰ ਇਨਾਂ ਕਾਨੂੰਨਾਂ ਤੋਂ ਪਿੱਛੇ ਹਟਾ ਸਕਣਾ ਇੰਨਾ ਸੁਖਾਲਾ ਕਾਰਜ ਨਹੀਂ ਹੋਵੇਗਾ।

ਇਸ ਮਾਮਲੇ ਦਾ ਦੂਜਾ ਰਾਜਨੀਤਕ ਪਹਿਲੂ ਇਹ ਹੈ ਕਿ ਸੰਘਰਸ਼ ਵਿੱਚ ਸਰਗਰਮ ਸਾਰੀਆਂ ਧਿਰਾਂ ਦੀ ਪਹੁੰਚ ਮਸਲੇ ਨੂੰ ਨਜਿੱਠਣ ਵਾਲੀ ਹੈ, ਜੋ ਕਿ ਮਸਲੇ ਦੀ ਅਹਿਮੀਅਤ ਦੇ ਮੱਦੇਨਜਰ ਜਰੂਰੀ ਵੀ ਹੈ, ਪਰ ਇਹ ਮਸਲਾ ਵੀ ਹਰ ਮਸਲੇ ਵਾਙ ਖਲਾਅ ਵਿਚੋਂ ਨਹੀਂ ਉਪਜਿਆ। ਇਹ ਮਿੱਥ ਕੇ ਬਣਾਏ ਗਏ ਹਾਲਾਤ ਦੀ ਉਪਜ ਹੈ ਜਿਨਾਂ ਤਹਿਤ ਇਸ ਬਹੁਭਾਂਤੀ ਖਿੱਤੇ ਦੀ ਵੰਨਸੁਵੰਨਤਾ ਨੂੰ ਦਰੜ ਕੇ ਵਿਲੱਖਣ ਪਛਾਣਾਂ ਤੇ ਵਰਗਾਂ ਨੂੰ ਇੱਕੋ ਰੱਸੇ ਨਰੜਿਆ ਜਾ ਰਿਹਾ ਹੈ। ਅਜਿਹੇ ਵਿੱਚ ਅਜਿਹੀ ਰਾਜਨੀਤਕ ਪਹੁੰਚ ਨੂੰ ਪਛਾਨਣ ਅਤੇ ਉਭਾਰਨ ਦੀ ਲੋੜ ਹੈ ਕਿ ਇਸ ਬਹੁਭਾਂਤੀ ਖੇਤਰ ਵਿੱਚ ਇੱਕ ਦਵਾਈ ਸਾਰਿਆਂ ਦੀ ਮਰਜ਼ ਦਾ ਦਾਰੂ ਨਹੀਂ ਹੋ ਸਕਦੀ। ਬੇਸ਼ੱਕ ਬਿਮਾਰੀ ਦੇ ਲੱਛਣ ਸਾਂਝੇ ਵੀ ਹੋਣ, ਤਾਂ ਵੀ ਸਰੀਰ ਦੀ ਤਸੀਰ ਮੁਤਾਬਿਕ ਦਵਾਈ ਦੇਣ ਵਾਙ ਹੀ ਹਰ ਖਿੱਤੇ ਦੀਆਂ ਖਾਸ ਲੋੜਾਂ ਤੇ ਉਮੰਗਾਂ ਮੁਤਾਬਿਕ ਹੀ ਹੱਲ ਵਿਚਾਰਨੇ ਤੇ ਕੱਢਣੇ ਪੈਣਗੇ।

ਇਸ ਲਈ ਇਸ ਮੌਜੂਦਾ ਸੰਘਰਸ਼ ਵਿੱਚ ਇਸ ਵੇਲੇ ਦੋ ਅਹਿਮ ਪਹਿਲੂਆਂ ਉੱਤੇ ਵਿਚਾਰ ਕਰਕੇ ਨਿਰਣੇ ਕੱਢਣੇ ਲਾਜਮੀ ਹੋ ਜਾਂਦੇ ਹਨ ਕਿ ਇਸ ਮਸਲੇ ਵਿੱਚ ਪੰਜਾਬ ਦੀਆਂ ਲੋੜਾਂ ਤੇ ਹਾਲਾਤ ਮੁਤਾਬਿਕ ਪੰਜਾਬ ਪੱਖੀ ਬਿਰਤਾਂਤ ਕੀ ਹੋਵੇ ? ਦੂਜਾ ਕਿ ਇਹ ਮਸਲਾ ਮਹਿਜ਼ ਆਰਥਿਕ ਹੋਣ ਦੀ ਬਜਾਏ ਬੁਨਿਆਦੀ ਰੂਪ ਵਿੱਚ ਰਾਜਨੀਤਕ ਹੈ ਅਤੇ ਇਸ ਮੁਤਾਬਿਕ ਸੰਘਰਸ਼ ਦਾ ਕੇਂਦਰੀ ਨੁਕਤਾ ਕੀ ਹੋਵੇ ਜਿਸ ਨਾਲ ਕਿ ਇਸ ਸੰਘਰਸ਼ ਦੇ ਟੀਚੇ ਨੂੰ ਸਹੂਲਤਾਂ ਤੇ ਰਿਆਇਤਾਂ ਦੀ ਮੰਗ ਦੀ ਬਜਾਏ ਹਾਲਾਤ ਨੂੰ ਨਜਿੱਠਣ ਦੇ ਕਾਬਿਲ ਹੋਣਾ ਬਣਾਇਆ ਜਾ ਸਕੇ। ਇਸ ਸਬੰਧ ਵਿੱਚ ਸੰਘਰਸ਼ ਦੇ ਨਾਲ-ਨਾਲ ਸੁਹਿਰਦਤਾ ਨਾਲ ਸੰਵਾਦ ਰਚਾਉਣਾ ਇਸ ਸਮੇਂ ਵੀ ਵੱਡੀ ਲੋੜ ਬਣ ਚੁੱਕੀ ਹੈ ਜਿਸ ਬਾਰੇ ਪਹਿਲਕਦਮੀ ਕਰਕੇ ਉੱਦਮ ਕਰਨੇ ਚਾਹੀਦੇ ਹਨ।


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

# ਅਮਰੀਕੀ ਚੋਣਾਂ ਦੀ ਸਰਗਰਮੀ ਹੁਣ ਜ਼ੋਰਾਂ 'ਤੇ

**✪ ਟਰੰਪ ਨੂੰ ਜੋਅ ਬਾਈਡੇਨ ਤੋਂ ਮਿਲ ਰਹੀ ਏ ਸਖਤ ਟੱਕਰ ✪ ਅਮਰੀਕਾ 'ਚ 200 ਜੱਜਾਂ ਦੀ ਨਿਯੁਕਤੀ ਨੂੰ ਲੈ ਕੇ ਵੀ ਟਰੰਪ ਨੇ ਇਤਿਹਾਸਕ ਰਿਕਾਰਡ ਬਣਾਇਆ**

**ਨਿਊਯਾਰਕ/ਏ.ਟੀ.ਨਿਊਜ਼:** ਅਮਰੀਕੀ ਚੋਣਾਂ ਦੀ ਸਰਗਰਮੀ ਹੁਣ ਜ਼ੋਰਾਂ 'ਤੇ ਹੈ, ਜਿਸ 'ਚ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਮੌਜੂਦਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਡੈਮੋਕ੍ਰੇਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਜੋਅ ਬਾਈਡੇਨ ਤੋਂ ਸਖਤ ਟੱਕਰ ਮਿਲ ਰਹੀ ਹੈ। ਦੋਵੇਂ ਹੀ ਪਾਰਟੀਆਂ ਵੋਟਰਾਂ ਨੂੰ ਆਪਣੇ-ਆਪਣੇ ਪੱਖ 'ਚ ਕਰਨ ਲਈ ਕੋਸ਼ਿਸ਼ ਕਰ ਰਹੀਆਂ ਹਨ। ਕੁਝ ਸਮਾਂ ਪਹਿਲਾਂ ਤੱਕ ਅਮਰੀਕਾ 'ਚ ਡੋਨਾਲਡ ਟਰੰਪ ਨੂੰ ਲੈ ਕੇ ਲੋਕਾਂ 'ਚ ਪੈਦਾ ਨਾਰਾਜ਼ਗੀ ਨੂੰ ਆਪਣੇ ਹੱਕ 'ਚ ਭੁਗਤਾਉਂਦੇ ਹੋਏ ਜੋਅ ਬਾਈਡੇਨ ਉਨਾਂ ਵਿਰੁੱਧ ਜੰਮ ਕੇ ਪ੍ਰਚਾਰ ਕਰ ਰਹੇ ਸਨ, ਜਿਸ ਦਾ ਲਾਭ ਵੀ ਉਨਾਂ ਨੂੰ ਮਿਲਦਾ ਦਿਸ ਰਿਹਾ ਸੀ। ਪਰ ਹਾਲ ਹੀ ਦੇ ਦਿਨਾਂ 'ਚ ਕਈ ਚੀਜ਼ਾਂ ਦਾ ਲਾਭ ਟਰੰਪ ਨੂੰ ਮਿਲਦਾ ਨਜ਼ਰ ਆ ਰਿਹਾ ਹੈ, ਜਿਸ ਨਾਲ ਉਨਾਂ ਦਾ ਪੱਲੜਾ ਭਾਰੀ ਲੱਗਣ ਲੱਗਾ ਹੈ। ਪਹਿਲਾਂ ਤਾਂ ਇਕ ਤੋਂ ਬਾਅਦ ਇਕ ਅਰਬ ਦੇਸ਼ਾਂ ਨਾਲ ਇਸਰਾਈਲ ਦੇ ਇਤਿਹਾਸਕ ਸਮਝੌਤਿਆਂ ਨੇ ਪੂਰੀ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ, ਜਿਸਦਾ ਸਿਹਰਾ ਡੋਨਾਲਡ ਟਰੰਪ ਨੂੰ ਮਿਲਦਾ ਨਜ਼ਰ ਆ ਰਿਹਾ ਹੈ।

ਦੂਜੇ ਪਾਸੇ ਅਮਰੀਕਾ 'ਚ ਜੱਜਾਂ ਦੀ ਨਿਯੁਕਤੀ ਨੂੰ ਲੈ ਕੇ ਵੀ ਟਰੰਪ ਨੇ ਇਤਿਹਾਸਕ ਰਿਕਾਰਡ ਬਣਾ ਦਿੱਤਾ ਹੈ। ਟਰੰਪ ਆਪਣੇ ਕਾਰਜਕਾਲ 'ਚ 200 ਤੋਂ ਜ਼ਿਆਦਾ ਕੰਜ਼ਰਵੇਟਿਵ ਜੱਜਾਂ ਦੀ ਨਿਯੁਕਤੀ ਕਰ ਚੁੱਕੇ ਹਨ, ਜੋ ਉਨਾਂ ਤੋਂ ਪਹਿਲਾਂ ਕਿਸੇ ਰਾਸ਼ਟਰਪਤੀ ਦੇ ਕਾਰਜਕਾਲ 'ਚ ਨਹੀਂ ਹੋਈ। ਇਹ ਗੱਲ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਕੰਜ਼ਰਵੇਟਿਵ ਜੱਜਾਂ ਦੀ ਨਿਯੁਕਤੀ ਟਰੰਪ ਲਈ ਸਿਰਫ ਇਕ ਸਿਆਸੀ ਸਫਲਤਾ ਹੀ ਨਹੀਂ, ਅਮਰੀਕਾ ਲਈ ਇਕ ਵੱਖਰੀ ਕਿਸਮ ਦੀ ਵਿਰਾਸਤ ਵੀ ਮੰਨੀ ਜਾ ਰਹੀ ਹੈ।

ਹਾਲ ਹੀ 'ਚ ਨਾਰਥ ਕੈਰੋਲੀਨਾ 'ਚ ਆਯੋਜਿਤ ਇਕ ਚੋਣ ਰੈਲੀ ਦੌਰਾਨ ਉਨਾਂ ਨੇ ਐਲਾਨ ਕੀਤਾ ਕਿ ਅਮਰੀਕੀ ਸੁਪਰੀਮ ਕੋਰਟ ਦੀ ਜਸਟਿਸ ਰੂਥ ਬੇਡਰ ਗਿੰਸਬਰਗ ਦੇ ਦਿਹਾਂਤ ਨਾਲ ਖਾਲੀ ਹੋਈ ਆਸਾਮੀ 'ਤੇ ਉਹ ਕਿਸੇ ਮਹਿਲਾ ਉਮੀਦਵਾਰ ਨੂੰ ਨਾਮਜ਼ਦ ਕਰਨਗੇ। ਪੇਟ ਦੇ ਕੈਂਸਰ ਨਾਲ ਪੀੜਤ ਤੇ ਮਹਿਲਾ ਅਧਿਕਾਰਾਂ ਦੇ ਹਿੱਤਾਂ 'ਚ ਕੰਮ ਕਰਨ ਲਈ ਪ੍ਰਸਿੱਧ ਗਿੰਸਬਰਗ ਦਾ ਪਿਛਲੇ ਹਫਤੇ 87 ਸਾਲ ਦੀ ਉਮਰ 'ਚ ਦਿਹਾਂਤ ਹੋ ਗਿਆ ਸੀ। ਰੈਲੀ ਦੌਰਾਨ ਟਰੰਪ ਨੇ ਕਿਹਾ, 'ਮੈਂ ਅਗਲੇ ਹਫਤੇ ਕਿਸੇ ਨੂੰ ਨਾਮਜ਼ਦ ਕਰਾਂਗਾ, ਜੋ ਇਕ ਮਹਿਲਾ ਹੋਵੇਗੀ।'

ਖਾਸ ਗੱਲ ਰਹੀ ਹੈ ਕਿ ਟਰੰਪ ਨੇ ਰੈਲੀ 'ਚ ਮੌਜੂਦ ਲੋਕਾਂ ਤੋਂ ਮਰਦ ਜਾਂ ਮਹਿਲਾ ਜੱਜ ਬਾਰੇ ਰਾਏ ਲਈ। ਜਦੋਂ ਭੀੜ ਨੇ ਉੱਚੀ-ਉੱਚੀ ਮਹਿਲਾ ਨੂੰ ਨਾਮਜ਼ਦ ਕਰਨ ਦੀ ਗੱਲ ਕਹੀ ਤਾਂ ਉਨਾਂ ਨੇ ਕਿਹਾ ਕਿ ਇਸ ਨਾਲੋਂ ਵਧੀਆ ਸਰਵੇ ਨਹੀਂ ਹੋ ਸਕਦਾ। ਦਰਅਸਲ ਗਿੰਸਬਰਗ ਦੇ ਦਿਹਾਂਤ ਨਾਲ ਖਾਲੀ ਹੋਈ ਆਸਾਮੀ ਨੂੰ ਲੈ ਕੇ ਇਕ ਵਾਰ ਫਿਰ ਰਿਪਬਲਿਕਨ ਅਤੇ ਡੈਮੋਕ੍ਰੇਟਸ 'ਚ ਖੜਕੀ ਹੋਈ ਹੈ। ਜੋਅ ਬਾਈਡੇਨ ਦਾ ਕਹਿਣਾ ਹੈ ਕਿ ਜੱਜ ਦੀ ਨਿਯੁਕਤੀ ਨਵੇਂ ਰਾਸ਼ਟਰਪਤੀ 'ਤੇ ਛੱਡ ਦੇਣੀ ਚਾਹੀਦੀ ਹੈ, ਜਦਕਿ ਟਰੰਪ ਦੇ ਕਰੀਬੀ ਅਤੇ ਸੀਨੇਟ 'ਚ ਰਿਪਬਲਿਕਨ ਪਾਰਟੀ ਦੇ ਨੇਤਾ ਮਿਕ ਮੈਕੋਨਲ ਦਾ ਕਹਿਣਾ ਹੈ ਕਿ ਇਹ ਸਦਨ ਰਾਸ਼ਟਰਪਤੀ ਵੱਲੋਂ ਨਾਮਜ਼ਦ ਕਿਸੇ ਵੀ ਵਿਅਕਤੀ ਦਾ ਸਮਰਥਨ ਕਰੇਗਾ। ਦਰਅਸਲ, ਸੁਪਰੀਮ ਕੋਰਟ 'ਚ ਨਿਯੁਕਤੀ ਲਈ ਸੀਨੇਟ ਦੀ ਮਨਜ਼ੂਰੀ ਜ਼ਰੂਰੀ ਹੁੰਦੀ ਹੈ ਅਤੇ ਟਰੰਪ ਦੀ ਰਿਪਬਲਿਕਨ ਪਾਰਟੀ ਦਾ ਅਮਰੀਕੀ ਸੰਸਦ ਦੇ ਉੱਚ ਸਦਨ ਸੀਨੇਟ 'ਚ ਬਹੁਮਤ ਹੈ। 100 ਸੀਟਾਂ ਵਾਲੀ ਸੀਨੇਟ 'ਚ ਉਨਾਂ ਦੀ ਪਾਰਟੀ ਦੇ 53 ਮੈਂਬਰ ਹਨ। ਟਰੰਪ ਸਾਲ 2017 'ਚ ਨੀਲ ਗੋਰਸਚ ਅਤੇ ਸਾਲ 2018 'ਚ ਬ੍ਰੇਟ ਕਵਨੁਘ ਨੂੰ ਸੁਪਰੀਮ ਕੋਰਟ 'ਚ ਨਿਯੁਕਤ ਕਰ ਚੁੱਕੇ ਹਨ।ਆਪਣੇ ਕਾਰਜਕਾਲ ਦੌਰਾਨ 280 ਜੱਜਾਂ ਨੂੰ ਨਿਯੁਕਤ ਕਰਨ ਦਾ ਟਰੰਪ ਦਾ ਦਾਅਵਾ ਬੇਸ਼ੱਕ ਵਧਾ-ਚੜ੍ਹਾ ਕੇ ਕੀਤਾ ਗਿਆ ਹੋਵੇ ਪਰ ਅਸਲ 'ਚ ਉਨਾਂ ਨੇ ਡਿਸਟ੍ਰਿਕਟ ਅਤੇ ਸਰਕਟ-ਪੋਰਟ ਬੈਂਚ ਅਤੇ ਸੁਪਰੀਮ ਕੋਰਟ ਦੇ ਕੁੱਲ 214 ਜੱਜਾਂ (ਕੁੱਲ 865 'ਚੋਂ) ਦੀ ਨਿਯੁਕਤੀ ਕੀਤੀ ਹੈ।ਗਿੰਸਬਰਗ ਦੀ ਮੌਤ ਨਾਲ ਖਾਲੀ ਹੋਈ ਥਾਂ 'ਤੇ ਮਹਿਲਾ ਜੱਜ ਦੀ ਨਿਯੁਕਤੀ ਨਾਲ ਇਹ ਅੰਕੜਾ 215 ਹੋ ਜਾਵੇਗਾ। ਕੋਰੋਨਾ ਦੀ ਮਹਾਮਾਰੀ 'ਚ ਜਿਥੇ ਜਨਤਕ ਹਾਨੀ ਟਰੰਪ ਦੀਆਂ ਨੀਤੀਆਂ ਨੇ ਕੀਤੀ, ਨਾਲ ਹੀ ਨਾਲ ਉਸ ਦੀ ਸਭ ਤੋਂ ਵੱਡੀ ਪ੍ਰਾਪਤੀ ਭਾਵ ਆਰਥਿਕ ਮਜ਼ਬੂਤੀ ਅਤੇ ਸਭ ਤੋਂ ਵੱਧ ਨੌਕਰੀਆਂ ਪੈਦਾ ਕਰਨ ਦੀਆਂ ਪ੍ਰਾਪਤੀਆਂ ਵੀ ਸਿਫਰ ਹੋ ਗਈਆਂ ਹਨ। ਜਿਥੇ ਟਰੰਪ ਨੂੰ ਨਸਲਵਾਦੀ ਅਤੇ ਮਹਿਲਾ ਵਿਰੋਧੀ ਸਮਝਿਆ ਜਾਂਦਾ ਹੈ, ਅਜਿਹੇ 'ਚ ਕਿਸੇ ਮਹਿਲਾ ਜੱਜ ਦੀ ਨਿਯੁਕਤੀ ਉਨਾਂ ਦੇ ਚੋਣ ਪ੍ਰਚਾਰ ਨੂੰ ਇਕ ਨਵਾਂ ਜੀਵਨ ਦੇ ਸਕਦੀ ਹੈ।ਟਰੰਪ ਦਾ ਮਕਸਦ ਆਉਣ ਵਾਲੀਆਂ ਚੋਣਾਂ 'ਚ ਵੱਧ ਤੋਂ ਵੱਧ ਰਿਪਬਲਿਕਨ ਵੋਟਰਾਂ ਨੂੰ ਭਰਮਾਉਣਾ ਹੈ। ਹਾਲਾਂਕਿ ਉਨਾਂ ਦਾ ਇਹ ਯਤਨ ਕਿੰਨਾ ਸਫਲ ਹੁੰਦਾ ਹੈ, ਇਹ ਤਾਂ ਕੁਝ ਮਹੀਨਿਆਂ 'ਚ ਸੰਪੰਨ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਤੋਂ ਹੀ ਸਪੱਸ਼ਟ ਹੋ ਸਕੇਗਾ।



## ਬਾਈਡਨ ਵਲੋਂ 'ਸਿੱਖ ਅਮੈਰਕੀਨਜ਼ ਫਾਰ ਬਾਈਡਨ' ਮੁਹਿੰਮ ਦੀ ਸ਼ੁਰੂਆਤ

ਵਾਸ਼ਿੰਗਟਨ: ਡੈਮੋਕ੍ਰੈਟਿਕ ਪਾਰਟੀ ਵਲੋਂ ਅਗਾਮੀ ਚੋਣਾਂ 'ਚ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਜੋ ਬਾਈਡਨ ਦੀ ਚੋਣ ਪ੍ਰਚਾਰ ਟੀਮ ਨੇ ਮੁਲਕ 'ਚ ਰਹਿੰਦੇ ਸਿੱਖਾਂ ਤੱਕ ਪਹੁੰਚ ਬਣਾਉਣ ਲਈ 'ਸਿੱਖ ਅਮੈਰੀਕਨਜ਼ ਫਾਰ ਬਾਈਡਨ' ਮੁਹਿੰਮ ਦੀ ਸ਼ੁਰੂਆਤ ਕੀਤੀ ਹੈ। ਬਾਈਡਨ ਦੀ ਟੀਮ ਨੇ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਉਨਾਂ ਕੋਲ ਸਕੂਲਾਂ 'ਚ ਪੜ੍ਹਦੇ ਸਿੱਖ-ਅਮਰੀਕੀਆਂ ਦੀ ਸੁਰੱਖਿਆ ਲਈ ਯੋਜਨਾ ਹੈ ਤੇ ਉਨਾਂ ਨੇ ਘੱਟ-ਗਿਣਤੀ ਧਾਰਮਿਕ ਭਾਈਚਾਰੇ ਨੂੰ ਅਮਰੀਕਾ 'ਚ ਨਸਲੀ ਤੇ ਨਫ਼ਰਤੀ ਹਮਲਿਆਂ ਸਮੇਤ ਦਰਪੇਸ਼ ਹੋਰਨਾਂ ਚੁਣੌਤੀਆਂ ਦਾ ਨਿਬੇੜਾ ਕਰਨ ਦਾ ਸੰਕਲਪ ਦੁਹਰਾਇਆ ਹੈ । ਇਸ ਮੌਕੇ ਬਾਈਡਨ ਨੇ ਕਿਹਾ ਕਿ ਅਮਰੀਕੀ ਸਿੱਖ ਨਸਲੀ ਹਮਲਿਆਂ ਦਾ ਕੌਮੀ ਔਸਤ ਨਾਲੋਂ ਦੁੱਗਣਾ ਸ਼ਿਕਾਰ ਹੋਏ ਹਨ ਤੇ ਸਾਲ 2017 ਮਗਰੋਂ ਇਨਾਂ ਘਟਨਾਵਾਂ 'ਚ ਵੱਡਾ ਵਾਧਾ ਹੋਇਆ ਹੈ। ਅਮਰੀਕੀ ਸਿੱਖ ਨੈਸ਼ਨਲ ਲੀਡਰਸ਼ਿਪ ਕਾਸਲ ਦੀ ਮੈਂਬਰ ਤੇ ਨਾਗਰਿਕ ਹੱਕਾ ਬਾਰੇ ਕਾਰਕੁਨ ਕਿਰਨ ਕੌਰ ਗਿੱਲ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸਿੱਖਾਂ ਨਾਲ ਹੁੰਦੇ ਇਸ ਧੱਕੇ/ਪੱਖਪਾਤ ਖ਼ਿਲਾਫ਼ ਨਾ ਸਿਰਫ਼ ਅੱਖਾਂ ਮੀਟ ਰੱਖੀਆਂ ਹਨ, ਬਲਕਿ ਇਸ ਵਰਤਾਰੇ ਨੂੰ ਹੱਲਾਸ਼ੇਰੀ ਵੀ ਦਿੱਤੀ ਜਾ ਰਹੀ ਹੈ । ਗਿੱਲ ਨੇ ਇਕ ਬਿਆਨ 'ਚ ਕਿਹਾ ਕਿ ਬਾਈਡਨ ਦੇ ਰਾਸ਼ਟਰਪਤੀ ਬਣਨ ਨਾਲ ਅਮਰੀਕੀ ਸਿੱਖ ਖੁਦ ਨੂੰ ਅਮਰੀਕਾ ਦੇ ਸਕੂਲਾਂ ਤੇ ਸੜਕਾਂ 'ਤੇ ਸੁਰੱਖਿਅਤ ਮਹਿਸੂਸ ਕਰਨਗੇ ।

## 2016 ਤੋਂ ਪਹਿਲਾਂ ਦਸ ਸਾਲ ਨਹੀਂ ਭਰਿਆ ਟਰੰਪ ਨੇ ਆਮਦਨ ਕਰ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸਾਲ 2016 ਤੇ 2017 ਦੌਰਾਨ ਸੰਘੀ ਆਮਦਨ ਕਰ ਵਜੋਂ ਮਹਿਜ਼ 750 ਡਾਲਰ ਦੀ ਅਦਾਇਗੀ ਕੀਤੀ ਹੈ। ਟਰੰਪ ਸਾਲ 2016 ਵਿੱਚ ਅਮਰੀਕੀ ਰਾਸ਼ਟਰਪਤੀ ਵਜੋਂ ਚੁਣੇ ਗਏ ਸਨ ਜਦੋਂਕਿ ਸਾਲ 2017 ਰਾਸ਼ਟਰਪਤੀ ਵਜੋਂ ਉਨਾਂ ਦਾ ਵਾਈਟ ਹਾਊਸ ਵਿੱਚ ਪਹਿਲਾ ਸਾਲ ਸੀ। ਨਿਊ ਯਾਰਕ ਟਾਈਮਜ਼ ਨੇ ਆਪਣੀ ਇਕ ਰਿਪੋਰਟ 'ਚ ਇਹ ਦਾਅਵਾ ਕੀਤਾ ਹੈ। ਆਪਣੀ ਆਮਦਨ ਕਰ ਅਦਾਇਗੀ ਨੂੰ ਗੁਪਤ ਰੱਖਣ ਵਾਲੇ ਟਰੰਪ ਆਧੁਨਿਕ ਸਮਿਆਂ ਦੇ ਇਕੋ ਇਕ ਰਾਸ਼ਟਰਪਤੀ ਹਨ, ਜੋ ਇਸ ਜਾਣਕਾਰੀ ਨੂੰ ਜਨਤਕ ਨਹੀਂ ਕਰਦੇ। ਰੋਜ਼ਨਾਮਚੇ ਦੀ ਖ਼ਬਰ ਮੁਤਾਬਕ ਬੀਤੇ 15 ਸਾਲਾਂ ਵਿੱਚੋਂ ਦਸ ਸਾਲ ਟਰੰਪ ਨੇ ਕੋਈ ਸੰਘੀ ਆਮਦਨ ਕਰ ਅਦਾ ਨਹੀਂ ਕੀਤਾ। ਉਧਰ ਵਾਈਟ ਹਾਊਸ ਵਿੱਚ ਕੀਤੀ ਪ੍ਰੈਸ ਕਾਨਫਰੰਸ ਦੌਰਾਨ ਟਰੰਪ ਨੇ ਇਸ ਖ਼ਬਰ ਨੂੰ 'ਫੇਕ ਨਿਊਜ਼' ਦੱਸ ਕੇ ਖਾਰਜ ਕਰ ਦਿੱਤਾ ਹੈ। ਟਰੰਪ ਨੇ ਕਿਹਾ ਕਿ ਊਹ ਸਮੇਂ ਸਿਰ ਟੈਕਸਾਂ ਦੀ ਅਦਾਇਗੀ ਕਰਦਾ ਹੈ, ਹਾਲਾਂਕਿ ਉਨਾਂ ਬਹੁਤੀ ਤਫ਼ਸੀਲ ਦੇਣ ਤੋਂ ਨਾਂਹ ਕਰ ਦਿੱਤੀ

# ਸ਼ਾਹੀਨ ਬਾਗ ਧਰਨੇ ਵਿਚ ਲੰਗਰ ਲਾਉਣ ਵਾਲੇ ਸਿੱਖਾਂ ਨੂੰ ਦਿੱਲੀ ਪੁਲਸ ਨੇ ਆਈਐਸਆਈ ਦੇ ਏਜੰਟ ਬਣਾਇਆ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਦਿੱਲੀ ਦੰਗਿਆਂ ਦੇ ਮਾਮਲਿਆਂ ਵਿਚ ਇਕ ਪਾਸੜ ਕਾਰਵਾਈ ਕਰਨ ਦੀ ਦੋਸ਼ੀ ਦਿੱਲੀ ਪੁਲਸ ਨੇ ਹੁਣ ਮੁਸਲਮਾਨਾਂ ਤੋਂ ਬਾਅਦ ਸਿੱਖਾਂ ਨੂੰ ਵੀ ਇਸ ਹਿੰਸਾ ਦੇ ਮਾਮਲਿਆਂ ਵਿਚ ਨਾਮਜ਼ਦ ਕਰਨਾ ਸ਼ੁਰੂ ਕਰ ਦਿੱਤਾ ਹੈ। ਦਿੱਲੀ ਹਿੰਸਾ ਸਬੰਧੀ ਅਦਾਲਤ ਵਿਚ ਦਰਜ ਕਰਾਈ ਗਈ ਚਾਰਜਸ਼ੀਟ ਵਿਚ ਇਕ ਗ੍ਰਿਫਤਾਰ ਮੁਸਲਮਾਨ ਦੇ ਬਿਆਨਾਂ ਦੇ ਅਧਾਰ 'ਤੇ ਤਿੰਨ ਸਿੱਖਾਂ ਨੂੰ ਨਾਮਜ਼ਦ ਕਰਦਿਆਂ ਦੋਸ਼ ਲਾਇਆ ਗਿਆ ਹੈ ਕਿ ਇਹ ਖਾਲਿਸਤਾਨੀ ਸਿੱਖ ਪਾਕਿਸਤਾਨ ਦੀ ਖ਼ੂਫੀਆ ਏਜੰਸੀ ਆਈ.ਐਸ.ਆਈ ਦੇ ਕਹਿਣ 'ਤੇ ਮੁਸਲਮਾਨਾਂ ਦੇ ਸਮਰਥਨ ਵਿਚ ਆਏ ਸਨ।

ਜ਼ਿਕਰਯੋਗ ਹੈ ਕਿ 2020 ਦੇ ਚੜਦਿਆਂ ਹੀ ਭਾਰਤੀ ਪਾਰਲੀਮੈਂਟ ਵੱਲੋਂ ਮੁਸਲਿਮ ਵਿਰੋਧੀ ਕਾਨੂੰਨ ਸੀਏਏ ਪਾਸ ਕੀਤੇ ਜਾਣ ਮਗਰੋਂ ਭਾਰਤ ਭਰ ਵਿਚ ਮੁਸਲਮਾਨ ਭਾਈਚਾਰੇ ਨੇ ਇਸ ਕਾਨੂੰਨ ਖਿਲਾਫ ਵਿਰੋਧ ਪ੍ਰਦਰਸ਼ਨ ਕੀਤੇ ਸਨ। ਆਪਣੇ ਗੁਰੂ ਸਿਧਾਂਤ ਦੇ ਮੁਤਾਬਕ ਸਿੱਖਾਂ ਨੇ ਇਹਨਾਂ ਪ੍ਰਦਰਸ਼ਨਾਂ ਵਿਚ ਮੁਸਲਮਾਨ ਭਾਈਚਾਰੇ ਦਾ ਖੁੱਲ ਕੇ ਸਮਰਥਨ ਕੀਤਾ ਸੀ ਅਤੇ ਆਪਣੀ ਪਰੰਪਰਾ ਮੁਤਾਬਕ ਪ੍ਰਦਰਸ਼ਨਾਂ ਵਿਚ ਲੰਗਰ ਲਾਏ ਸਨ।

ਦਿੱਲੀ ਪੁਲਸ ਦੀ ਚਾਰਜਸ਼ੀਟ ਵਿਚ ਕਿਹਾ ਗਿਆ ਹੈ ਕਿ ਦਿੱਲੀ ਹਿੰਸਾ ਦੇ ਦੋਸ਼ੀ ਅਤਰ ਖਾਨ ਨੇ ਪੁਲਸ ਹਿਰਾਸਤ ਵਿਚ ਇਹ ਬਿਆਨ ਦਿੱਤਾ ਹੈ ਕਿ ਉਸਦੇ ਇਕ ਸਾਥੀ ਰਿਜ਼ਵਾਨ ਸਿੱਦੀਕੀ ਨੇ ਉਸਨੂੰ 10-11 ਫਰਵਰੀ ਨੂੰ ਦੱਸਿਆ ਸੀ ਕਿ ਉਹ ਸ਼ਾਹੀਨ ਬਾਗ ਪ੍ਰਦਰਸ਼ਨ ਵਿਚ ਕੁਝ ਖਾਲਿਸਤਾਨ ਦੇ ਸਮਰਥਕ ਸਿੱਖਾਂ ਨੂੰ ਮਿਲਿਆ ਹੈ ਜਿਹਨਾਂ ਦੀ ਪਛਾਣ ਬਗੀਚਾ ਸਿੰਘ ਅਤੇ ਲਵਪ੍ਰੀਤ ਸਿੰਘ ਦੱਸੀ ਗਈ ਹੈ ਅਤੇ ਇਹਨਾਂ ਨੇ ਉਸ ਨੂੰ ਕਿਹਾ ਸੀ ਕਿ ਪਾਕਿਸਤਾਨ ਦੀ ਆਈਐਸਆਈ ਉਹਨਾਂ ਦੀ ਮਦਦ ਕਰ ਰਹੀ ਹੈ ਅਤੇ ਆਈਐਸਆਈ ਨੇ ਸੁਨੇਹਾ ਭੇਜਿਆ ਹੈ ਕਿ ਖਾਲਿਸਤਾਨ ਦੇ ਸਮਰਥਕ ਸਿੱਖ ਸੀਏਏ ਅਤੇ ਐਨਆਰਸੀ ਖਿਲਾਫ ਹੋ ਰਹੇ ਪ੍ਰਦਰਸ਼ਨਾਂ ਵਿਚ ਮੁਸਲਮਾਨਾਂ ਦਾ ਸਾਥ ਦੇਣ।

ਜ਼ਿਕਰਯੋਗ ਹੈ ਕਿ ਸ਼ਾਹੀਨ ਬਾਗ ਮੋਰਚੇ ਵਿਚ ਬਗੀਚਾ ਸਿੰਘ ਅਤੇ ਲਵਪ੍ਰੀਤ ਸਿੰਘ ਵੱਲੋਂ ਹੋਰ ਸਿੱਖ ਸੰਗਤਾਂ ਨਾਲ ਮਿਲ ਕੇ ਲੰਗਰ ਲਗਾਇਆ ਗਿਆ ਸੀ। ਪਰ ਲੰਗਰ ਲਾਉਣ ਵਾਲੇ ਸਿੱਖਾਂ ਨੂੰ ਦਿੱਲੀ ਪੁਲਸ ਨਫਰਤ ਭਰੀ ਕਾਰਵਾਈ ਅਧੀਨ ਹੁਣ ਯੂਏਪੀਏ ਵਰਗੇ ਕਾਲੇ ਕਾਨੂੰਨਾਂ ਵਿਚ ਨਾਮਜ਼ਦ ਕਰ ਰਹੀ ਹੈ।

ਪੁਲਸ ਦੀ ਚਾਰਜਸ਼ੀਟ ਮੁਤਾਬਕ ਉਕਤ ਮੁਸਲਮਾਨ ਨੌਜਵਾਨ ਨੇ ਬਿਆਨ ਵਿਚ ਕਿਹਾ ਕਿ ਇਹਨਾਂ ਸਿੱਖਾਂ ਨੇ ਰਿਜ਼ਵਾਨ ਸਿੱਦੀਕੀ ਨੂੰ ਕਿਹਾ ਸੀ ਕਿ ਕੁੱਝ ਦਿਨਾਂ ਤਕ ਉਹ ਆਪਣੇ ਇਕ ਬੰਦੇ ਨੂੰ ਧਰਨੇ ਵਾਲੀ ਥਾਂ ਭੇਜਣਗੇ। ਫੇਰ ਇਸ ਬਿਆਨ ਨਾਲ ਅੱਗੇ ਸਿੱਖ ਨੌਜਵਾਨ ਜ਼ਬਰਜੰਗ ਸਿੰਘ ਦਾ ਨਾਂ ਜੋੜ ਦਿੱਤਾ ਗਿਆ ਹੈ ਕਿ ਕੁੱਝ ਦਿਨਾਂ ਬਾਅਦ ਉਹ ਦਿੱਲੀ ਦੇ ਧਰਨੇ ਵਿਚ ਪਹੁੰਚਿਆ ਸੀ। ਦੱਸ ਦਈਏ ਕਿ ਜ਼ਬਰਜੰਗ ਸਿੰਘ ਨਿਹੰਗ ਬਾਣੇ ਦਾ ਧਾਰਨੀ ਸਿੱਖ ਹੈ ਅਤੇ ਉਸਨੇ ਦਿੱਲੀ ਦੇ ਮੁਸਲਮਾਨ ਧਰਨੇ ਵਿਚ ਮੁਸਲਮਾਨਾਂ ਦਾ ਸਮਰਥਨ ਕਰਦਿਆਂ ਸਿਰਫ ਕੁੱਝ ਮਿੰਟਾਂ ਲਈ ਆਪਣੀ ਗੱਲ ਰੱਖੀ ਸੀ। ਉਸਦੀ ਉਹ ਵੀਡੀਓ ਸੋਸ਼ਲ ਮੀਡੀਆ 'ਤੇ ਬਹੁਤ ਵਾਇਰਲ ਹੋਈ ਸੀ। ਇਸ ਤੋਂ ਇਲਾਵਾ ਜਬਰਜੰਗ ਸਿੰਘ ਵੱਲੋਂ ਧਰਨੇ ਵਿਚ ਕੁੱਝ ਖਾਣ ਦੀਆਂ ਵਸਤਾਂ ਲੰਗਰ ਵਜੋਂ ਲੋਕਾਂ ਵਿਚ ਵੰਡੀਆਂ ਗਈਆਂ ਸੀ।

ਅਹਿਮ ਗੱਲ ਇਹ ਹੈ ਕਿ ਦੁਨੀਆ ਵਿਚ ਮਨੁੱਖੀ ਹੱਕਾਂ ਲਈ ਕੰਮ ਕਰਦੀ ਜਥੇਬੰਦੀ ਐਮਨੈਸਟੀ ਇੰਟਰਨੈਸ਼ਨਲ ਨੇ ਦਿੱਲੀ ਹਿੰਸਾ ਦੇ ਮਾਮਲਿਆਂ ਵਿਚ ਦਿੱਲੀ ਪੁਲਸ ਦੀ ਜਾਂਚ ਦੀ ਘੋਖ ਕੀਤੀ ਅਤੇ ਪਾਇਆ ਗਿਆ ਕਿ ਦਿੱਲੀ ਪੁਲਸ ਹਿੰਦੂਆਂ ਨੂੰ ਬਚਾ ਰਹੀ ਹੈ ਅਤੇ ਬੇਦੋਸ਼ੇ ਮੁਸਲਮਾਨਾਂ ਨੂੰ ਕਾਲੇ ਕਾਨੂੰਨਾਂ ਅਧੀਨ ਕੇਸਾਂ ਵਿਚ ਉਲਝਾਇਆ ਜਾ ਰਿਹਾ ਹੈ।

ਸਿੱਖਾਂ ਵੱਲੋਂ ਮੁਸਲਮਾਨਾਂ ਦਾ ਸਮਰਥਨ ਕਰਨ ਕਰਕੇ ਹਿੰਦੁਤਵੀ ਲੋਕਾਂ ਨੂੰ ਬਹੁਤ ਤਕਲੀਫ ਹੋਈ ਸੀ। ਉਸ ਤਕਲੀਫ ਦਾ ਪ੍ਰਗਟਾਵਾ ਇਸ ਰਿਪੋਰਟ ਵਿਚੋਂ ਝਲਕ



ਰਿਹਾ ਹੈ ਜਿੱਥੇ ਮਹਿਜ਼ ਲੰਗਰ ਲਾਉਣ ਵਾਲੇ ਸਿੱਖਾਂ ਨੂੰ ਆਈਐਸਆਈ ਨਾਲ ਜੋੜ ਕੇ ਯੂਏਪੀਏ ਵਰਗੇ ਕਾਲੇ ਕਾਨੂੰਨਾਂ ਵਿਚ ਨਾਮਜ਼ਦ ਕੀਤਾ ਜਾ ਰਿਹਾ ਹੈ। ਦੱਸਣਾ ਬਣਦਾ ਹੈ ਕਿ ਭਾਰਤ ਦੀਆਂ ਏਜੰਸੀਆਂ ਸਿੱਖਾਂ ਦੇ ਹੱਕੀ ਸੰਘਰਸ਼ ਨੂੰ ਹਮੇਸ਼ਾ ਪਾਕਿਸਤਾਨ ਨਾਲ ਜੋੜ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਇਸ ਲਈ ਭਾਰਤੀ ਏਜੰਸੀਆਂ ਵੱਲੋਂ ਵੱਡਾ ਪੈਸਾ ਵੀ ਖਰਚਿਆ ਜਾਂਦਾ ਹੈ। ਇਸ ਦੀ ਤਾਜ਼ਾ ਉਦਾਰਹਨ ਕੈਨੇਡਾ ਵਿਰ ਇਕ ਸਾਬਕਾ ਪੱਤਰਕਾਰ ਦੀ ਲਿਖੀ ਰਿਪੋਰਟ ਵੀ ਹੈ ਜਿਸਨੇ ਮਨਘੜਤ ਬਿਆਨਬਾਜ਼ੀ ਅਤੇ ਤੱਥਾਂ ਨੂੰ ਤੋੜ ਮਰੋੜ ਕੇ ਸਿੱਖਾਂ ਦੀ ਅਜ਼ਾਦੀ ਲਹਿਰ ਨੂੰ ਪਾਕਿਸਤਾਨ ਦੀ ਭਾਰਤ ਖਿਲਾਫ ਸਾਜਿਸ਼ ਬਣਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਪਰ ਦੁਨੀਆ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਦੇ 53 ਵਿਦਵਾਨਾਂ ਨੇ ਇਸ ਰਿਪੋਰਟ ਦੇ ਝੂਠ ਨੂੰ ਦੁਨੀਆ ਸਾਹਮਣੇ ਖੋਲ ਕੇ ਰੱਖ ਦਿੱਤਾ ਸੀ।

ਅੰਮ੍ਰਿਤਸਰ ਟਾਈਮਜ਼
AMRITSAR TIMES

30 ਸਤੰਬਰ 2020 ਤੋਂ 06 ਅਕਤੂਬਰ 2020

# ਅਸੀਂ, ਸਾਡੀ ਚਿੰਤਾ ਅਤੇ ਭੁੱਲੇ ਰਾਹ

ਮੌਜੂਦਾ ਸਮੇਂ ਵਿੱਚ ਸਾਡਾ ਸਿੱਖਾਂ ਦਾ ਵੱਡਾ ਹਿੱਸਾ ਇਸ ਗੱਲ ਤੋਂ ਬਹੁਤ ਚਿੰਤਤ ਜਾਂ ਨਿਰਾਸ਼ ਹੈ ਕਿ ਸਾਡਾ ਕੋਈ ਚੰਗਾ ਆਗੂ ਨਹੀਂ ਹੈ, ਅਗਵਾਈ ਸਹੀ ਨਹੀਂ ਹੁੰਦੀ ਜਿਸ ਕਰਕੇ ਹਰ ਵਾਰ ਅਸੀਂ ਕਿਸੇ ਵੀ ਮਸਲੇ ਉੱਤੇ ਨਾ ਤਾਂ ਇਕਸੁਰ ਹੁੰਦੇ ਹਾਂ ਅਤੇ ਨਾ ਹੀ ਕੋਈ ਠੋਸ ਫੈਸਲਾ ਕਰ ਪਾਉਂਦੇ ਹਾਂ। ਇਹ ਚਿੰਤਾ ਜਾਇਜ਼ ਹੈ ਪਰ ਸਿਰਫ ਚਿੰਤਾ ਕਾਫੀ ਨਹੀਂ, ਨਾ ਹੀ ਚਿੰਤਾ ਦਾ ਜਿਕਰ ਕਾਫੀ ਹੈ। ਇਹਦੇ ਸਹੀ ਕਾਰਨਾਂ ਨੂੰ ਪਛਾਣੇ ਬਿਨਾ ਅਗਲੇ ਅਮਲ 'ਚ ਸੁਧਾਰ ਕਰਨਾ ਸੰਭਵ ਨਹੀਂ, ਉਹ ਵੀ ਓਸ ਵਕਤ ਜਦੋਂ ਵੱਡਾ ਹਿੱਸਾ ਆਪਣਾ ਪਾਤਸ਼ਾਹੀ ਦਾਅਵਾ ਭੁੱਲ ਕੇ ਸਿਰਫ ਸੂਬੇਦਾਰੀ ਦੀ ਦੌੜ 'ਚ ਪਿਆ ਹੋਵੇ ਅਤੇ ਇਹ ਦੁਨਿਆਵੀ ਸ਼ੈਅ ਦੀ ਪ੍ਰਾਪਤੀ ਲਈ ਆਪਣੀ ਰਵਾਇਤ ਵੱਲ ਨੂੰ ਪਿੱਠ ਕਰ ਲਈ ਹੋਵੇ। ਸੋ ਇਸ ਤਰਾਂ ਦੇ ਸਮੇਂ 'ਚ ਯਕੀਨਨ ਇਹ ਇਕ ਵੱਡੀ ਲੋੜ ਹੈ ਕਿ ਅਸੀਂ ਨਿੱਤ ਨਵੇਂ ਮਸਲੇ ਵਿਚ ਊਰਜਾ ਲਾਉਣ ਦੀ ਥਾਂ ਇਹ ਮਸਲੇ ਜਿਸ ਹਲਾਤ ਦੀ ਪੈਦਾਵਾਰ ਹਨ ਉਸ ਦੀ ਨਿਸ਼ਾਨਦੇਹੀ ਕਰੀਏ ਅਤੇ ਉਸ ਨੂੰ ਦਰੁੱਸਤ ਕਰਨ ਲਈ ਯਤਨਸ਼ੀਲ ਹੋਈਏ।

ਗੁਰੂ-ਲਿਵ ਤੋਂ ਵਿੱਥ ਉੱਤੇ ਹੋ ਜਾਣ ਕਰਕੇ ਸਾਡਾ ਗੁਰੂ ਪਾਤਸ਼ਾਹ ਲਈ ਅਹਿਸਾਸ ਉਹ ਨਹੀਂ ਰਿਹਾ ਜੋ ਹੋਣਾ ਚਾਹੀਦਾ ਸੀ। ਇਹ ਇਕ ਵੱਡਾ ਕਾਰਨ ਹੈ ਜਿਸ ਕਰਕੇ ਅਸੀਂ ਆਪਣੀ ਸ਼ੁੱਧਤਾ ਤੋਂ ਵਾਂਝੇ ਹੋ ਗਏ ਹਾਂ, ਅਸੀਂ ਦਾਅਵਾ ਪੰਥਕ ਹੋਣ ਦਾ ਕਰਦੇ ਹਾਂ ਪਰ ਸਾਡੀ ਦੌੜ ਸਿਰਫ ਸੂਬੇਦਾਰੀ ਵਾਲੀ ਹੈ, ਅਸੀਂ ਆਪਣਾ ਸਾਰਾ ਅਮਲ ਦੁਨਿਆਵੀ ਢਾਂਚਿਆਂ ਦੀਆਂ ਹੱਦਾਂ 'ਚ ਹੀ ਤੈਅ ਕਰਦੇ ਹਾਂ ਅਤੇ ਅਸੀਂ ਮਹਿਜ ਇੱਕ ਸਭਿਆਚਾਰਕ ਪਹਿਚਾਣ ਤੱਕ ਸੀਮਤ ਹੋ ਗਏ ਹਾਂ। ਗੁਰ-ਸੰਗਤ ਦੀ ਨੁਮਾਇੰਦਾ ਜਥੇਬੰਦੀ ਖਾਲਸਾ ਪੰਥ ਰਹੀ ਹੈ ਅਤੇ ਹਮੇਸ਼ਾ ਰਹਿਣੀ ਹੈ ਪਰ ਸਾਡਾ ਮੌਜੂਦਾ ਅਮਲ ਇਸ ਤੋਂ ਬਹੁਤ ਵਿੱਥ ਬਣਾ ਚੁੱਕਾ ਹੈ। ਅਸੀਂ ਗੁਰੂ ਦੇ ਦੱਸੇ ਰਾਹ ਤੋਂ ਪਾਸੇ ਜਾਣ ਕਰਕੇ ਗੁਰੂ ਦੇ ਗੁਣ ਧਾਰਨ ਕਰਨ 'ਚ ਅਸਮਰਥ ਹੋ ਗਏ ਹਾਂ ਜਿਸ ਕਰਕੇ ਸਾਡੀ ਸੇਵਾ ਅਤੇ ਕੁਰਬਾਨੀ ਉਸ ਸਿਖਰ ਨੂੰ ਨਹੀਂ ਛੂਹ ਪਾ ਰਹੀ ਜਿਸ ਸਿਖਰ ਤੇ ਜਾ ਕੇ ਸਾਡੇ ਵਡੇਰਿਆਂ ਨੇ ਪੰਥ ਮਹਾਰਾਜ ਦਾ ਸੇਵਕ ਹੋਣ ਦਾ ਮਾਣ ਹਾਸਲ ਕੀਤਾ ਸੀ। ਅਸੀਂ ਆਪਣੇ ਬੁਨਿਆਦੀ ਨੁਕਤਿਆਂ ਤੋਂ ਦੂਰ ਹੋ ਗਏ ਹਾਂ, ਨਾ ਸਾਡਾ ਆਗੂ ਚੁਣਨ ਦਾ ਤਰੀਕਾਕਾਰ ਸਾਡੀ ਰਵਾਇਤ ਅਨੁਸਾਰ ਹੈ ਨਾ ਹੀ ਫੈਸਲੇ ਲੈਣ ਦਾ, ਫਿਰ ਅਸੀਂ ਕਿਵੇਂ ਜਥੇਬੰਦ ਹੋ ਕੇ ਉਹ ਪੂਰਨੇ ਪਾ ਸਕਾਂਗੇ ਜਿਨਾਂ ਦੇ ਕਿੱਸੇ ਅਸੀਂ ਪੜਦੇ ਵੀ ਹਾਂ ਅਤੇ ਸੁਣਾਉਂਦੇ ਵੀ ਹਾਂ।

ਸਾਡੀ ਅਗਵਾਈ ਦਾ ਤਰੀਕਾਰ ਪੰਚ ਪ੍ਰਧਾਨੀ ਰਿਹਾ ਹੈ ਅਤੇ ਫੈਸਲੇ ਸੰਗਤ ਰੂਪ ਵਿੱਚ ਹੁੰਦੇ ਰਹੇ ਹਨ। ਅਸੀਂ ਨਿੱਜੀ ਲਾਲਸਾਵਾਂ ਤੋਂ ਕੋਹਾਂ ਦੀ ਦੂਰੀ ਤੇ ਵਿਚਰਦੇ ਰਹੇ ਹਾਂ ਪਰ ਹੁਣ ਆਧੁਨਿਕਤਾ ਦੇ ਦੌਰ ਚ ਪੱਛਮ ਦੀ ਤਰਜ ਤੇ ਅਸੀਂ ਅਹੁਦੇਦਾਰੀਆਂ ਵਾਲੀਆਂ ਬਣਤਰਾਂ ਚ ਉਲਝ ਗਏ ਹਾਂ ਅਤੇ ਵੋਟਾਂ ਰਾਹੀਂ ਤਾਕਤ ਮਾਨਣ ਦੀ ਇੱਛਾ ਪਾਲ ਲਈ ਹੈ ਤਦ ਹੀ ਅਸੀਂ ਆਪਣੀਆਂ ਪਰੰਪਰਾਵਾਂ ਅਤੇ ਸੰਸਥਾਵਾਂ ਨੂੰ ਮਜਬੂਤ ਕਰਨ ਚ ਅਸਮਰੱਥ ਹੋ ਗਏ ਹਾਂ। ਹੁਣ ਤਾਂ ਸਾਡੇ ਬਹੁਤੇ ਜੱਥਿਆਂ (ਹੁਣ ਪ੍ਰਚਲਤ ਨਾਮ ਜਥੇਬੰਦੀ) ਵਿੱਚ ਸਿਮਰਨ ਬੰਦਗੀ, ਪੰਥ ਦਰਦੀ ਤੇ ਦੁਨਿਆਵੀ ਗੁਣਾਂ ਵਿੱਚ ਮਾਹਰ ਸ਼ਖਸੀਅਤ ਦਾ ਤਵਾਜਨ ਨਹੀਂ ਰਿਹਾ, ਜੋ ਹੋਣਾ ਚਾਹੀਦਾ ਸੀ। ਸਾਨੂੰ ਪੰਜ ਸਿੰਘਾਂ ਦੀ ਅਗਵਾਈ ਦੇ ਅਰਥ ਓਪਰੇ ਲੱਗਣ ਲੱਗ ਪਏ ਹਨ ਅਤੇ ਅਸੀਂ ਆਪਣੇ ਨਵੇਂ ਅਰਥ ਘੜ ਲਏ ਹਨ। ਪੰਜ ਸਿੰਘ ਸਿਰਫ ਨਗਰ ਕੀਰਤਨ ਦੇ ਅੱਗੇ ਅੱਗੇ ਚੱਲਣ ਅਤੇ ਅੰਮ੍ਰਿਤ ਛਕਾਉਣ ਤੱਕ ਸੀਮਤ ਕਰ ਲਏ ਹਨ। ਕੋਈ ਰਾਜਸੀ ਧੜਾ ਜੇਕਰ ਕਿਸੇ ਸੰਘਰਸ਼/ਕਾਰਵਾਈ ਚ ਪੰਜ ਸਿੰਘਾਂ ਦੀ ਅਗਵਾਈ ਦਾ ਦਾਅਵਾ ਕਰ ਵੀ ਦਿੰਦਾ ਹੈ ਤਾਂ ਵੀ ਉਹ ਪੰਜ ਸਿੰਘਾਂ ਨੂੰ ਅੱਗੇ ਅੱਗੇ ਸਿਰਫ ਸਤਿਨਾਮ-ਵਾਹਿਗੁਰੂ ਦੇ ਜਾਪ ਕਰਨ ਤੱਕ ਹੀ ਸੀਮਤ ਕਰ ਦਿੰਦਾ ਹੈ, ਕਾਰਵਾਈ ਜਾ ਫੈਸਲਾ ਉਸ ਧੜੇ ਜਾ ਇਕੱਠ ਦਾ ਮੋਹਰੀ ਹੀ ਕਰਦਾ ਹੈ। ਕੀ ਇਸ ਤਰਾਂ ਦੀ ਅਗਵਾਈ 'ਚੋਂ ਅਸੀਂ ਕੋਈ ਠੋਸ ਨਤੀਜੇ ਚਿਤਵ ਸਕਦੇ ਹਾਂ? ਸਾਡੀ ਵੱਡੀ ਊਰਜਾ ਬੰਦੇ ਬਦਲਣ ਤੇ ਲੱਗੀ ਰਹਿੰਦੀ ਹੈ ਪਰ ਸਾਨੂੰ ਇਕ ਗੱਲ ਸਮਝਣੀ ਬਹੁਤ ਜਰੂਰੀ ਹੈ ਕਿ ਇਹ ਬਦਲਾਅ ਸਿਰਫ ਬੰਦੇ ਬਦਲਣ ਨਾਲ ਨਹੀਂ ਹੋਣਾ, ਇਹ ਅਮਲ ਬਦਲਣ ਨਾਲ ਹੋਣਾ ਹੈ ਅਤੇ ਅਮਲ ਸੋਚ ਸਮਝ ਕੇ ਲੰਬਾ ਸਮਾਂ ਨਹੀਂ ਬਦਲੇ ਜਾ ਸਕਦੇ ਹੁੰਦੇ ਇਹ ਤਾਂ ਸਹਿਜ ਸੁਭਾਅ ਅਤੇ ਆਪਣੀ ਅੰਦਰ ਦੀ ਅਵਸਥਾ 'ਚੋਂ ਨਿਕਲਦੇ ਹਨ।

ਅਸੀਂ ਆਪਣੇ ਕਿੰਨੇ ਕੁ ਫੈਸਲੇ 'ਗੁਰਮਤਾ' ਸੰਸਥਾ ਦੀ ਪ੍ਰਣਾਲੀ ਰਾਹੀਂ ਕੀਤੇ ਹਨ? ਬੇਸ਼ੱਕ ਦਾਅਵਾ ਸਾਡਾ ਇਹੀ ਰਹਿੰਦਾ ਹੋਵੇ ਪਰ ਕੀ ਉਹ ਖਾਲਸਾ ਜਥੇਬੰਦੀ ਦੇ ਜਜ਼ਬੇ ਦਾ ਸੰਸਥਾਗਤ ਪ੍ਰਗਟਾਵਾ ਹੁੰਦਾ ਹੈ? ਸਾਡੇ ਫੈਸਲੇ ਸੰਗਤੀ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਚ-ਪ੍ਰਧਾਨੀ ਅਗਵਾਈ ਪ੍ਰਣਾਲੀ ਤਹਿਤ ਕੀਤੇ ਜਾਂਦੇ ਰਹੇ ਹਨ। ਫੈਸਲਾ ਲੈਣ ਵਾਲੇ ਪੰਜ ਸਿੰਘ ਸਾਹਿਬ ਮੌਕੇ 'ਤੇ ਹੀ ਸੰਗਤ ਵਿੱਚੋਂ ਚੁਣੇ ਜਾਂਦੇ ਅਤੇ ਅੰਤਮ ਫੈਸਲਾ ਲੈਣ ਤੋਂ ਬਾਅਦ ਮੁੜ ਸੰਗਤ ਦਾ ਹੀ ਹਿੱਸਾ ਬਣ ਜਾਂਦੇ। ਪਰ ਕੀ ਹੁਣ ਸਾਡੇ ਬਹੁਤੇ ਫੈਸਲੇ ਕਿਸੇ ਵਿਅਕਤੀ ਵਿਸ਼ੇਸ਼ ਦੀ ਮਨ ਦੀ ਮਤ ਅਨੁਸਾਰ ਨਹੀਂ ਹੋ ਰਹੇ? ਕੀ ਉਹ ਫੈਸਲੇ ਦੁਨਿਆਵੀ ਗਿਣਤੀਆਂ ਮਿਣਤੀਆਂ 'ਚ ਨਹੀਂ ਉਲਝ ਰਹੇ? ਸਾਡੇ ਵੱਡੇ ਵੱਡੇ ਇਕੱਠਾਂ ਵਿਚ ਕਿੰਨੇ ਕਿੰਨੇ ਮਤੇ ਹਰ ਵਾਰ ਸਿਰਫ ਖਬਰ ਖਾਨਿਆਂ ਦਾ ਹਿੱਸਾ ਕਿਉਂ ਬਣ ਕੇ ਰਹਿ ਜਾਂਦੇ ਹਨ? ਸਾਡੇ ਮਤਿਆਂ ਵਿੱਚ 'ਸਿਰਫ ਅਕਾਲ ਪੁਰਖ ਦੀ ਅਧੀਨਗੀ' ਦੀ ਮਹਿਕ ਕਿਉਂ ਗਾਇਬ ਹੁੰਦੀ ਹੈ? ਇਸ ਤਰਾਂ ਦੇ ਬਹੁਤ ਸਵਾਲ ਹਰ ਵਾਰ ਜਿਉਂ ਦੇ ਤਿਉਂ ਹੀ ਰਹਿਣਗੇ, ਕਿਉਂਕਿ ਇਹ ਕਿਸੇ ਮਸਲੇ ਨਾਲ ਸਬੰਧਿਤ ਨਹੀਂ ਇਹ ਸਾਡੇ ਹਾਲਾਤ ਨਾਲ ਸਬੰਧਤ ਹਨ। ਹਾਲਾਤ ਤਦ ਤੱਕ ਇਸ ਤਰਾਂ ਹੀ ਰਹਿਣੇ ਹਨ ਜਦ ਤੱਕ ਅਸੀਂ ਅਸੀਂ ਨਹੀਂ ਬਣ ਜਾਂਦੇ ਅਤੇ ਆਪਣੀ ਸ਼ੁੱਧਤਾ ਬਹਾਲ ਨਹੀਂ ਕਰ ਲੈਂਦੇ। ਸਾਡੀ ਸ਼ੁੱਧਤਾ ਸਾਡੀ ਰਵਾਇਤ ਚ ਹੈ ਅਤੇ ਆਪਣੀ ਰਵਾਇਤ ਦੀ ਉਂਗਲ ਤਦ ਹੀ ਫੜ ਹੋਣੀ ਜਦ ਅਸੀਂ ਇਹ ਦੁਨਿਆਵੀ ਢਾਂਚਿਆਂ ਦੀਆਂ ਹੱਦਾਂ ਤੋਂ ਪਾਰ ਸਿਰਫ ਇਕ ਅਕਾਲ ਪੁਰਖ ਦੀ ਅਧੀਨਗੀ ਦੇ ਹਾਮੀ ਬਣਾਂਗੇ। ਇਸ ਹਲਾਤ ਨਾਲ ਜਿੰਨਾ ਸਮਾਂ ਅਸੀਂ ਨਹੀਂ ਨਜਿੱਠਦੇ, ਮਸਲੇ ਆਉਂਦੇ ਰਹਿਣੇ ਹਨ ਅਤੇ ਅਸੀਂ ਚਿੰਤਾ 'ਤੇ ਨਿਰਾਸ਼ਾ ਦਾ ਸ਼ਿਕਾਰ ਹੁੰਦੇ ਰਹਿਣਾ ਹੈ। ਗੁਰੂ ਪਾਤਸ਼ਾਹ ਮਿਹਰ ਕਰਨ ਅਸੀਂ ਆਪਣੇ ਭੁੱਲੇ ਰਾਹ ਤੇ ਫਿਰ ਤੋਂ ਕੋਈ ਕਦਮ ਰੱਖ ਸਕੀਏ।

# ਪ੍ਰਧਾਨ ਮੰਤਰੀ ਦੇ ਰੰਗੀਨ ਸੁਪਨਿਆਂ ਦੀ ਜਾਦੂਗਿਰੀ

**✪ ਖੇਤੀ ਨਾਲ ਸਬੰਧਤ ਤਿੰਨ ਨਵੇਂ ਕਾਨੂੰਨ ਕ੍ਰਿਸਾਨੀ ਨੂੰ ਕਰਨਗੇ ਕੰਗਾਲ**

**✪ ਡਿਜੀਟਲ ਇੰਡੀਆ ਦੇ ਨਾਅਰਿਆਂ ਦੀ ਸਰਕਾਰ ਈ-ਨਾਮ ਨਾਲ ਕੁੱਲ 1000 ਮੰਡੀਆਂ ਵੀ ਜੋੜ ਨਹੀਂ ਸਕੀ**



ਰਿਵੀਸ਼ ਕੁਮਾਰ

ਪ੍ਰਧਾਨ ਮੰਤਰੀ ਮੋਦੀ ਖੇਤੀ ਨਾਲ ਸਬੰਧਤ ਤਿੰਨ ਨਵੇਂ ਕਾਨੂੰਨਾਂ ਬਾਰੇ ਜੋ ਸੁਪਨੇ ਦਿਖਾ ਰਹੇ ਹਨ, ਉਹੀ ਸੁਪਨੇ ਉਨਾਂ ਨੇ ਸਾਲ 2016 ਦੌਰਾਨ ਈ-ਨਾਮ ਯੋਜਨਾ ਦੇ ਨਾਮ 'ਤੇ ਪੇਸ਼ ਕੀਤੇ ਸਨ। 14 ਅਪ੍ਰੈਲ 2016 ਦੌਰਾਨ ਈ-ਨਾਮ ਯੋਜਨਾ ਦਾ ਸੁਪਨਾ ਬਿਖੇਰਿਆ ਗਿਆ ਸੀ। ਉਸੇ ਸਮੇਂ ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਭਾਸ਼ਣ ਵਿੱਚ ਜੋ ਕਿਹਾ ਸੀ, ਉਹੀ ਗੱਲਾਂ ਉਹ ਹੁਣ ਕਹਿ ਰਹੇ ਹਨ। ਈ-ਨਾਮ ਯੋਜਨਾ ਦਾ ਸੁਪਨਾ ਅਸਫਲ ਹੋ ਗਿਆ ਸੀ । ਇਸ ਤੋਂ ਬਾਅਦ ਵੀ ਪ੍ਰਧਾਨ ਮੰਤਰੀ ਮੋਦੀ ਇਸ ਵਾਰ ਵੀ ਅਜਿਹੇ ਹੀ ਸੁਪਨਾ ਦਿਖਾ ਰਹੇ ਹਨ । ਭਾਰਤ ਦੇ ਕਿਸਾਨਾਂ ਨੂੰ 14 ਅਪ੍ਰੈਲ 2016 ਦੌਰਾਨ ਦਿਤਾ ਉਨਾਂ ਦਾ ਭਾਸ਼ਣ ਸੁਣਨਾ ਚਾਹੀਦਾ ਹੈ।

ਅਜਿਹੇ ਸਿਸਟਮ ਨਾਲ ਥੋਕ ਵਿਕਰੇਤਾ ਦੀ ਸਹੂਲਤ ਵਧੇਗੀ। ਇਹ ਇਕ ਅਜਿਹੀ ਯੋਜਨਾ ਹੈ ਜਿਸ ਨਾਲ ਉਪਭੋਗਤਾ ਨੂੰ ਬਰਾਬਰ ਦਾ ਫਾਇਦਾ ਹੋਵੇਗਾ। ਅਰਥਾਤ ਅਜਿਹੀ ਮਾਰਕੀਟ ਪ੍ਰਣਾਲੀ ਦੁਰਲੱਭ ਹੀ ਹੁੰਦੀ ਹੈ ਜਿਸ ਨਾਲ ਉਪਭੋਗਤਾ ਨੂੰ ਲਾਭ ਹੁੰਦਾ ਹੈ, ਖਪਤਕਾਰ ਨੂੰ ਵੀ ਫਾਇਦਾ ਹੁੰਦਾ ਹੈ, ਵਿਚੋਲੇ ਜੋ ਮਾਰਕੀਟ ਵਿੱਚ ਬੈਠੇ ਕਾਰੋਬਾਰ ਲੈਂਦੇ ਹਨ, ਚੀਜ਼ਾਂ ਵੇਚਦੇ ਅਤੇ ਖਰੀਦਦੇ ਹਨ, ਨੂੰ ਵੀ ਲਾਭ ਹੋਣਾ ਚਾਹੀਦਾ ਹੈ ਅਤੇ ਕਿਸਾਨ ਨੂੰ ਵੀ ਲਾਭ ਹੋਣਾ ਚਾਹੀਦਾ ਹੈ। (ਪ੍ਰਧਾਨ ਮੰਤਰੀ ਮੋਦੀ, 14 ਅਪ੍ਰੈਲ 2016)

ਆਪਣੇ ਭਾਸ਼ਣ ਦੇ ਇਸ ਹਿੱਸੇ ਵਿਚ ਮੋਦੀ ਵਿਚੋਲੇ ਦੇ ਫਾਇਦਿਆਂ ਬਾਰੇ ਵੀ ਗੱਲ ਕਰ ਰਹੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਕਿੰਨਾ ਸ਼ਾਨਦਾਰ ਸੁਪਨਾ ਵੇਚਿਆ ਹੈ ਕਿ ਈ-ਨਾਮ ਨਾਲ ਸਾਰਿਆਂ ਕਿਸਾਨ, ਵਪਾਰੀ, ਵਿਚੋਲੇ ਅਤੇ ਖਪਤਕਾਰ ਨੂੰ ਲਾਭ ਪਹੁੰਚੇਗਾ। ਦਿੱਲੀ ਦੇ ਵਿਗਿਆਨ ਭਵਨ ਵਿੱਚ ਜਿਸ ਭਰੋਸੇ ਨਾਲ ਪ੍ਰਧਾਨ ਮੰਤਰੀ ਨੇ ਅਧਿਕਾਰੀਆਂ ਅਤੇ ਖੇਤੀ ਵਿਗਿਆਨੀਆਂ ਵਿੱਚ ਜਿਸ ਆਤਮ ਵਿਸ਼ਵਾਸ ਨਾਲ ਇਹ ਸੁਪਨਾ ਵੇਚ ਦਿੱਤਾ ਕਿ ਕੇਰਲ ਦਾ ਕਿਸਾਨ ਈ-ਨਾਮ ਨਾਲ ਬੰਗਾਲ ਦੇ ਕਿਸਾਨ ਤੋਂ ਸਾਮਾਨ ਖਰੀਦ ਸਕੇਗਾ ।ਈ-ਨਾਮ ਨੂੰ ਚਾਰ ਸਾਲ ਹੋ ਗਏ ਹਨ। ਚਾਰ ਸਾਲ ਇੱਕ ਲੰਮਾ ਸਮਾਂ ਹੈ ਕਿ ਮੋਦੀ ਦੇ ਭਾਸ਼ਣਾਂ ਅਨੁਸਾਰ ਕਿਸਾਨਾਂ ਦੇ ਜੀਵਨ ਵਿੱਚ ਤਬਦੀਲੀ ਆਈ ਹੈ। 4 ਸਾਲਾਂ ਲਈ ਇਹ ਸਮਝਣ ਲਈ ਕਾਫ਼ੀ ਸਮਾਂ ਹੈ ਕਿ ਈ-ਨਾਮ ਦੁਆਰਾ ਕੀ ਹੋਇਆ।ਅੱਜ ਜਦੋਂ ਪ੍ਰਧਾਨ ਮੰਤਰੀ ਮੋਦੀ ਖੇਤੀ ਦੇ ਤਿੰਨ ਨਵੇਂ ਕਾਨੂੰਨਾਂ ਦੇ ਹਕ ਵਿਚ ਭਾਸ਼ਣ ਦੇ ਰਹੇ ਸਨ ਤਾਂ ਈ-ਨਾਮ ਗਾਇਬ ਹੋ ਗਿਆ ਪਰ ਉਹ ਅਜੇ ਵੀ ਇੱਕ ਥਾਂ ਤੋਂ ਦੂਜੀ ਥਾਂ ਤੋਂ ਮਾਲ ਲਿਆਉਣ ਦਾ ਸੁਪਨਾ ਜੋ ਉਦੋਂ ਦਿਖਾ ਰਹੇ ਸਨ ਅਤੇ ਅਜੇ ਵੀ ਦਿਖਾ ਰਹੇ ਹਨ।

ਮੰਨ ਲਓ ਜੇ ਤੁਸੀਂ ਬੰਗਾਲ ਤੋਂ ਚਾਵਲ ਖਰੀਦਣਾ ਚਾਹੁੰਦੇ ਹੋ ਅਤੇ ਕੇਰਲ ਨੂੰ ਚਾਵਲ ਦੀ ਜ਼ਰੂਰਤ ਹੈ, ਤਾਂ ਬੰਗਾਲ ਦਾ ਕਿਸਾਨ ਆਨਲਾਈਨ ਜਾ ਕੇ ਵੇਖੇਗਾ ਕਿ ਕੇਰਲਾ ਦੀ ਕਿਹੜੀ ਮੰਡੀ ਹੈ ਜਿਥੇ ਚਾਵਲ ਇਸ ਕੁਆਲਟੀ ਦਾ ਚਾਹੀਦਾ ਹੈ, ਏਨਾ ਮੁਲ ਮਿਲ ਸਕਦਾ ਹੈ। ਫਿਰ ਉਹ ਆਨਲਾਈਨ ਕਹੇਗਾ ਭਈ, ਮੇਰੇ ਕੋਲ ਏਨਾ ਸੌਦਾ ਹੈ ਅਤੇ ਮੇਰੇ ਕੋਲ ਇਹ ਸਰਟੀਫਿਕੇਟ ਹੈ ਅਤੇ ਮੇਰੇ ਕੋਲ ਇਸ ਤਰਾਂ ਦਾ ਸਮਾਨ ਹੈ, ਮੈਨੂੰ ਦੱਸੋ ਤੁਹਾਨੂੰ ਚਾਹੀਦਾ ਹੈ ਅਤੇ ਜੇ ਕੇਰਲ ਦਾ ਵਪਾਰੀ ਮਹਿਸੂਸ ਕਰਦਾ ਹੈ ਕਿ ਇਹ ਸਹੀ ਹੈ ਤਾਂ ਉਹ ਇਸ ਨਾਲ ਸੌਦਾ ਕਰੇਗਾ ਅਤੇ ਆਪਣਾ ਸਮਾਨ ਲੈ ਜਾਵੇਗਾ. '(ਪ੍ਰਧਾਨ ਮੰਤਰੀ ਮੋਦੀ, 14 ਅਪ੍ਰੈਲ 2020)'

ਹੁਣ 21 ਸਤੰਬਰ 2020 ਨੂੰ ਪ੍ਰਧਾਨ ਮੰਤਰੀ ਦੇ ਭਾਸ਼ਣ ਦਾ ਅੰਸ਼ ਵੇਖੋ, ਤੁਸੀਂ ਮਹਿਸੂਸ ਕਰੋਗੇ ਕਿ ਉਨਾਂ ਕੋਲ ਵੀ ਹੁਣ ਨਵਾਂ ਬੋਲਣ ਲਈ ਕੁਝ ਨਹੀਂ ਹੈ। ਇੱਥੇ ਸਿਰਫ ਇੱਕ ਟੇਪ ਹੈ ਜੋ ਵਾਰ ਵਾਰ ਵਜਾ ਦਿੰਦੇ ਹਨ। ਸਿਰਫ ਇੱਕ ਅੰਤਰ ਹੈ ਕਿ ਈ-ਨਾਮ ਦੀ ਸ਼ੁਰੂਆਤ ਦੇ ਸਮੇਂ, ਉਹ ਵਿਚੋਲੇ ਲੋਕਾਂ ਨੂੰ ਲਾਭ ਵੀ ਪਹੁੰਚਾ ਰਹੇ ਸਨ, ਇਸ ਵਾਰ ਉਨਾਂ ਨੂੰ ਸ਼ਕਤੀਸ਼ਾਲੀ ਗੈਂਗ ਕਹਿ ਰਹੇ ਹਨ। ਦੋਸਤੋ, ਹੁਣ ਤੱਕ ਸਾਡੇ ਦੇਸ਼ ਵਿਚ ਉਤਪਾਦਨ ਅਤੇ ਵਿਕਰੀ ਦੀ ਪ੍ਰਣਾਲੀ ਚਲੀ ਆ ਰਹੀ ਹੈ ਜੋ ਕਾਨੂੰਨ ਸਨ, ਉਸ ਨੇ ਕਿਸਾਨਾਂ ਦੇ ਹੱਥ-ਪੈਰ ਬੰਨੇ ਹੋਏ ਹਨ ।ਇਨਾਂ ਕਾਨੂੰਨਾਂ ਦੀ ਆੜ ਵਿਚ ਦੇਸ਼ ਵਿਚ ਅਜਿਹੇ ਸ਼ਕਤੀਸ਼ਾਲੀ ਗੈਂਗ ਪੈਦਾ ਹੋ ਗਏ ਹਨ, ਜੋ ਕਿਸਾਨਾਂ ਦੀ ਬੇਵਸੀ ਦਾ ਫਾਇਦਾ ਉਠਾ ਰਹੇ ਸਨ। ਆਖਰਕਾਰ, ਇਹ ਕਿੰਨਾ ਚਿਰ ਚਲਦਾ ਰਹਿੰਦਾ? ਇਸ ਲਈ, ਇਸ ਪ੍ਰਣਾਲੀ ਨੂੰ ਬਦਲਣਾ ਜ਼ਰੂਰੀ ਸੀ ਅਤੇ ਸਾਡੀ ਸਰਕਾਰ ਨੇ ਇਹ ਤਬਦੀਲੀਆਂ ਕੀਤੀਆਂ ਹਨ। ਨਵੇਂ ਖੇਤੀਬਾੜੀ ਸੁਧਾਰਾਂ ਨੇ ਦੇਸ਼ ਦੇ ਹਰ ਕਿਸਾਨ ਨੂੰ ਇਹ ਆਜ਼ਾਦੀ ਦਿੱਤੀ ਹੈ ਕਿ ਉਹ ਆਪਣੀ ਫਸਲ, ਆਪਣੇ ਫਲ ਅਤੇ ਸਬਜ਼ੀਆਂ ਕਿਸੇ ਨੂੰ ਵੀ, ਕਿਤੇ ਵੀ ਵੇਚ ਸਕਦਾ ਹੈ। ਹੁਣ ਉਸ ਨੂੰ ਆਪਣੇ ਖੇਤਰ ਦੀ ਮੰਡੀ ਤੋਂ ਇਲਾਵਾ ਹੋਰ ਵੀ ਕਈ ਬਦਲ ਮਿਲ ਗਏ ਹਨ। (ਪ੍ਰਧਾਨ ਮੰਤਰੀ ਮੋਦੀ, 21 ਸਤੰਬਰ 2020)

ਪ੍ਰਧਾਨ ਮੰਤਰੀ ਦੇ 14 ਅਪ੍ਰੈਲ 2016 ਅਤੇ 21 ਸਤੰਬਰ 2020 ਦੇ ਭਾਸ਼ਣ ਵਿਚ ਕੋਈ ਅੰਤਰ ਨਹੀਂ ਹੈ। ਭਾਰਤ ਵਿਚ 7 ਹਜ਼ਾਰ ਮੰਡੀਆਂ ਹਨ।ਇਸ ਤੋਂ ਇਲਾਵਾ ਮੰਡੀਆਂ ਦੀ ਗਿਣਤੀ ਵਧੇਰੇ ਹੋਣੀ ਚਾਹੀਦੀ ਹੈ, ਪਰ ਚਾਰ ਸਾਲਾਂ ਵਿੱਚ ਸਵੇਰੇ ਅਤੇ ਸ਼ਾਮ ਡਿਜੀਟਲ ਇੰਡੀਆ ਦੇ ਨਾਅਰਿਆਂ ਦੀ ਸਰਕਾਰ ਈ-ਨਾਮ ਨਾਲ ਕੁੱਲ 1000 ਮੰਡੀਆਂ ਵੀ ਜੋੜ ਨਹੀਂ ਸਕੀ ਤਾਂ ਕਿ ਦਰਭੰਗਾ ਦਾ ਕਿਸਾਨ ਪਾਣੀਪਤ ਦੇ ਕਿਸਾਨ ਨੂੰ ਮਖਾਣੇ ਵੇਚ ਸਕੇ। ਮੈਂ ਤੁਹਾਨੂੰ ਇਸ ਦੀ ਸਥਿਤੀ ਵੀ ਦੱਸਦਾ ਹਾਂ।

4 ਜਨਵਰੀ 2019 ਨੂੰ, ਗਜੇਂਦਰ ਸਿੰਘ ਸ਼ੇਖਾਵਤ ਰਾਜ ਸਭਾ ਵਿੱਚ ਬਿਆਨ ਦਿੰਦੇ ਹਨ ਕਿ 31 ਮਾਰਚ 2018 ਤੱਕ, ਭਾਰਤ ਵਿੱਚ ਕੁੱਲ 585 ਮੰਡੀਆਂ ਨੂੰ ਈ-ਨਾਮ ਨਾਲ ਜੋੜਿਆ ਗਿਆ ਹੈ। 2019-20 ਤਕ, 415 ਮੰਡੀਆਂ ਜੋੜਨ ਨੂੰ ਮਨਜ਼ੂਰੀ ਦਿੱਤੀ ਗਈ ਹੈ ਤਾਂ ਜੋ ਇਸ ਨਾਲ ਜੁੜੀਆਂ ਮੰਡੀਆਂ ਦੀ ਗਿਣਤੀ 1000 ਹੋ ਜਾਵੇ। ਭਾਵ 31 ਮਾਰਚ 2018 ਤੋਂ ਬਾਅਦ ਸਰਕਾਰ ਨੇ ਖ਼ੁਦ ਈ-ਨਾਮ ਯੋਜਨਾ ਨੂੰ ਪਾਸੇ ਕਰ ਦਿੱਤਾ ਸੀ। ਇਸ ਦੀ ਸ਼ੁਰੂਆਤ ਸਮੇਂ ਪ੍ਰਧਾਨ ਮੰਤਰੀ ਨੇ ਭਾਰਤ ਦੇ ਕਿਸਾਨਾਂ ਨੂੰ ਬਹੁਤ ਸਾਰੇ ਸੁਪਨੇ ਦਿਖਾਏ ਸਨ। ਜੇ ਅਜਿਹਾ ਨਾ ਹੁੰਦਾ, ਤਾਂ ਦੋ ਸਾਲਾਂ ਤੋਂ, ਮੋਦੀ ਸਰਕਾਰ ਦੇ ਮੰਤਰੀ ਇਕੋ ਗੱਲ ਨਾ ਕਹਿੰਦੇ ਕਿ 415 ਮੰਡੀਆਂ ਨੂੰ ਈ-ਨਾਮ ਨਾਲ ਜੋੜਿਆ ਜਾਵੇਗਾ।14 ਅਪ੍ਰੈਲ 20 16 ਦਾ ਉਸ ਦਾ ਭਾਸ਼ਣ ਧਿਆਨ ਨਾਲ ਪੜੋ, ਇਹ ਇੰਟਰਨੈਟ 'ਤੇ ਹੈ। ਤੁਸੀਂ ਜਾਣਦੇ ਹੋਵੋਗੇ ਕਿ ਰੰਗੀਨ ਸੁਪਨੇ ਘੜੇ ਜਾ ਰਹੇ ਹਨ। ਕਿਤੇ ਵੀ ਕੁਝ ਸਪੱਸ਼ਟ ਨਹੀਂ ਹੈ। ਵਾਰ ਵਾਰ ਇਹੀ ਗੱਲ ਕਿ ਕੇਰਲਾ ਦਾ ਕਿਸਾਨ ਬੰਗਾਲ ਦੇ ਵਿਅਕਤੀ ਨੂੰ ਜਿਣਸ ਵੇਚ ਸਕੇਗਾ ਪਰ ਇਹ ਨਹੀਂ ਦਸਿਆ ਜਾਂਦਾ ਕਿ ਕੇਲਾ ਜਾਂ ਆਲੂ ਦੀ ਕੀਮਤ 'ਤੇ ਕੇਰਲਾ ਅਤੇ ਬੰਗਾਲ ਵਿਚ ਕਿੰਨਾ ਫਰਕ ਪਏਗਾ ਕਿ ਉਹ ਹਜ਼ਾਰਾਂ ਰੁਪਏ ਦਾ ਟਰੱਕ ਕਿਰਾਇਆ ਵੀ ਦੇਵੇਗਾ। ਕਿੰਨੇ ਕਿਸਾਨ ਈ-ਨਾਮ ਨਾਲ ਜੁੜੇ ਹੋਏ ਹਨ ਦੀ ਗਿਣਤੀ ਇਹ ਵੀ ਦਰਸਾਉਂਦੀ ਹੈ ਕਿ ਭਾਰਤ ਦੇ ਕਿਸਾਨੀ ਵਿੱਚ ਇੰਟਰਨੈਟ ਦਾ ਘੱਟ ਰੁਝਾਨ ਹੈ । ਜੇ ਇਹ ਨਾ ਹੁੰਦਾ, ਤਾਂ ਅੱਜ ਉਨਾਂ ਦੇ ਬੱਚੇ ਸਮਾਰਟ ਫੋਨਾਂ ਨਾਲ ਕਲਾਸਾਂ ਆਨਲਾਈਨ ਲਗਾ ਰਹੇ ਹੁੰਦੇ। ਹਰ ਕੋਈ ਜਾਣਦਾ ਹੈ ਕਿ ਕਿਸਾਨਾਂ ਨੂੰ ਬੇਵਕੂਫ ਬਣਾਇਆ ਜਾ ਸਕਦਾ ਹੈ, ਇਸ ਲਈ ਕੁਝ ਵੀ ਬੋਲੋ। ਸਭ ਚਲਦਾ ਹੈ।

6 ਮਾਰਚ 2020 ਨੂੰ, ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਸੰਸਦ ਵਿੱਚ ਕਿਹਾ ਕਿ 1 ਕਰੋੜ 66 ਲੱਖ ਕਿਸਾਨਾਂ ਨੂੰ ਈ-ਨਾਮ ਨਾਲ ਜੋੜਿਆ ਗਿਆ ਹੈ। 9 ਜੁਲਾਈ 2019 ਨੂੰ ਸਰਕਾਰ ਨੇ ਦੱਸਿਆ ਸੀ ਕਿ 30 ਜੂਨ 2019 ਤੱਕ 1 ਕਰੋੜ 64 ਲੱਖ ਕਿਸਾਨ ਈ-ਨਾਮ ਨਾਲ ਜੁੜੇ ਹੋਏ ਹਨ। ਯਾਨੀ ਇਕ ਸਾਲ ਵਿਚ ਸਿਰਫ ਦੋ ਲੱਖ ਨਵੇਂ ਕਿਸਾਨ ਇਸ ਪਲੇਟਫਾਰਮ ਵਿਚ ਸ਼ਾਮਲ ਹੋਏ ਹਨ। ਸਾਲ 2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ ਦੇਸ਼ ਵਿੱਚ ਕਿਸਾਨਾਂ ਦੀ ਗਿਣਤੀ 11 ਕਰੋੜ ਤੋਂ ਵੱਧ ਮੰਨੀ ਜਾਂਦੀ ਹੈ ਅਤੇ ਚਾਰ ਸਾਲਾਂ ਵਿੱਚ ਸਿਰਫ ਦੋ ਕਰੋੜ ਕਿਸਾਨਾਂ ਨੂੰ ਈ-ਨਾਮ ਨਾਲ ਜੋੜਿਆ ਨਹੀਂ ਜਾ ਸਕਿਆ।

ਈ-ਨਾਮ ਫੇਲ ਕਿਉਂ ਹੋਇਆ? ਸਰਕਾਰ ਸਾਰੀਆਂ ਮੰਡੀਆਂ ਨੂੰ ਈ-ਨਾਮ ਨਾਲ ਕਿਉਂ ਨਹੀਂ ਜੋੜ ਸਕੀ । ਜਿਹੜੀ ਸਰਕਾਰ ਨੇ ਭਾਰਤ ਦੇ ਛੇ ਲੱਖ ਪਿੰਡਾਂ ਨੂੰ ਤਿੰਨ ਸਾਲਾਂ ਵਿੱਚ ਆਪਟੀਕਲ ਫਾਈਬਰ ਨਾਲ ਜੋੜਨ ਦਾ ਐਲਾਨ ਕੀਤਾ ਸੀ, ਉਹ ਸਰਕਾਰ ਚਾਰ ਸਾਲਾਂ ਵਿੱਚ ਭਾਰਤ ਦੀਆਂ 7 ਹਜ਼ਾਰ ਮੰਡੀਆਂ ਨੂੰ ਇੰਟਰਨੈੱਟ ਦੇ ਨਾਲ ਨਹੀਂ ਜੋੜ ਸਕੀ। ਆਪਟੀਕਲ ਫਾਈਬਰ ਕਿਸੇ ਤਰਾਂ ਖਿੱਚ ਧੂਹ ਕੇ ਪਹੁੰਚਿਆ, ਜਿਥੇ ਵੀ ਪਹੁੰਚਿਆ ਇਸਦੀ ਸਥਿਤੀ ਵੀ ਖਰਾਬ ਹੈ। ਅੱਜ ਵੀ ਬਹੁਤੇ ਕਿਸਾਨਾਂ ਨੇ ਈ-ਨਾਮ ਦਾ ਨਾਮ ਨਹੀਂ ਸੁਣਿਆ। 14 ਅਪ੍ਰੈਲ, 2016 ਨੂੰ ਪ੍ਰਧਾਨ ਮੰਤਰੀ ਨੇ ਇਕ ਕੰਮ ਦੀ ਗੱਲ ਕਹੀ ਸੀ ਜਿਸ ਨੂੰ ਕਿਸਾਨ ਸਾਹਮਣੇ ਤੋਂ ਦੇਖ ਲੈਣ ਤਦ ਉਹ ਭਰੋਸਾ ਕਰਦਾ ਹੈ। ਪਰ ਚਾਰ ਸਾਲ ਬੀਤ ਚੁੱਕੇ ਹਨ, ਸਾਹਮਣੇ ਤੋਂ ਈ-ਨਾਮ ਨਹੀਂ ਦਿਖਾਈ ਦਿੰਦਾ। ਮੇਰਾ ਮੰਨਣਾ ਹੈ ਕਿ ਕਿਸਾਨੀ ਦਾ ਵੀ ਇਹੋ ਸੁਭਾਅ ਹੈ। ਇਕ ਵਾਰ ਜਦੋਂ ਉਸ ਵਿਚ ਵਿਸ਼ਵਾਸ ਹੋ ਜਾਂਦਾ ਹੈ, ਤਾਂ ਉਹ ਉਸ ਭਰੋਸੇ 'ਤੇ ਨਾਲ ਅੱਗੇ ਵਧਣਾ ਸ਼ੁਰੂ ਕਰ ਦੇਵੇਗਾ। ਲੋਕ ਬਹੁਤ ਜ਼ਿਆਦਾ ਤੇਜ਼ ਰਫਤਾਰ ਨਾਲ ਈ ਨਾਮ 'ਤੇ ਆਉਣਗੇ, ਪਾਰਦਰਸ਼ਤਾ ਆਵੇਗੀ।ਇਸ ਮਾਰਕੀਟ ਵਿੱਚ ਆਉਣ ਦੇ ਕਾਰਨ, ਭਾਰਤ ਸਰਕਾਰ ਆਸਾਨੀ ਨਾਲ ਰਾਜ ਸਰਕਾਰਾਂ ਦੀ ਨਿਗਰਾਨੀ ਕਰ ਸਕਦੀ ਹੈ, ਉਤਪਾਦਨ ਕੀ ਹੈ, ਕਿੰਨੀ ਮਾਤਰਾ ਹੈ। ਇਹ ਇਹ ਵੀ ਜਾਣੇਗਾ ਕਿ ਆਵਾਜਾਈ ਪ੍ਰਣਾਲੀ ਕਿਸ ਤਰਾਂ ਦੀ ਹੋਣੀ ਚਾਹੀਦੀ ਹੈ, ਗੋਦਾਮ ਦੀ ਵਰਤੋਂ ਕਿਵੇਂ ਕੀਤੀ ਜਾਵੇ, ਕੀ ਇਸ ਗੋਦਾਮ ਵਿੱਚ ਜਾਂ ਉਸ ਗੋਦਾਮ ਵਿੱਚ ਚੀਜ਼ਾਂ ਨੂੰ ਤਬਦੀਲ ਕਰਨਾ ਹੈ, ਭਾਵ, ਅਸੀਂ ਇੱਕ ਪੋਰਟਲ ਦੁਆਰਾ ਵਿਗਿਆਨਕ ਤੌਰ ਤੇ ਸਭ ਕੁਝ ਕਰ ਸਕਦੇ ਹਾਂ ਅਤੇ ਇਸ ਲਈ ਮੈਂ ਸਹਿਮਤ ਹਾਂ ਉਹ ਅੱਜ ਦਾ ਸਮਾਗਮ ਖੇਤੀਬਾੜੀ ਦੇ ਬਹੁਤ ਹੀ ਕਿਫਾਇਤੀ ਦ੍ਰਿਸ਼ਟੀਕੋਣ ਤੋਂ ਇਕ ਨਵਾਂ ਮੋੜ ਹੈ। (ਪ੍ਰਧਾਨ ਮੰਤਰੀ ਮੋਦੀ, 14 ਅਪ੍ਰੈਲ 2016)

ਪ੍ਰਧਾਨ ਮੰਤਰੀ ਦਾ ਕੰਮ ਬਹਿਸਾਂ ਅਤੇ ਦਾਅਵਿਆਂ ਵਿਚ ਇਤਿਹਾਸਕ ਨਜ਼ਰ ਆਵੇਗਾ। ਜੇ ਤੁਸੀਂ ਉਸ ਦੀਆਂ ਕਈ ਯੋਜਨਾਵਾਂ ਨੂੰ ਉਲਟਾ ਕੇ ਵੇਖਦੇ ਹੋ, ਤਾਂ ਤੁਹਾਨੂੰ ਉਹੀ ਹਾਲ ਮਿਲੇਗਾ ਕਿ ਪ੍ਰਧਾਨ ਮੰਤਰੀ ਨੇ ਖ਼ੁਦ ਯੋਜਨਾਵਾਂ ਨੂੰ ਇਤਿਹਾਸ ਦੇ ਕੂੜੇਦਾਨ ਵਿੱਚ ਪਾ ਦਿੱਤਾ ਹੈ। ਸਮਾਰਟ ਸਿਟੀ, ਸਕਿੱਲ ਇੰਡੀਆ, ਮੇਕ ਇਨ ਇੰਡੀਆ ਅਤੇ ਇਹ ਈ-ਨਾਮ 4 ਸਾਲਾਂ ਵਿੱਚ ਦੇਸ਼ ਦੀਆਂ ਸਿਰਫ 10 ਪ੍ਰਤੀਸ਼ਤ ਮੰਡੀਆਂ ਵਿੱਚ ਸ਼ਾਮਲ ਹੋ ਸਕਿਆ। ਇਕ ਹੋਰ ਸੁਪਨਾ ਵੇਚਣਾ ਬਾਕੀ ਹੈ.2022-23 ਵਿਚ ਕਿਸਾਨਾਂ ਦੀ ਆਮਦਨੀ ਦੁੱਗਣੀ ਹੋ ਜਾਵੇਗੀ।ਪਰ ਇਹ ਨਹੀਂ ਦੱਸਿਆ ਗਿਆ ਹੈ ਕਿ ਹੁਣ ਕਿੰਨੀ ਆਮਦਨ ਹੈ ਤੇ 2022 ਵਿਚ ਕਿੰਨੀ ਆਮਦਨੀ ਹੋਵੇਗੀ ।ਬਹੁਤ ਸਾਰੇ ਮਾਹਿਰਾਂ ਨੇ ਲਿਖਿਆ ਹੈ ਕਿ ਕਿਸਾਨਾਂ ਦੀ ਸਾਲਾਨਾ ਔਸਤਨ ਆਮਦਨੀ ਦੇ ਅੰਕੜੇ ਆਉਣਾ ਬੰਦ ਹੋ ਗਏ ਹਨ। ਕਮਾਲ ਦੀ ਗਲ ਹੈ। ਪਰ ਡੇਟਾ ਫਾਈਲਾਂ ਤੋਂ ਫਿਸਲ ਕੇ ਆ ਹੀ ਜਾਂਦਾ ਹੈ। ਜੁਲਾਈ 2019 ਵਿਚ, ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਰਾਜ ਸਭਾ ਵਿਚ ਬਿਆਨ ਦਿੰਦੇ ਹਨ ਕਿ ਦੇਸ਼ ਵਿਚ ਹਰਿਆਣੇ ਦੇ ਕਿਸਾਨਾਂ ਦੀ ਸਭ ਤੋਂ ਵੱਧ ਕਮਾਈ ਹੋਈ ਹੈ। ਉਨਾਂ ਦੀ ਇਕ ਮਹੀਨੇ ਦੀ ਕਮਾਈ 14,434 ਹੈ ਅਤੇ ਛੇ ਰਾਜਾਂ ਦੇ ਕਿਸਾਨਾਂ ਦੀ ਔਸਤਨ ਮਹੀਨਾਵਾਰ ਆਮਦਨ 5000 ਤੋਂ ਘੱਟ ਹੈ, ਬਿਹਾਰ, ਝਾਰਖੰਡ, ਬੰਗਾਲ, ਉਤਰਾਖੰਡ, ਉੱਤਰ ਪ੍ਰਦੇਸ਼ ਅਤੇ ਉੜੀਸਾ ਦੇ ਕਿਸਾਨ ਇਕ ਮਹੀਨੇ ਵਿਚ 5000 ਤੋਂ ਘੱਟ ਕਮਾਈ ਕਰਦੇ ਹਨ। ਬਿਹਾਰ ਵਿੱਚ ਕਿਸਾਨਾਂ ਦੀ ਮਹੀਨਾਵਾਰ ਆਮਦਨ 4000 ਤੋਂ ਘੱਟ ਹੈ। ਚਾਰ ਸਾਲਾਂ ਬਾਅਦ ਇਹ 8000 ਬਣ ਜਾਂਦੀ ਹੈ, ਤਾਂ ਕੀ ਇਹ ਦੁਗਣੀ ਹੋਵੇਗੀ? ਇਸ ਨੂੰ ਮੂਰਖਤਾ ਕਿਹਾ ਜਾਵੇਗਾ।ਜੇ ਤੁਸੀਂ ਮਹਿੰਗਾਈ ਦੇ ਹਿਸਾਬ ਨਾਲ ਨਹੀਂ ਵੇਖੋਗੇ ਤਾਂ ਇਹ ਕੁਝ ਵੀ ਨਹੀਂ ਹੈ।

# ਕਿਸਾਨੀ ਬਿਲਾਂ ਦੀ ਹਮਾਇਤ ਪੰਜਾਬ ਦੀ ਖੁਦਮੁਖਤਾਰੀ ਉਪਰ ਹਮਲਾ

## ✪ ਕਾਰਪੋਰੇਟ ਕੰਪਨੀਆਂ ਥੋੜੇ ਜਿਹੇ ਵਿਵਾਦ ਕਾਰਨ 'ਕਿਸਾਨਾਂ ਨੂੰ ਕੋਰਟ ਵਿਚ ਖਿੱਚਣਗੀਆਂ' ✪ ਕੰਪਨੀਆਂ ਨੂੰ ਬਿੱਲ ਵਿਚ ਸਟਾਕ ਦੀ ਸਹੂਲਤ ਦੇ ਕੇ ਬਲੈਕ ਮਾਰਕੀਟਿੰਗ ਦੀ ਇਜ਼ਾਜਤ ਦਿਤੀ ਗਈ ✪ ਕਾਰਪੋਰੇਟ ਦੀ ਮਾਇਆ ਹਵਸ ਦੇਸ਼ ਵਿਚ ਭੁੱਖਮਰੀ ਦੀ ਸਥਿਤੀ ਵੀ ਪੈਦਾ ਕਰੇਗੀ

**- ਪ੍ਰੋ. ਬਲਵਿੰਦਰ ਪਾਲ ਸਿੰਘ**

**9815700916**

ਕਾਰਪੋਰੇਟ ਕਾਮਰੇਡ ਅਮਰਜੀਤ ਸਿੰਘ ਗਰੇਵਾਲ ਨੇ ਹੁਣੇ ਜਿਹੇ ਕਿਸਾਨੀ ਬਿਲਾਂ ਦੀ ਹਮਾਇਤ ਕਰਕੇ ਕਿਹਾ ਹੈ ਕਿ ਇਹ ਬਿਲ ਕਿਰਸਾਨੀ ਲਈ ਲਾਭਦਾਇਕ ਹਨ। ਇਸ ਕਨੂੰਨ ਤਹਿਤ ਕਿਸਾਨ ਕਾਰਪੋਰੇਟ ਕੋਲੋਂ ਸਿਧਾ ਫਾਇਦਾ ਖਟ ਸਕਦੇ ਹਨ। ਗਰੇਵਾਲ ਦਾ ਮੰਨਣਾ ਹੈ ਕਿ ਪੁਰਾਣਾ ਸਿਸਟਮ ਗਲਤ ਸੀ ਕਿ ਜਿਸ ਨੇ ਪੰਜਾਬ ਦੀ ਧਰਤੀ ਪੌਣ ਪਾਣੀ ਪਲੀਤ ਕੀਤਾ। ਗਰੇਵਾਲ ਨੂੰ ਇਹ ਗਿਆਨ ਨਹੀਂ ਹੈ ਕਿ ਕਿਸਾਨਾਂ ਦਾ ਮੁਦਾ ਸਮਰਥਨ ਮੁਲ ਦੀ ਕਾਇਮੀ ਤੇ ਫਸਲਾਂ ਦੇ ਉਚਿਤ ਭਾਅ ਦੇਣ ਤੇ ਫਸਲਾਂ ਨਾ ਰੁਲਣ ਦਾ ਹੈ। ਪਰ ਗਰੇਵਾਲ ਲਛੇਦਾਰ ਭਾਸ਼ਾ ਵਰਤ ਕੇ ਮੋਦੀ ਸਰਕਾਰ ਦੀ ਹਮਾਇਤ ਕਰ ਰਹੇ ਹਨ। ਤੁਹਾਨੂੰ ਯਾਦ ਕਰਾ ਦੇਈਏ ਕਿ ਇਹ ਕਾਰਪੋਰੇਟ ਕਾਮਰੇਡ ਗਰੇਵਾਲ ਪਹਿਲਾਂ ਕਾਂਗਰਸੀ ਕੇਂਦਰੀਵਾਦ ਦਾ ਹਥਠੋਕਾ ਬਣ ਕੇ ਗੁਰੂ ਗਰੰਥ ਸਾਹਿਬ ਦੀ ਵਿਚਾਰਧਾਰਾ ਦੇ ਉਲਟ ਲਿਖਿਆ ਕਿ ਇਹ ਗੁਲਾਮੀ ਸਿਰਜਦੀ ਹੈ । ਦੂਸਰਾ ਉਸ ਨੇ ਖਾਲਸਈ ਪਰੰਪਰਾ ਦਾ ਮਖੌਲ ਉਡਾਦਿਆਂ ਪੰਜ ਕਕਾਰਾਂ ਨੂੰ ਆਪਣੇ ਹੋਛੇ ਪ੍ਰਤੀਕਾਂ ਵਿਚ ਢਾਲਕੇ ਮਖੌਲ ਉਡਾਇਆ। ਉਸ ਸਮੇਂ ਮੈਂ ਲਗਾਤਾਰ ਇਸ ਵਿਰੁਧ ਆਰਟੀਕਲ ਲਿਖੇ ਸਨ। ਜਵਦੀ ਟਕਸਾਲ ਇਹਨਾਂ ਸਰਕਾਰੀ ਤੇ ਪੰਥ ਵਿਰੋਧੀ ਚਿੰਤਕਾਂ ਦਾ ਕੇਂਦਰ ਸੀ। ਡਾਕਟਰ ਸਤਿੰਦਰ ਨੂਰ ਦਿਲੀ ਜੋ ਕੇਂਦਰ ਸਰਕਾਰ ਨੂੰ ਪਰਨਾਇਆ ਲੇਖਕ ਸੀ, ਨਾਲ ਇਸ ਡੇਰੇ ਦਾ ਗਠਜੋੜ ਸੀ । ਗੁਰੂ ਗੋਬਿੰਦ ਸਿੰਘ ਸਟਡੀ ਸਰਕਲ ਕਾਰਣ ਅਮਰਜੀਤ ਗਰੇਵਾਲ ਨੂੰ ਅਕਾਲ ਤਖਤ ਸਾਹਿਬ 'ਤੇ ਮਾਫੀ ਮੰਗਣੀ ਪਈ । ਕੈਪਟਨ ਸਰਕਾਰ ਦੌਰਾਨ ਗੁਰੂ ਨਾਨਕ ਸਾਹਿਬ ਦੇ ਸਾਢੇ ਪੰਜ ਸੋ ਸਾਲਾ ਪ੍ਰਕਾਸ਼ ਉਤਸਵ ਤੇ ਸਰਕਾਰੀ ਸਮਾਗਮਾਂ ਦੌਰਾਨ ਕਰੋੜਾਂ ਰੁਪਏ ਬਰਬਾਦ ਕਰਵਾਏ । ਸਾਰੇ ਸਿਖ ਵਿਰੋਧੀ ਤੇ ਗੁਰਮਤਿ ਤੋਂ ਕੋਰੇ ਵਿਦਵਾਨ ਬੁਲਾਏ ਪਰ ਇਹਨਾਂ ਨੂੰ ਡੇਰਾ ਬਾਬਾ ਨਾਨਕ ਵਿਖੇ ਸੁਣਨ ਵਾਲਾ ਕੋਈ ਨਹੀਂ ਸੀ ਤੇ ਹੁਣ ਗਰੇਵਾਲ ਨਾਗਪੁਰ ਵਲ ਰਸਤਾ ਫੜ ਕੇ ਕਿਸਾਨਾਂ ਦਾ ਬੇੜਾ ਡੋਬਣ ਵਿਚ ਲਗਿਆ ਹੈ ।ਮੋਦੀ ਸਰਕਾਰ ਦਾ ਇਹ ਕਾਰਪੋਰੇਟੀ ਕਾਮਰੇਡ ਵਕੀਲ ਅਮਰਜੀਤ ਗਰੇਵਾਲ ਇਸ ਗੱਲ 'ਤੇ ਜ਼ੋਰ ਦੇ ਰਹੇ ਹਨ ਕਿ ਪਿਛਲੀਆਂ ਸਰਕਾਰਾਂ ਦੌਰਾਨ ਕਿਸਾਨਾਂ ਨੂੰ ਉਨਾਂ ਦੀਆਂ ਫਸਲਾਂ ਨੂੰ ਦੂਜੇ ਰਾਜਾਂ ਵਿਚ ਨਹੀਂ ਭੇਜਣ ਦਿੱਤਾ ਜਾਂਦਾ ਸੀ । ਰਵਾਇਤੀ ਫਸਲਾਂ ਉਗਾਉਣ ਨਾਲ ਕਿਸਾਨਾਂ ਦਾ ਨੁਕਸਾਨ ਹੋ ਰਿਹਾ ਸੀ। ਉਹ ਕਹਿੰਦਾ ਹੈ ਕਿ ਇਨਾਂ ਬਿੱਲਾਂ ਦੇ ਲਾਗੂ ਹੋਣ ਤੋਂ ਬਾਅਦ ਕਿਸਾਨ ਦੇਸ਼ ਦੇ ਕਿਸੇ ਵੀ ਹਿੱਸੇ ਵਿੱਚ ਆਪਣੀ ਫਸਲ ਵੇਚ ਕੇ ਵੱਡਾ ਮੁਨਾਫਾ ਕਮਾ ਸਕੇਗਾ। ਪਰ ਗਰੇਵਾਲ ਸਾਹਿਬ ਨੂੰ ਇਹ ਗਿਆਨ ਨਹੀ ਕਿ ਜਿਨਾਂ ਲੋਕਾਂ ਦਾ ਖੇਤੀ ਅਤੇ ਕਿਸਾਨਾਂ ਦੀ ਸਮੱਸਿਆਵਾਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ, ਉਨਾਂ ਨੂੰ ਮੋਦੀ ਸਰਕਾਰ ਵਲੋਂ ਕਿਸਾਨਾਂ ਅਤੇ ਖੇਤੀ ਦਾ ਨੀਤੀ ਨਿਰਮਾਤਾ ਬਣਾਇਆ ਹੋਇਆ ਹੈ । ਸਨਅਤਕਾਰਾਂ ਸੰਬੰਧੀ ਜਦੋਂ ਵੀ ਕੋਈ ਨਵਾਂ ਕਾਨੂੰਨ ਲਿਆਂਦਾ ਜਾਂਦਾ ਹੈ ਤਾਂ ਉਸ ਦਾ ਖਰੜਾ ਸਨਅਤਕਾਰਾਂ ਦੀਆਂ ਜਥੇਬੰਦੀਆਂ 'ਫਿੱਕੀ' ਵਗੈਰਾ ਨੂੰ ਭੇਜਿਆ ਜਾਂਦਾ ਹੈ। ਉਨਾਂ ਦੇ ਨੁਮਾਇੰਦਿਆਂ ਨਾਲ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ। ਉਨਾਂ ਵੱਲੋਂ ਆਈਆਂ ਸਿਫ਼ਾਰਸ਼ਾਂ ਨੂੰ ਸਾਹਮਣੇ ਰੱਖ ਕੇ ਲੋੜੀਂਦੀਆਂ ਤਰਮੀਮਾਂ ਤੋਂ ਬਾਅਦ ਬਿੱਲ ਪੇਸ਼ ਕੀਤੇ ਜਾਂਦੇ ਹਨ। ਕਿਸਾਨ ਤਾਂ ਪਿਛਲੇ ਲੰਮੇ ਸਮੇਂ ਤੋਂ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਕਰਨ ਲਈ ਸੰਘਰਸ਼ ਕਰਦੇ ਆ ਰਹੇ ਸਨ। ਪਰ ਹੁਣ ਤਕ ਉਹਨਾਂ ਦੀ ਸੁਣਵਾਈ ਨਹੀਂ ਹੋਈ। ਇਹ ਮੰਗ ਕਿਸਾਨਾਂ ਨੇ ਵੀ ਨਹੀਂ ਕੀਤੀ, ਖਪਤਕਾਰਾਂ ਨੇ ਵੀ ਨਹੀਂ ਕੀਤੀ, ਫਿਰ ਕੋਰੋਨਾ ਕਾਲ ਵਿੱਚ ਹੀ ਪਹਿਲਾਂ ਆਰਡੀਨੈਂਸ ਲਿਆ ਕੇ ਤੇ ਫਿਰ ਸੰਸਦ ਦੀ ਅਧੂਰੀ ਕਾਰਵਾਈ ਰਾਹੀਂ ਇਨਾਂ ਬਿੱਲਾਂ ਨੂੰ ਪਾਸ ਕਰਾਉਣ ਦੀ ਕਾਹਲੀ ਕਿਸ ਗੱਲੋਂ ਸੀ ? ਸਾਫ ਅਰਥ ਇਹ ਹੈ ਕਿ ਇਹ ਸਭ ਕਾਰਾ ਕਾਰਪੋਰੇਟ ਦਾ ਵਿਕਾਸ ਕਰਨ ਲਈ ਹੈ।

ਮੋਦੀ ਸਰਕਾਰ ਤੇ ਇਸ ਦੇ ਸਮਰਥਕ ਇਹ ਸਮਝਣ ਲਈ ਤਿਆਰ ਨਹੀਂ ਹਨ ਕਿ ਦੇਸ਼ ਵਿਚ 70% ਛੋਟੇ ਕਿਸਾਨ ਹਨ । ਮਤਲਬ ਕਿ ਬਹੁਤੇ ਕਿਸਾਨਾਂ ਦੀ ਦੋ ਹੈਕਟੇਅਰ ਤੋਂ ਘੱਟ ਜ਼ਮੀਨ ਹੈ । ਇਹ ਲੋਕ ਨਾ ਤਾਂ ਬਹੁਤ ਜ਼ਿਆਦਾ ਫਸਲਾਂ ਦਾ ਭੰਡਾਰ ਰੱਖ ਸਕਦੇ ਹਨ ਅਤੇ ਨਾ ਹੀ ਇਸ ਨੂੰ ਵੱਡੇ ਪੱਧਰ 'ਤੇ ਵੇਚਣ ਲਈ ਉਗਾ ਸਕਦੇ ਹਨ। ਅਜਿਹੀ ਸਥਿਤੀ ਵਿੱਚ ਦੂਜੇ ਰਾਜਾਂ ਵਿੱਚ ਫਸਲਾਂ ਨੂੰ ਵੇਚਣ ਲਈ, ਫਸਲਾਂ ਦੇ ਮੁੱਲ ਤੋਂ ਵੱਧ ਖਰਚਾ ਕਿਸਾਨਾਂ ਦਾ ਟਰਾਂਸਪੋਰਟ ਉਪਰ ਆ ਜਾਵੇਗਾ । ਇਸ ਸਥਿਤੀ ਵਿਚ ਹਰਿਆਣਾ, ਪੰਜਾਬ ਵਰਗੇ ਰਾਜ ਦੇ ਕਿਸਾਨਾਂ ਨੂੰ ਦੂਜੇ ਰਾਜਾਂ ਵਿੱਚ ਫਸਲ ਵੇਚਨ ਲਈ ਲਿਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਕਾਰਪੋਰੇਟ ਕੰਪਨੀਆਂ ਨੂੰ ਕਿਸਾਨ ਬਿੱਲ ਵਿਚ ਸਟਾਕ ਦੀ ਸਹੂਲਤ ਦੇ ਕੇ ਬਲੈਕ ਮਾਰਕੀਟਿੰਗ ਦੀ ਇਜ਼ਾਜਤ ਦਿਤੀ ਗਈ ਹੈ । ਅਜਿਹੀ ਸਥਿਤੀ ਵਿੱਚ ਕਿਸਾਨਾਂ ਤੇ ਖੇਤੀ ਮਾਹਿਰਾਂ ਦਾ ਖ਼ਦਸ਼ਾ ਇਹ ਹੈ ਕਿ ਇਹ ਕਾਰਪੋਰੇਟ ਕੰਪਨੀਆਂ ਕਿਸਾਨਾਂ ਦੀ ਫਸਲ ਨੂੰ ਸਸਤੀ ਦਰ 'ਤੇ ਖਰੀਦਣਗੀਆਂ ਅਤੇ ਵੱਡੇ ਪੈਮਾਨੇ 'ਤੇ ਇਸ ਦਾ ਸਟਾਕ ਕਰ ਲੈਣਗੀਆਂ ਅਤੇ ਬਾਜ਼ਾਰ ਵਿੱਚ ਅਨਾਜ ਦੀ ਘਾਟ ਹੋਣ ਕਾਰਣ ਇਸ ਨੂੰ ਵੱਡੇ ਮੁਨਾਫੇ 'ਤੇ ਵੇਚਣਗੀਆਂ। ਸਰਕਾਰ ਇਨਾਂ ਬਿੱਲਾਂ ਵਿਚ ਘੱਟੋ ਘੱਟ ਸਮਰਥਨ ਮੁੱਲ ਸ਼ਾਮਲ ਨਾ ਹੋਣ ਕਾਰਨ ਕਾਰਪੋਰੇਟ ਕੰਪਨੀਆਂ ਆਪਣੀ ਮਨਮਰਜ਼ੀ ਦੇ ਭਾਅ 'ਤੇ ਕਿਸਾਨਾਂ ਦੀ ਫਸਲਾਂ ਖਰੀਦਣਗੀਆਂ । ਗਰੇਵਾਲ ਕਹਿ ਰਹੇ ਹਨ ਕਿ ਇਹ ਕਨੂੰਨ ਲਾਗੂ ਹੋਣ ਕਾਰਣ ਮੁਕਾਬਲਾ ਵਧੇਗਾ ਅਤੇ ਕਿਸਾਨ ਆਪਣੀ ਫਸਲ ਨੂੰ ਵੱਧ ਮੁੱਲ 'ਤੇ ਵੇਚ ਕੇ ਮੁਨਾਫਾ ਕਮਾ ਸਕਣਗੇ। ਗਰੇਵਾਲ ਦਾ ਇਹ ਪੱਖ ਭੰਬਲਭੂਸਾ ਪਾਉਣ ਵਾਲਾ ਹੈ, ਕਿਉਂਕਿ ਵਪਾਰੀਆਂ ਨੇ ਛੋਟੇ ਕਾਰੋਬਾਰ ਵਿਚ ਵੀ ਸੰਗਠਨ ਬਣਾਏ ਹੋਏ ਹਨ। ਇਹ ਵਪਾਰੀ ਵਡਾ ਮੁਨਾਫਾ ਕਮਾਉਣ ਦੀ ਖਾਤਰ ਆਪਣੀ ਮੁਕਾਬਲੇਬਾਜ਼ੀ ਬਾਵਜੂਦ ਆਪਸੀ ਤਾਲਮੇਲ ਨਾਲ ਗਾਹਕ ਨੂੰ ਲਾਭ ਲੈਣ ਨਹੀਂ ਦਿੰਦੇ। ਫਿਰ ਇਹ ਕਾਰਪੋਰੇਟ ਕੰਪਨੀਆਂ ਕਿਸਾਨਾਂ ਨੂੰ ਕਿਵੇਂ ਵਿਕਸਤ ਹੋਣ ਦੇਣਗੀਆਂ। ਇਹ ਤਾਂ ਕਿਸਾਨਾਂ ਦੀ ਜ਼ਮੀਨ 'ਤੇ ਕਬਜ਼ਾ ਕਰ ਲੈਣਗੀਆਂ , ਜਿਵੇਂ ਕਿ ਪਹਿਲਾਂ ਪੈਸੇ ਦੇਣ ਵਾਲੇ ਸੂਦਖੋਰ ਸ਼ਾਹੂਕਾਰ ਕਰਦੇ ਸਨ। ਅਜਿਹੀ ਸਥਿਤੀ ਵਿੱਚ ਇਹ ਕਾਰਪੋਰੇਟ ਸਰਕਾਰ ਨੂੰ ਵੀ ਆਪਣੀ ਮਾਇਆ ਦੀ ਮਦਦ ਨਾਲ ਆਪਣੇ ਹੱਕ ਵਿਚ ਭੁਗਤਾ ਲੈਣਗੇ । ਕਾਰਪੋਰੇਟ ਕੰਪਨੀਆਂ ਨੂੰ ਸਿੱਧੇ ਤੌਰ 'ਤੇ ਕਿਸਾਨੀ ਫਸਲ ਖਰੀਦਣ ਦੀ ਇਜਾਜ਼ਤ ਨਾਲ ਹੁਣ ਦੇਸ਼ ਦੀਆਂ ਚੁਣੀਆਂ ਹੋਈਆਂ ਕਾਰਪੋਰੇਟ ਕੰਪਨੀਆਂ ਕੋਲ ਫਸਲਾਂ ਦਾ ਭੰਡਾਰ ਹੋਵੇਗਾ, ਜਿਸ ਕਾਰਨ ਇਹ ਕਾਰਪੋਰੇਟ ਆਪਣੀ ਪੂਰੀ ਮਨਮਾਨੀ ਕਰਨਗੇ । ਇਸ ਨਾਲ ਦੇਸ਼ ਵਿਚ ਭੁੱਖਮਰੀ ਦੀ ਸਥਿਤੀ ਵੀ ਪੈਦਾ ਹੋ ਸਕਦੀ ਹੈ।



ਮੋਦੀ ਸਰਕਾਰ ਇਹ ਤਰਕ ਸਿਰਜ ਰਹੀ ਹੈ ਕਿ ਕਿਸਾਨਾਂ ਨੂੰ ਫਸਲ ਉਗਾਉਣ ਬਾਰੇ ਕੋਈ ਜਾਣਕਾਰੀ ਨਹੀਂ ਹੈ ।ਇਹ ਸਨਅਤਕਾਰ ਫਸਲਾਂ ਨੂੰ ਆਪਣੇ ਹਿਸਾਬ ਨਾਲ ਉਗਾਉਣਗੇ ਤੇ ਕਿਸਾਨਾਂ ਲਈ ਵੱਡਾ ਮੁਨਾਫਾ ਦਿਵਾਉਣਗੇ ਅਤੇ ਖੁਦ ਕਮਾਈ ਵੀ ਕਰਨਗੇ, ਜਿਸ ਨਾਲ ਦੇਸ਼ ਵਿਕਾਸ ਵੱਲ ਜਾਵੇਗਾ । ਲੋਕਾਂ ਨੂੰ ਸਮਝਣਾ ਚਾਹੀਦਾ ਹੈ ਕਿ ਇੱਕ ਉਦਯੋਗਪਤੀ ਦਾ ਇਕੋ ਇਕ ਉਦੇਸ਼ ਮੁਨਾਫਾ ਕਮਾਉਣਾ ਹੁੰਦਾ ਹੈ , ਉਸਨੂੰ ਕਿਸਾਨੀ, ਮਜ਼ਦੂਰ , ਦੇਸ਼ ਅਤੇ ਸਮਾਜ ਦੀਆਂ ਸਮੱਸਿਆਵਾਂ ਨਾਲ ਕੋਈ ਲੈਣਾ ਦੇਣਾ ਨਹੀਂ ਹੁੰਦਾ। ਇਸ ਬਿੱਲ ਦੇ ਲਾਗੂ ਹੋਣ ਤੋਂ ਬਾਅਦ, ਅਡਾਨੀ ਅਤੇ ਅੰਬਾਨੀ ਵਰਗੇ ਉਦਯੋਗਪਤੀ ਕਿਸਾਨਾਂ ਨੂੰ ਅਜਿਹੀ ਫਸਲ ਉਗਾਉਣ ਲਈ ਕਹਿਣਗੇ ਜੋ ਕਿ ਉਥੋਂ ਦੇ ਮੌਸਮ ਦੇ ਅਨੁਕੂਲ ਨਹੀਂ ਹੋਵੇਗੀ। ਭਾਵ ਜਦੋਂ ਇਨਾਂ ਉਦਯੋਗਪਤੀਆਂ ਦੀ ਪਸੰਦ ਦੀ ਫਸਲ ਨਹੀਂ ਉਗੇਗੀ, ਤਦ ਉਹ ਮੀਨ ਮੇਖ ਕਢਕੇ ਫਸਲ ਨੂੰ ਰਿਜੈਕਟ ਕਰ ਦੇਣਗੇ।

ਇਸ ਕਾ?ਰਨ ਕਿਸਾਨੀ ਨੂੰ ਦਿਤੀ ਐਡਵਾਂਸ ਰਕਮ ਕਰਜ਼ੇ ਵਿੱਚ ਤਬਦੀਲ ਹੋ ਜਾਵੇਗੀ। ਅਜਿਹੀ ਸਥਿਤੀ ਵਿੱਚ ਇਹ ਸਨਅਤਕਾਰ ਕਿਸਾਨੀ ਨੂੰ ਲਾਲਚ ਦੇ ਕੇ ਜ਼ਮੀਨ ਹਥਿਆਉਣ ਦੀ ਪੂਰੀ ਕੋਸ਼ਿਸ਼ ਕਰਨਗੇ । ਇਸ ਤਰਾਂ ਇਹ ਕਿਸਾਨ ਜਾਂ ਤਾਂ ਆਪਣੀ ਜਮੀਨ 'ਤੇ ਕੰਮ ਕਰਨਗੇ ਜਾਂ ਬੰਧਕ ਬਣੇ ਰਹਿਣਗੇ ।ਇਹ ਬਿਲ ਕਿਸਾਨਾਂ ਦੀ ਨਸਲਕੁਸ਼ੀ ਦਾ ਮਨਸੂਬਾ ਹੈ ਜਿਸ ਬਾਰੇ ਗਰੇਵਾਲ ਹਵਾਈ ਕਿਲੇ ਉਸਾਰ ਕੇ ਕਿਸਾਨਾਂ ਦੀਆਂ ਅੱਖਾਂ ਵਿਚ ਘਟਾ ਪਾਉਣਾ ਚਾਹੁੰਦੇ ਹਨ। ਇਸ ਕਿਸਾਨ ਵਿਰੋਧੀ ਬਿੱਲ ਵਿੱਚ ਫਸਲ ਦੀ ਖਰੀਦ ਦੌਰਾਨ ਕਿਸਾਨੀ ਨੂੰ ਕੋਈ ਅਧਿਕਾਰ ਨਹੀਂ ਦਿੱਤਾ ਗਿਆ, ਹਾਲਾਂਕਿ ਜਿਣਸ ਦਾ ਮਾਲਕ ਕਿਸਾਨ ਹੈ। ਕਿਸਾਨ ਵੱਧ ਤੋਂ ਵੱਧ ਐਸਡੀਐਮ ਕੋਲ ਜਾ ਸਕਦਾ ਹੈ। ਵਪਾਰੀਕਰਨ ਅਤੇ ਅਰਾਜਕਤਾ ਦੇ ਇਸ ਦੌਰ ਵਿੱਚ, ਐਸਡੀਐਮ ਕਿਸਾਨਾਂ ਦਾ ਸਚ ਕਿਵੇਂ ਸੁਣਨਗੇ । ਉਹ ਤਾਂ ਕਾਰਪੋਰੇਟ ਕੰਪਨੀਆਂ ਦੇ ਹਕ ਵਿਚ ਭੁਗਤਣਗੇ ਜਿਵੇਂ ਕਿ ਸਿਸਟਮ ਦਾ ਹੁਣ ਵਰਤਾਰਾ ਹੈ ।ਇਹ ਜਗ ਜਾਹਿਰ ਹੈ ਕਿ ਅੱਜ ਤੱਕ ਸੰਵਿਧਾਨ ਦੀ ਰੱਖਿਆ ਲਈ ਬਣਾਏ ਗਏ ਤੰਤਰ ਕਾਰਜਕਾਰੀ, ਵਿਧਾਨ ਸਭਾ, ਮੀਡੀਆ ਅਤੇ ਇਥੋਂ ਤੱਕ ਕਿ ਨਿਆਂਪਾਲਿਕਾ ਵੀ ਮੋਦੀ ਸਰਕਾਰ ਦੇ ਦਬਾਅ ਤੋਂ ਬਾਹਰ ਨਹੀਂ ਆ ਸਕੇ । ਅਜਿਹੀ ਸਥਿਤੀ ਵਿਚ ਗਰੀਬ ਕਿਸਾਨ ਦੀ ਗੱਲ ਕੌਣ ਸੁਣੇਗਾ ਤੇ ਕੌਣ ਕਰੇਗਾ ? ਵੱਡੀਆਂ ਰਾਜਨੀਤਕ ਪਾਰਟੀਆਂ ਕਾਰਪੋਰੇਟ ਦੀਆਂ ਪਿਛਲਗ ਹਨ ਤੇ ਚੋਣ ਫੰਡ ਲੈਂਦੀਆਂ ਹਨ , ਉਹ ਕਿਸਾਨਾਂ ਦੇ ਹਕ ਵਿਚ ਕਿਵੇਂ ਡਟਣਗੀਆਂ।

ਆੜਤੀਆਂ ਅਤੇ ਕਿਸਾਨਾਂ ਵਿਚਾਲੇ ਸਹਿਯੋਗ ਰਿਹਾ ਹੈ। ਇਹ ਪ੍ਰਣਾਲੀ ਨਾ ਸਿਰਫ ਇਕ ਵਿਉਪਾਰਕ ਅਤੇ ਇਕ ਆਰਥਿਕ ਹੈ, ਬਲਕਿ ਇਕ ਸਮਾਜਕ ਅਤੇ ਸਭਿਆਚਾਰਕ ਢਾਂਚਾ ਵੀ ਹੈ। ਆੜਤੀ ਤੇ ਏਜੰਟ ਤੇ ਕਿਸਾਨ ਇਕੱਠੇ ਬੈਠ ਕੇ ਆਪਸੀ ਵਿਵਾਦ ਸੁਲਝਾ ਲੈਂਦੇ ਹਨ। ਕਾਰਪੋਰੇਟ ਕੰਪਨੀਆਂ ਥੋੜੇ ਜਿਹੇ ਵਿਵਾਦ ਕਾਰਣ 'ਕਿਸਾਨਾਂ ਨੂੰ ਕੋਰਟ ਵਿਚ ਖਿੱਚਣਗੀਆਂ। ਜ਼ਰੂਰੀ ਕਮੋਡਿਟੀਜ਼ ਐਕਟ, 1955 ਦੇ ਅਨੁਸਾਰ, ਇਨਾਂ ਬਿੱਲਾਂ ਵਿਚ ਆਲੂ, ਤੇਲ, ਦਾਲਾਂ, ਚਾਵਲ, ਕਣਕ ਆਦਿ ਅਨਾਜਾਂ 'ਤੇ ਲਾਗੂ ਬਲੈਕ ਮਾਰਕੀਟਿੰਗ 'ਤੇ ਲੱਗੀ ਰੋਕ ਹਟਾ ਦਿੱਤੀ ਹੈ । ਇਸਦਾ ਅਰਥ ਹੈ ਕਿ ਕਾਰਪੋਰੇਟ ਕੰਪਨੀਆਂ ਨੂੰ ਬਲੈਕ ਮਾਰਕੀਟਿੰਗ ਦੀ ਖੁੱਲੀ ਛੋਟ ਦਿੱਤੀ ਗਈ ਹੈ। ਮਹਾਰਾਸ਼ਟਰ ਵਿੱਚ ਦਾਲ ਘੁਟਾਲੇ ਵਿੱਚ ਇਸਦੀ ਇੱਕ ਵੱਡੀ ਉਦਾਹਰਣ ਵੇਖੀ ਗਈ ਹੈ। ਇਸ ਘੁਟਾਲੇ ਤੋਂ ਬਾਅਦ ਉਥੇ 200 ਰੁਪਏ ਵਿੱਚ ਦਾਲਾਂ ਵਿਕੀਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਿਰੋਲ ਕਾਰੋਬਾਰੀ ਹਨ।ਇਹੀ ਕਾਰਨ ਹੈ ਕਿ ਉਹ ਹਰ ਚੀਜ਼ ਵਿਚ ਕਾਰੋਬਾਰ ਭਾਲਦੇ ਹਨ ਅਤੇ ਉਹ ਉਦਯੋਗਪਤੀਆਂ ਨੂੰ ਲਾਭ ਪਹੁੰਚਾਉਣ ਲਈ ਕੁਝ ਵੀ ਕਰਨ ਲਈ ਤਿਆਰ ਹਨ, ਜਿਨਾਂ ਉਦਯੋਗਪਤੀਆਂ ਨੇ ਉਨਾਂ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਪਾਣੀ ਵਾਂਗ ਪੈਸੇ ਵਹਾਏ ਹਨ। ਅੰਬਾਨੀ ਅਤੇ ਅਡਾਨੀ ਦੀ ਮਿਸਾਲ ਸਭ ਦੇ ਸਾਹਮਣੇ ਹੈ । ਮੋਦੀ ਸਰਕਾਰ ਦੌਰਾਨ ਭਾਵੇਂ ਦੇਸ਼ ਤਬਾਹੀ ਵੱਲ ਵਧ ਰਿਹਾ ਹੈ, ਪਰ ਅੰਬਾਨੀ ਅਤੇ ਅਡਾਨੀ ਦੀ ਦੌਲਤ ਨੇ ਨਿਰੰਤਰ ਬੇਮਿਸਾਲ ਵਿਕਾਸ ਕੀਤਾ ਹੈ । ਪਰਵਾਸੀ ਮਜ਼ਦੂਰਾਂ ਨੂੰ ਨਸ਼ਟ ਕਰਨ ਤੋਂ ਬਾਅਦ ਮੋਦੀ ਸਰਕਾਰ ਦੀਆਂ ਗਲਤ ਨੀਤੀਆਂ ਨੇ ਨੌਜਵਾਨਾਂ ਨੂੰ ਬੇਰੁਜਗਾਰੀ ਵਲ ਧਕੇਲਿਆ ਹੈ। ਹੁਣ ਮੋਦੀ ਸਰਕਾਰ ਨੇ ਕਿਸਾਨਾਂ ਦੀ ਜ਼ਮੀਨ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਦੀ ਵੱਡੀ ਸਾਜਿਸ਼ ਰਚੀ ਹੈ।ਭਾਰਤੀ ਸੰਵਿਧਾਨ ਅਨੁਸਾਰ ਖੇਤੀਬਾੜੀ ਸਪੱਸ਼ਟ ਰੂਪ ਵਿਚ ਰਾਜਾਂ ਦਾ ਵਿਸ਼ਾ ਹੈ। ਇਸ ਲਈ ਸੰਸਦ ਕੋਲ ਇਸ ਤਰਾਂ ਦੇ ਕਾਨੂੰਨ ਨੂੰ ਲਾਗੂ ਕਰਨ ਦੀ ਕੋਈ ਯੋਗਤਾ ਨਹੀਂ ਹੈ ਅਤੇ ਇਹ ਪੂਰੀ ਤਰਾਂ ਨਾਲ ਸਬੰਧਿਤ ਰਾਜ ਸਰਕਾਰਾਂ ਦੇ ਵਿਧਾਨਕ ਪ੍ਰਭੂਤਵ ਦੇ ਅਧੀਨ ਹੈ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਬਿੱਲ ਇਹ ਕਹਿੰਦਾ ਹੈ ਕਿ ਇਹ ਖੇਤੀਬਾੜੀ ਉਪਜ ਦੀ ਵਿਕਰੀ ਅਤੇ ਖ਼ਰੀਦ ਨਾਲ ਸਬੰਧਿਤ ਕਿਸਾਨਾਂ ਨੂੰ ਚੋਣ ਕਰਨ ਦੀ ਆਜ਼ਾਦੀ ਪ੍ਰਦਾਨ ਕਰਦਾ ਹੈ, ਰਾਜ ਅੰਦਰ ਅਤੇ ਅੰਤਰਰਾਜੀ ਵਪਾਰ ਲਈ ਵੀ। ਭਾਰਤ ਦੇ ਸੰਵਿਧਾਨ ਵਿਚ ਮਾਮਲਿਆਂ ਦੀ ਯੂਨੀਅਨ ਲਿਸਟ ਦੀ 42ਵੀਂ ਐਂਟਰੀ ਤਹਿਤ ਇਸ ਨੂੰ ਖਿੱਚਣ ਦਾ ਕੋਈ ਅਧਿਕਾਰ ਨਹੀਂ ਹੈ ਕਿ ਜਿਸ ਲਈ ਕਿ ਸੰਸਦ ਕਾਨੂੰਨ ਬਣਾ ਸਕਦੀ ਹੈ, ਪਰ ਕਿਸਾਨਾਂ ਲਈ ਇਹ ਚੋਣ ਸਦਾ ਹੀ ਮੌਜੂਦ ਸੀ। ਇਸ ਦੀ ਤਸਦੀਕ ਕਰਨ ਲਈ ਸਾਨੂੰ ਨਵੇਂ ਕਾਨੂੰਨ ਦੀ ਲੋੜ ਨਹੀਂ ਹੈ। ਪੰਜਾਬ ਦੇ ਕਿਸਾਨ ਨੂੰ ਸਦਾ ਹੀ ਇਹ ਖੁੱਲ ਸੀ ਕਿ ਉਹ ਆਪਣੀ ਜਿਣਸ ਨੂੰ ਹਰਿਆਣੇ ਵਿਚ ਵੇਚ ਸਕੇ, ਇਸੇ ਤਰਾਂ ਹਿਮਾਚਲ ਦਾ ਕਿਸਾਨ ਪੰਜਾਬ ਵਿਚ ਵਪਾਰ ਕਰਨ ਲਈ ਆਜ਼ਾਦ ਸੀ। ਬਿੱਲ ਪਹਿਲਾਂ ਇਸ ਨੂੰ ਉਚਿਤ ਠਹਿਰਾਉਣ ਲਈ ਇਕ ਸ਼ਾਨਦਾਰ ਯਥਾਰਥ ਬਣਾਉਂਦਾ ਹੈ ਅਤੇ ਬਾਅਦ ਵਿਚ ਇਸ ਨੂੰ ਪ੍ਰਾਪਤ ਕਰ ਲੈਣ ਦਾ ਦਿਖਾਵਾ ਕਰਦਾ ਹੈ। ਸੂਚੀ 999 ਦੀ 33ਵੀਂ ਐਂਟਰੀ ਤਹਿਤ ਕਾਨੂੰਨ ਬਣਾਉਣ ਲਈ ਸੰਸਦ ਦੀ ਸਮਵਰਤੀ ਸੂਚੀ ਅਧੀਨ ਸ਼ਕਤੀ ਸੀਮਤ 'ਭੋਜਨ ਸਬੰਧੀ ਮਾਲ' ਦੇ ਅੰਤਰਰਾਜੀ ਵਪਾਰ ਤੱਕ ਹੀ ਸੀਮਤ ਹੈ। ਪਰ ਕਾਨੂੰਨ ਵਿਚ ਖੇਤੀ ਉਤਪਾਦਨ ਦੀ ਪਰਿਭਾਸ਼ਾ ਨੂੰ ਬਦਲ ਕੇ ਕਣਕ, ਝੋਨੇ, ਮੋਟੇ ਅਨਾਜ ਅਤੇ ਦਾਲਾਂ ਨੂੰ ਵੀ ਇਸ ਵਿਚ ਸ਼ਾਮਲ ਕਰ ਦਿੱਤਾ ਗਿਆ ਹੈ। ਰਾਜ ਦੇ ਐਕਟਾਂ ਵਲੋਂ ਨਿਯਮਿਤ ਕੀਤੀ ਜਾਣ ਵਾਲੀ ਉਪਜ ਨੂੰ ਆਪਣੇ ਅਧੀਨ ਕਰਨ ਲਈ 'ਅਨੁਸੂਚਿਤ ਖੇਤੀ ਦੀ ਉਪਜ' ਦੀ ਪਰਿਭਾਸ਼ਾ ਨੂੰ ਬਦਲ ਕੇ ਇਹ ਸਿੱਧਾ ਰਾਜ ਦੀ ਸ਼ਕਤੀ 'ਤੇ ਇਸ ਤਰਾਂ ਦੇ ਉਤਪਾਦਨ ਨੂੰ ਗ਼ੈਰ-ਨਿਯਮਿਤ ਕਰਨ ਲਈ ਰਾਜਾਂ ਦੇ ਕਾਨੂੰਨ ਅਨੁਸਾਰ ਇਨਾਂ ਮੰਡੀਆਂ ਨੂੰ ਨਿਯਮਿਤ ਕਰਨ ਦੇ ਹੱਕਾਂ ਦੀ ਉਲੰਘਣਾ ਕੀਤੀ ਗਈ ਹੈ। 'ਵਪਾਰ ਇਲਾਕੇ' ਦੀ ਵਲਦਾਰ ਪਰਿਭਾਸ਼ਾ ਕੁਝ ਹੋਰ ਦੱਸਦੀ ਹੈ ਪਰ ਮੌਜੂਦਾ ਰਾਜ ਐਕਟ ਅਧੀਨ ਮੰਡੀਆਂ ਅਤੇ ਹੋਰ ਪ੍ਰਾਈਵੇਟ ਮਾਰਕੀਟਾਂ ਅਧੀਨ ਆਉਂਦੇ ਪੰਜਾਬ ਰਾਜ ਦੇ ਕਿਸੇ ਵੀ ਹਿੱਸੇ ਵਿਚ ਵਪਾਰਕ ਇਲਾਕੇ ਨੂੰ ਕੇਂਦਰੀ ਲੈਜਿਸਲੇਸ਼ਨ ਦੁਆਰਾ ਚਲਾਇਆ ਜਾਵੇਗਾ। ਇਸ ਦਾ ਰਾਜ ਨੂੰ ਆਰਥਿਕ ਰੂਪ ਨਾਲ ਅਪਾਹਜ ਬਣਾਉਣ ਵਾਲਾ ਪ੍ਰਭਾਵ ਪਵੇਗਾ, ਜਿਸ ਦਾ ਪਤਾ ਸੈਕਸ਼ਨ 6 ਰਾਹੀਂ ਲਗਦਾ ਹੈ ਜੋ ਰਾਜਾਂ ਨੂੰ ਅਜਿਹੇ 'ਵਪਾਰ ਖੇਤਰ' 'ਤੇ ਕੋਈ ਮਾਰਕੀਟ ਫੀਸ ਲਾਉਣ ਤੋਂ ਰੋਕਦਾ ਹੈ। ਅਸਲ ਵਿਚ ਇਹ ਕਿਹਾ ਜਾ ਰਿਹਾ ਹੈ ਕਿ ਰਾਜ ਆਪਣੀ ਹੀ ਜ਼ਮੀਨ ਦੇ ਕਿਸੇ ਹਿੱਸੇ 'ਤੇ ਹੋ ਰਹੇ ਵਪਾਰ 'ਤੇ ਕੋਈ ਫੀਸ ਨਹੀਂ ਲਗਾ ਸਕਦਾ। ਇਹ ਕਿਸੇ ਵੀ ਢੰਗ ਨਾਲ ਵਿਧਾਨਕ ਕਾਰਵਾਈ ਰਾਹੀਂ ਖੇਤਰੀ ਹਮਲੇ ਤੋਂ ਘੱਟ ਨਹੀਂ ਹੈ।

ਕਿਸਾਨ ਬਿੱਲ ਰਾਸ਼ਟਰੀ ਖੁਰਾਕ ਨਿਗਮ, ਸਥਾਨਕ ਬਾਜ਼ਾਰਾਂ, ਕਰਿਆਨੇ ਅਤੇ ਰਾਸ਼ਨ ਪ੍ਰਣਾਲੀਆਂ ਨੂੰ ਪੂਰੀ ਤਰਾਂ ਖਤਮ ਕਰਨ ਦੀ ਵਿਵਸਥਾ ਕਰਦਾ ਹੈ। ਇਸ ਦਾ ਅਰਥ ਹੈ ਕਿ ਕਿਸਾਨ ਦੀ ਫਸਲ ਪੂਰੀ ਤਰਾਂ ਕਾਰਪੋਰੇਟ ਕੰਪਨੀਆਂ ਨੂੰ ਦੇ ਦਿੱਤੀ ਜਾਵੇਗੀ।ਇਹ ਉਦਯੋਗਪਤੀ ਆਪਣੇ ਕਾਰੋਬਾਰ ਨੂੰ ਵਧਾਉਣ ਲਈ ਕਿਸਾਨੀ ਦੀ ਫਸਲ ਦੀ ਵਰਤੋਂ ਕਰਨਗੇ। ਇਸ ਪ੍ਰਣਾਲੀ ਵਿਚ ਦੇਸ਼ ਵਿਚ ਭੁੱਖਮਰੀ ਦੀ ਸੰਭਾਵਨਾ ਨੂੰ ਵੀ ਨਕਾਰਿਆ ਨਹੀਂ ਜਾ ਸਕਦਾ।ਅਨਾਜ ਦੀ ਵਿਵਸਥਾ ਵਡੇ ਵਡੇ ਮਾਲ ਵਿਚ ਹੋਣ ਨਾਲ ਪ੍ਰਬੰਧ ਕਰਨ ਕਾਰਨ ਇਹ ਆਮ ਲੋਕਾਂ ਦੀ ਪਹੁੰਚ ਤੋਂ ਕਿਤੇ ਬਾਹਰ ਹੋ ਜਾਵੇਗਾ। ਲੋਕਾਂ ਨੂੰ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਖੇਤੀ ਨੂੰ ਹਥਿਆਉਣ ਲਈ ਉਦਯੋਗਪਤੀ ਸ਼ੁਰੂਆਤ ਵਿੱਚ ਘਾਟੇ ਨੂੰ ਸਹਿਣ ਦੀ ਰਣਨੀਤੀ ਵੀ ਅਪਣਾ ਸਕਦੇ ਹਨ। ਬਾਅਦ ਵਿਚ ਲੁਟ ਦਾ ਬਜ਼ਾਰ ਚਲੇਗਾ।ਕਿਸਾਨ ਨਾਲ ਜਨਤਾ ਵੀ ਮਰੇਗੀ ਜਿਸ ਦੀ ਥਾਲੀ ਵਿਚੋਂ ਰੋਟੀ ਕਢਕੇ ਕਾਰਪੋਰੇਟ ਕੰਪਨੀਆਂ ਦੇ ਢਿਡ ਵਿਚ ਪਾਈ ਜਾਵੇਗੀ।

# ਮਾਂ-ਬੋਲੀ ਨਾਲ ਮੁਹੱਬਤ

## ਪੂਨਾ ਪੈਕਟ ਨਾਲ ਕੀ ਗੁਆਇਆ ਅਤੇ ਕੀ ਪਾਇਆ ?

**- ਐੱਸ. ਆਰ. ਲੱਧੜ**

ਭਾਰਤ ਦੇ ਆਜ਼ਾਦੀ ਸੰਘਰਸ਼ ਦੇ ਨਾਲ-ਨਾਲ ਇਕ ਹੋਰ ਸੰਘਰਸ਼ ਵੀ ਬਹੁਤ ਤੇਜ਼ੀ ਨਾਲ ਚੱਲ ਰਿਹਾ ਸੀ। ਜੇਕਰ ਆਜ਼ਾਦੀ ਦੀ ਲੜਾਈ ਦੇ ਥੰਮ ਕਾਂਗਰਸ ਅਤੇ ਉਸ ਦੇ ਨੇਤਾ ਮੋਹਨ ਦਾਸ ਕਰਮ ਚੰਦ ਗਾਂਧੀ ਸਨ ਤਾਂ ਅਛੂਤਾਂ ਦੀ ਗੁਲਾਮੀ ਦੀ ਦੋਹਰੀ ਲੜਾਈ ਲੜਨ ਵਾਲਾ ਯੋਧਾ ਸੀ ਡਾ. ਭੀਮ ਰਾਓ ਅੰਬੇਡਕਰ। ਪੂਨਾ ਪੈਕਟ ਇਕ ਰਾਜਨੀਤਕ ਸਮਝੌਤਾ ਸੀ ਜੋ 24 ਸਤੰਬਰ 1932 ਨੂੰ ਗਾਂਧੀ ਅਤੇ ਅੰਬੇਡਕਰ ਵਿਚਾਲੇ ਹੋਇਆ ਸੀ। ਕੁੱਲ 21 ਲੋਕਾਂ ਨੇ ਸਮਝੌਤੇ ‘ਤੇ ਹਸਤਾਖਰ ਕੀਤੇ ਸਨ ਜਿਨਾਂ ਵਿਚ ਸਭ ਤੋਂ ਮੋਹਰੀ ਮਦਨ ਮੋਹਨ ਮਾਲਵੀਆ ਸਨ।

ਗਾਂਧੀ ਜੀ ਨੇ ਆਪ ਇਸ ਸਮਝੌਤੇ ‘ਤੇ ਦਸਤਖ਼ਤ ਨਹੀਂ ਸਨ ਕੀਤੇ। ਇਹ ਸਮਝੌਤਾ ਇੰਗਲੈਂਡ ਦੇ ਪ੍ਰਧਾਨ ਮੰਤਰੀ ਮੈਕਡੋਨਾਲਡ ਦੇ 15 ਅਗਸਤ 1932 ਦੇ ਫਿਰਕੂ ਐਵਾਰਡ ਤਹਿਤ ਕੀਤਾ ਗਿਆ ਸੀ। ਭਾਵੇਂ ਤਿੰਨਾਂ ਗੋਲਮੇਜ਼ ਕਾਨਫਰੰਸਾਂ ’ਚ ਡਾ. ਅੰਬੇਡਕਰ ਨੇ ਅੰਗਰੇਜ਼ ਸਰਕਾਰ ਨੂੰ ਇਹ ਅਹਿਸਾਸ ਕਰਵਾ ਦਿੱਤਾ ਸੀ ਕਿ ਭਾਵੇਂ ਭਾਰਤ ਅੰਗਰੇਜ਼ਾਂ ਦਾ ਗੁਲਾਮ ਹੈ ਅਤੇ ਆਜ਼ਾਦ ਹੋਣਾ ਚਾਹੀਦਾ ਹੈ ਪਰ ਉਸ ਦੇ ਨਾਲ-ਨਾਲ ਅਛੂਤਾਂ ਦੀ ਆਜ਼ਾਦੀ ਦਾ ਮਸਲਾ ਵੀ ਹੱਲ ਹੋਣਾ ਚਾਹੀਦਾ ਹੈ। ਗੋਲਮੇਜ਼ ਕਾਨਫਰੰਸਾਂ ਤੋਂ ਪਹਿਲਾਂ ਅਛੂਤਾਂ ਦੇ ਰਾਜਨੀਤਕ ਹੱਕਾਂ ਬਾਰੇ ਕਿਸੇ ਵੀ ਪਲੇਟਫਾਰਮ ’ਤੇ ਗੱਲ ਨਹੀਂ ਸੀ ਹੋਈ। ਡਾ. ਅੰਬੇਡਕਰ ਦਾ ਇੰਗਲੈਂਡ ਦੀ ਪ੍ਰੈੱਸ ਨੇ ਵੀ ਪੂਰਾ ਸਮਰਥਨ ਕੀਤਾ। ਦੂਜੀ ਗੋਲਮੇਜ਼ ਕਾਨਫਰੰਸ ਵਿਚ ਗਾਂਧੀ ਜੀ ਇਕੱਲੇ ਹੀ ਪੂਰੀ ਕਾਂਗਰਸ ਦੇ ਨੁਮਾਇੰਦੇ ਦੇ ਤੌਰ ‘ਤੇ ਸ਼ਾਮਲ ਹੋਏ। ਉਨਾਂ ਨੇ ਮੁਸਲਿਮ ਲੀਗ ਅਤੇ ਸਿੱਖ ਲੀਡਰਾਂ ਨੂੰ ਵੀ ਇਹ ਲਾਲਚ ਦਿੱਤਾ ਕਿ ਜੇ ਉਹ ਅੰਬੇਡਕਰ ਅਤੇ ਅਛੂਤਾਂ ਦੀਆਂ ਮੰਗਾਂ ਦੀ ਵਿਰੋਧਤਾ ਕਰਨਗੇ ਤਾਂ ਉਨਾਂ ਦੀਆਂ ਆਪਣੀਆਂ ਮੰਗਾਂ ਅਤੇ ਵੱਖਰੇ ਰਾਜਨੀਤਕ ਖੇਤਰਾਂ ਦੀ ਕਾਂਗਰਸ ਵਿਰੋਧਤਾ ਨਹੀਂ ਕਰੇਗੀ। ਇਸ ਗੱਲ ‘ਤੇ ਮੁਸਲਮਾਨ ਅਤੇ ਸਿੱਖ ਲੀਡਰ ਰਾਜ਼ੀ ਨਾ ਹੋਏ। ਦਸੰਬਰ 1931 ਵਿਚ ਤੀਸਰੀ ਗੋਲਮੇਜ਼ ਕਾਨਫਰੰਸ ਦੇ ਅੰਤ ਵਿਚ ਭਾਰਤ ਤੋਂ ਗਏ ਸਮੂਹ ਲੀਡਰਾਂ ਨੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਨੂੰ ਆਪਣਾ ਸਾਲਸ ਨਿਯੁਕਤ ਕਰਦੇ ਹੋਏ ਇਹ ਲਿਖਤੀ ਅਧਿਕਾਰ ਦੇ ਦਿੱਤੇ ਕਿ ਉਹ ਭਾਰਤੀਆਂ ਨੂੰ ਜਿਵੇਂ ਵੀ, ਜੋ ਵੀ ਅਤੇ ਜਿੰਨੇ ਵੀ ਅਧਿਕਾਰ ਦੇਣਗੇ, ਉਹ ਉਨਾਂ ਨੂੰ ਮਨਜ਼ੂਰ ਹੋਣਗੇ। ਇੰਗਲੈਂਡ ਤੋਂ ਆਉਂਦਿਆਂ ਹੀ ਗਾਂਧੀ ਜੀ ਨੇ ਬੰਬਈ ਵਿਚ ਪ੍ਰੈੱਸ ਨੂੰ ਸੰਬੋਧਨ ਕਰਦਿਆਂ ਇਹ ਬਿਆਨ ਦਿੱਤਾ ਕਿ ਜੇ ਅਛੂਤਾਂ ਨੂੰ ਵੱਖਰੇ ਚੋਣ ਖੇਤਰ ਦਿੱਤੇ ਗਏ ਤਾਂ ਇਹ ਕਾਂਗਰਸ ਨੂੰ ਮਨਜ਼ੂਰ ਨਹੀਂ ਹੋਵੇਗਾ। ਡਾ. ਅੰਬੇਡਕਰ ਲੰਡਨ ਵਿਚ ਮਈ 1932 ਤਕ ਰੁਕੇ ਰਹੇ। ਉਹ ਜਾਣਦੇ ਸਨ ਕਿ ਜੇ ਕੁਝ ਮਿਲ ਸਕਦਾ ਹੈ ਤਾਂ ਉਹ ਅੰਗਰੇਜ਼ਾਂ ਨੂੰ ਅਛੂਤਾਂ ਦੀ ਹਾਲਤ ਤੋਂ ਜਾਣੂ ਕਰਵਾ ਕੇ ਅਤੇ ਇੰਗਲੈਂਡ ਦੇ ਨੇਤਾਵਾਂ ਦੀ ਹਮਦਰਦੀ ਜਿੱਤ ਕੇ ਹੀ ਸੰਭਵ ਹੈ।

ਸੋ, ਉਨਾਂ ਨੇ ਸਮੇਂ ਦਾ ਭਰਪੂਰ ਫ਼ਾਇਦਾ ਉਠਾਇਆ ਅਤੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਨੂੰ ਇੱਥੋਂ ਤਕ ਵੀ ਲਿਖਤੀ ਖ਼ਤ ਭੇਜ ਦਿੱਤਾ ਕਿ ਜੇ ਅਛੂਤਾਂ ਨੂੰ ਵੱਖਰੇ ਖੇਤਰਾਂ ਦੇ ਨਾਲ-ਨਾਲ ਉਨਾਂ ਨੂੰ ਦੋਹਰੀ ਵੋਟ ਦਾ ਅਧਿਕਾਰ ਵੀ ਦਿੱਤਾ ਜਾਂਦਾ ਹੈ ਅਤੇ ਉਹ ਆਪਣੇ ਅਛੂਤ ਉਮੀਦਵਾਰਾਂ ਦੇ ਨਾਲ ਹਿੰਦੂ ਉਮੀਦਵਾਰਾਂ ਨੂੰ ਵੀ ਵੋਟ ਪਾਉਣਗੇ ਤਾਂ ਉਨਾਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਪੰਦਰਾਂ ਅਗਸਤ 1932 ਨੂੰ ਫਿਰਕੂ ਐਵਾਰਡ ਦਾ ਐਲਾਨ ਕਰ ਦਿੱਤਾ ਗਿਆ। ਇਸ ਐਵਾਰਡ ਮੁਤਾਬਕ ਅਛੂਤਾਂ ਲਈ 71 ਚੋਣ ਖੇਤਰ ਰਾਖਵੇਂ ਰੱਖੇ ਗਏ ਜਿੱਥੇ ਸਿਰਫ਼ ਉਨਾਂ ਨੇ ਹੀ ਆਪਣੇ ਉਮੀਦਵਾਰ ਚੁਣਨੇ ਸਨ ਅਤੇ ਨਾਲ ਦੀ ਨਾਲ ਉਨਾਂ ਨੂੰ ਦੂਜੇ ਹਿੰਦੂ ਉਮੀਦਵਾਰਾਂ ਨੂੰ ਵੀ ਵੋਟ ਪਾਉਣ ਦਾ ਹੱਕ ਮਿਲ ਗਿਆ। ਬਾਵਜੂਦ ਇਸ ਦੇ ਗਾਂਧੀ ਜੀ ਨੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਨੂੰ ਤੀਜੀ ਗੋਲਮੇਜ਼ ਕਾਨਫਰੰਸ ਦੌਰਾਨ ਲਿਖਤੀ ਭਰੋਸਾ ਦਿੱਤਾ ਸੀ ਕਿ ਉਹ ਜੋ ਵੀ ਫ਼ੈਸਲਾ ਕਰਨਗੇ, ਕਾਂਗਰਸ ਨੂੰ ਮਨਜ਼ੂਰ ਹੋਵੇਗਾ। ਉਨਾਂ ਨੇ ਫਿਰਕੂ ਐਵਾਰਡ ਨੂੰ ਅਛੂਤਾਂ ਦੇ ਵੱਖਰੇ ਚੋਣ ਖੇਤਰਾਂ ਦੇ ਮਸਲੇ ‘ਤੇ ਰੱਦ ਕਰ ਦਿੱਤਾ ਅਤੇ 18 ਸਤੰਬਰ 1932 ਨੂੰ ਯਰਵਦਾ ਜੇਲ ਪੂਨੇ ਵਿਚ ਮਰਨ ਵਰਤ ਦਾ ਐਲਾਨ ਕਰ ਦਿੱਤਾ। ਸਰਦਾਰ ਵੱਲਭ ਭਾਈ ਪਟੇਲ ਜੋ ਪੂਨਾ ਸਮਝੌਤੇ ਦਾ ਚਸ਼ਮਦੀਦ ਸੀ, ਇਸ ਗੱਲੋਂ ਬਹੁਤ ਹੈਰਾਨ ਸੀ ਕਿ ਗਾਂਧੀ ਜੀ ਸਿਰਫ਼ ਕਥਿਤ ਅਛੂਤਾਂ ਨੂੰ ਹੀ ਕਿਉਂ ਵੱਖਰੇ ਚੋਣ ਖੇਤਰ ਦੇਣ ਦੇ ਖ਼ਿਲਾਫ਼ ਹਨ ? ਜੋ ਵੱਖਰੇ ਚੋਣ ਖੇਤਰ ਅੰਗਰੇਜ਼ ਸਰਕਾਰ ਨੇ ਵੀਹ ਸਾਲ ਲਈ ਦਿੱਤੇ ਸਨ, ਅੰਬੇਡਕਰ ਉਸ ਨੂੰ ਗੀਵਿਊ ਕਰਨ ਲਈ ਇਕ ਰੈਫਰੈਂਡਮ ਦਸ ਸਾਲ ਬਾਅਦ ਕਰਵਾਉਣ ਲਈ ਵੀ ਮੰਨ ਗਏ ਪਰ ਗਾਂਧੀ ਜੀ ਕਹਿਣ ਲੱਗੇ ਕਿ ਇਹ ਰੈਫਰੈਂਡਮ ਪੰਜ ਸਾਲ ਬਾਅਦ ਹੋਵੇਗਾ ਜਾਂ ਉਸ ਦੀ ਮੌਤ ਤੋਂ ਬਾਅਦ। ਅੰਬੇਡਕਰ ਜੋ ਚਾਹੇ, ਚੁਣ ਲਵੇ। ਡਾ. ਅੰਬੇਡਕਰ ਲਈ ਇਹ ਬੜੀ ਔਖੀ ਘੜੀ ਸੀ। ਇਕ ਪਾਸੇ ਉਸ ਦੇ ਸਦੀਆਂ ਤੋਂ ਲਤਾੜੇ ਲੋਕਾਂ ਦੇ ਰਾਜਨੀਤਕ ਹੱਕਾਂ ਦਾ ਸਵਾਲ ਸੀ ਦੂਜੇ ਪਾਸੇ ਗਾਂਧੀ ਜੀ ਦੀ ਜਾਨ ਦਾ ਸਵਾਲ ਸੀ। ਗਾਂਧੀ ਜੀ ਦੀ ਗੱਲ ਮੋੜਨ ਦੀ ਕਾਂਗਰਸ ਦੇ ਕਿਸੇ ਵੀ ਨੇਤਾ ਵਿਚ ਹਿੰਮਤ ਨਹੀਂ ਸੀ। ਅੰਬੇਡਕਰ ਨੂੰ ਮਨਾਉਣ ਲਈ ਕਾਂਗਰਸ ਦੇ ਚੋਟੀ ਦੇ ਲੀਡਰ ਅੱਡੀ-ਚੋਟੀ ਦਾ ਜ਼ੋਰ ਲਾ ਰਹੇ ਸਨ। ਇਨਾਂ ‘ਚ ਮਦਨ ਮੋਹਨ ਮਾਲਵੀਆ, ਸੀ. ਰਾਜਗੋਪਾਲਾਚਾਰੀ, ਐੱਮ.ਆਰ. ਜੈਕਰ, ਬਾਬੂ ਰਾਜਿੰਦਰ ਪ੍ਰਸਾਦ ਆਦਿ ਮੁੱਖ ਸਨ। ਡਾ. ਅੰਬੇਡਕਰ ਦੇ ਸਾਥੀ ਐੱਮ. ਸੀ. ਰਾਜਾ ਅਤੇ ਪੀ. ਬਾਲੂ ਆਦਿ ਵੀ ਸਰਗਰਮ ਰਹੇ। ਗਾਂਧੀ ਨਾਲ ਡਾ. ਅੰਬੇਡਕਰ ਦੀ ਜੋ ਗੱਲਬਾਤ ਹੋਈ ਉਸ ਵਿਚ ਉਨਾਂ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ, ‘ਮੈਂ ਆਪਣੇ ਸਮਾਜ ਲਈ ਰਾਜਨੀਤਕ ਤਾਕਤ ਚਾਹੁੰਦਾ ਹਾਂ। ਇਸ ਦਾ ਕੋਈ ਬਦਲ ਮੈਨੂੰ ਮਨਜ਼ੂਰ ਨਹੀਂ ਹੈ। ਇਸ ਲਈ ਕਿਸੇ ਵੀ ਸਮਝੌਤੇ ਦਾ ਆਧਾਰ ਇਹ ਤੱਥ ਹੀ ਰਹੇਗਾ ਕਿ ਸਾਨੂੰ ਸਾਡਾ ਬਣਦਾ ਹੱਕ ਮਿਲਦਾ ਹੈ ਜਾਂ ਨਹੀਂ। ਗਾਂਧੀ ਜੀ ਦੀ ਡਿੱਗਦੀ ਸਿਹਤ ਨੇ ਪੂਰੇ ਭਾਰਤ ਵਿਚ ਡਾ. ਅੰਬੇਡਕਰ ਖ਼ਿਲਾਫ਼ ਇਕ ਲਹਿਰ ਖੜੀ ਕਰ ਦਿੱਤੀ। ਅੰਬੇਡਕਰ ਨੂੰ ਗ਼ਦਾਰ ਅਤੇ ਦੇਸ਼ਧ੍ਰੋਹੀ ਕਿਹਾ ਜਾਣ ਲੱਗਾ। ਜਦੋਂ ਅਛੂਤਾਂ ‘ਤੇ ਦੇਸ਼ ਭਰ ‘ਚੋਂ ਅੱਤਿਆਚਾਰਾਂ ਦੇ ਸਮਾਚਾਰ ਆਉਣ ਲੱਗੇ ਤਾਂ ਐੱਮ. ਸੀ. ਰਾਜਾ ਵਰਗੇ ਅਛੂਤ ਲੀਡਰ ਵੀ ਡਾ. ਅੰਬੇਡਕਰ ਨੂੰ ਗਾਂਧੀ ਜੀ ਖ਼ਾਤਰ ਛੱਡਣ ਲਈ ਤਿਆਰ ਹੋ ਗਏ ਤਾਂ ਡਾ. ਅੰਬੇਡਕਰ ਨੂੰ ਮਜਬੂਰਨ ਇਹ ਸਮਝੌਤਾ ਕਰਨਾ ਪਿਆ।

ਇਕ ਪਾਸੇ ਡਾ. ਅੰਬੇਡਕਰ ਅਤੇ ਦੂਜੇ ਪਾਸੇ ਮਦਨ ਮੋਹਨ ਮਾਲਵੀਆ ਨੇ 24 ਸਤੰਬਰ 1931 ਨੂੰ ਪੰਜ ਵਜੇ ਯਰਵਦਾ ਜੇਲ ਵਿਚ ਦਸਤਖ਼ਤ ਕੀਤੇ। ਇਸ ਸਮਝੌਤੇ ਤਹਿਤ ਰਾਖਵੀਆਂ ਸੀਟਾਂ 71 ਤੋਂ ਵਧਾ ਕੇ 148 ਕਰ ਦਿੱਤੀਆਂ ਗਈਆਂ। ਦੋਹਰੀ ਵੋਟ ਦੀ ਜਗਾ ਇਕੱਲੀ ਵੋਟ ਦਾ ਹੱਕ ਅਤੇ ਸਾਂਝੇ ਚੋਣ ਖੇਤਰ ਰਹਿਣ ਦਿੱਤੇ ਗਏ। ਰੈਫਰੰਡਮ ਦੀ ਸ਼ਰਤ ਪੰਜ ਸਾਲ ਦੀ ਬਜਾਏ ਭਵਿੱਖ ‘ਚ ਆਪਸੀ ਤਾਲਮੇਲ ਰਾਹੀਂ ਗੀਵਿਊ ਕਰਨ ਲਈ ਛੱਡ ਦਿੱਤੀ ਗਈ। ਨੌਕਰੀਆਂ ਵਿਚ ਵੀ ਅਛੂਤਾਂ ਲਈ ਆਬਾਦੀ ਮੁਤਾਬਕ ਰਾਖਵਾਂਕਰਨ ਕਰਨ ਦੀ ਸ਼ਰਤ ਪਾ ਦਿੱਤੀ ਗਈ। ਗਾਂਧੀ ਜੀ ਵੱਲੋਂ ਪ੍ਰਵਾਨਗੀ ਮਿਲਣ ਉਪਰੰਤ ਸੀ. ਰਾਜਗੋਪਾਲਾਚਾਰੀ ਅਤੇ ਹੋਰ ਸੀਨੀਅਰ ਨੇਤਾਵਾਂ ਨੇ ਦਸਤਖ਼ਤ ਕੀਤੇ। ਸੀ. ਰਾਜਗੋਪਾਲਾਚਾਰੀ ਇਸ ਸਮਝੌਤੇ ਤੋਂ ਇੰਨਾ ਖ਼ੁਸ਼ ਹੋਇਆ ਕਿ ਉਸ ਨੇ ਡਾ. ਅੰਬੇਡਕਰ ਨਾਲ ਆਪਣਾ ਫਾਊਂਟੇਨ ਪੈੱਨ ਵੀ ਬਦਲ ਲਿਆ। ਜੋ ਲੋਕ ਦਲਿਤਾਂ ਦੇ ਜਾਤ ਆਧਾਰਤ ਰਾਖਵੇਂਕਰਨ ਜਾਂ ਕਰੀਮੀ ਲੇਅਰ ਆਦਿ ਦਾ ਤਰਕ ਦਿੰਦੇ ਹਨ, ਉਨਾਂ ਨੂੰ ਫਿਰਕੂ ਐਵਾਰਡ ਅਤੇ ਪੂਨਾ ਪੈਕਟ ਪੜਨ ਦੀ ਸਲਾਹ ਦਿੱਤੀ ਜਾਂਦੀ ਹੈ। ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਪੂਨਾ ਪੈਕਟ ਨਾਲ ਕੀ ਗੁਆਇਆ ਅਤੇ ਕੀ ਪਾਇਆ ? ਗਾਂਧੀ ਅਤੇ ਅੰਬੇਡਕਰ ਦੋਵੇਂ ਨੇਤਾ ਭਾਰਤ ਦੀ ਜੰਗ-ਏ-ਆਜ਼ਾਦੀ ਦੇ ਚਮਕਦੇ ਸਿਤਾਰੇ ਸਨ। ਭਾਵੇਂ ਅੰਬੇਡਕਰ ਆਪਣੀ ਜਾਤ ਕਾਰਨ ਦੇਸ਼ ਦੇ ਪ੍ਰਧਾਨ ਮੰਤਰੀ ਨਾ ਬਣ ਸਕੇ ਪਰ ਦੇਸ਼ ਦਾ ਪਹਿਲਾ ਕਾਨੂੰਨ ਮੰਤਰੀ ਅਤੇ ਸੰਵਿਧਾਨ ਨਿਰਮਾਤਾ ਬਣ ਕੇ ਉਨਾਂ ਦੇਸ਼ ਸੇਵਾ ਵਿਚ ਉਹ ਮੁਕਾਮ ਹਾਸਲ ਕਰ ਲਿਆ ਜੋ ਦੇਸ਼ ਦੇ ਕਿਸੇ ਉੱਚ ਕੋਟੀ ਦੇ ਲੀਡਰ ਅਤੇ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਨੂੰ ਵੀ ਨਸੀਬ ਨਹੀਂ ਹੋਇਆ। ਅੱਜ ਦੇਸ਼ ਵਿਚ ਗਾਂਧੀ, ਨਹਿਰੂ ਅਤੇ ਪਟੇਲ ਤੋਂ ਵੱਧ ਗੱਲ ਡਾ. ਅੰਬੇਡਕਰ ਅਤੇ ਉਸ ਦੇ ਵਿਚਾਰਾਂ ਦੀ ਹੁੰਦੀ ਹੈ। ਭਾਰਤ ਵਾਸੀ ਅੰਗਰੇਜ਼ਾਂ ਨੂੰ ਜਿੰਨਾ ਮਰਜ਼ੀ ਮਾੜਾ ਆਖੀ ਜਾਣ, ਜੇਕਰ ਅੰਗਰੇਜ਼ ਭਾਰਤ ਦੇ ਸ਼ਾਸਕ ਨਾ ਹੁੰਦੇ ਤਾਂ ਅਛੂਤਾਂ ਨੂੰ ਪਤਾ ਨਹੀਂ ਕਦੇ ਆਜ਼ਾਦੀ ਮਿਲਦੀ ਵੀ ਜਾਂ ਨਹੀਂ। ਅੱਜ ਅਛੂਤਾਂ (ਅਨੁਸੂਚਿਤ ਜਾਤੀਆਂ ਅਤੇ ਜਨ ਜਾਤੀਆਂ) ਦੀ ਹਾਲਤ ਕਿਸੇ ਤੋਂ ਲੁਕੀ ਹੋਈ ਨਹੀਂ ਹੈ। ਗਾਂਧੀ ਜੀ ਦੀ ਇੱਛਾ ਮੁਤਾਬਕ ਸਾਂਝੇ ਰਾਖਵੇਂ ਚੋਣ ਖੇਤਰ ਅੱਜ ਵੀ ਮੌਜੂਦ ਹਨ। ਦਸ-ਦਸ ਸਾਲ ਕਰ ਕੇ ਸੱਤ ਵਾਰ ਰਾਜਨੀਤਕ ਰਾਖਵਾਂਕਰਨ ਵਧਾਇਆ ਗਿਆ ਅਤੇ 2020 ਵਿਚ ਵੀ ਇਸ ਵਿਚ ਵਾਧਾ ਕੀਤਾ ਗਿਆ ਹੈ। ਪਰ ਅਨੁਸੂਚਿਤ ਜਾਤੀਆਂ ਅਤੇ ਜਨ-ਜਾਤੀਆਂ ਦੀ ਹਾਲਤ ਵਿਚ ਸੁਧਾਰ ਨਾਮਾਤਰ ਹੀ ਹੋਇਆ ਹੈ। ਕਹਿਣ ਨੂੰ ਤਾਂ 543 ਵਿੱਚੋਂ 84 ਮੈਂਬਰ ਪਾਰਲੀਮੈਂਟ ਕਥਿਤ ਅਛੂਤ ਵਰਗ ‘ਚੋਂ ਚੁਣ ਕੇ ਆਉਂਦੇ ਹਨ ਪਰ ਟਿਕਟਾਂ ਦੇਣ ਵਾਲੇ ਕਥਿਤ ਉੱਚ ਜਾਤੀ ਦੇ ਨੇਤਾ ਹੁੰਦੇ ਹਨ। ਤੀਹ ਕਰੋੜ ਅਛੂਤ ਭਰਾਵਾਂ ਦੀ ਹਾਲਤ ਤਰਸਯੋਗ ਹੈ। ਪੂਨਾ ਪੈਕਟ ਦਸਤਖ਼ਤ ਹੋਣ ਤੋਂ ਬਾਅਦ ਭਰੇ ਮਨ ਨਾਲ ਡਾ. ਅੰਬੇਡਕਰ ਨੇ ਕਿਹਾ ਸੀ ਕਿ ਇਹ ਉਨਾਂ ਦੀ ਜ਼ਿੰਦਗੀ ਦੀ ਸਭ ਤੋਂ ਵੱਡੀ ਗ਼ਲਤੀ ਸੀ। ਅੱਜ ਵੀ ਅਛੂਤ ਸਮਾਜ ਇਕ ਹੋਰ ਅੰਬੇਡਕਰ ਦੀ ਭਾਲ ਵਿਚ ਹੈ ਜੋ ਉਸ ਨੂੰ ਸਹੀ ਅਰਥਾਂ ਵਿਚ ਆਜ਼ਾਦੀ ਦਿਵਾ ਸਕੇ।

**(ਲੇਖਕ ਸਾਬਕਾ ਆਈਏਐੱਸ ਅਫ਼ਸਰ ਹੈ)।**




## ਭਾਰਤ ਵਿਚੋਂ ਅਲੋਪ ਹੁੰਦੀਆਂ ਉਪਭਾਸ਼ਾਵਾਂ... ਵਿਜੈ ਗਰਗ

ਯੂਨੈਸਕੋ ਦੁਆਰਾ ਜਾਰੀ ਕੀਤੀ ਗਈ ਦੁਨੀਆ ਦੀਆਂ ਭਾਸ਼ਾਵਾਂ ਦੇ ਨਕਸ਼ੇ ਵਿਚ, ਜਦੋਂ ਇਹ ਦੋਸ਼ ਲਾਇਆ ਗਿਆ ਸੀ। ਕਿ ਭਾਰਤ ਆਪਣੀਆਂ ਉਪਭਾਸ਼ਾਵਾਂ ਨੂੰ ਭੁੱਲਣ ਦੇ ਮਾਮਲੇ ਵਿਚ ਅੱਗੇ ਹੈ, ਤਦ ਲਗਦਾ ਸੀ ਕਿ ਸ਼ਾਇਦ ਸਰਕਾਰ ਅਤੇ ਸਮਾਜ ਚੇਤਾਵਨੀ ਦੇਵੇਗਾ, ਪਰ ਅਜਿਹਾ ਨਹੀਂ ਹੋਇਆ। ਵਿਅੰਗਾਤਮਿਕ ਗੱਲ ਇਹ ਹੈ ਕਿ ਆਜ਼ਾਦੀ ਤੋਂ ਬਾਅਦ, ਸਾਡੀ ਰਵਾਇਤੀ ਉਪਭਾਸ਼ਾਵਾਂ ਨੇ ਸਭ ਤੋਂ ਵੱਡੇ ਸੰਕਟ ਦਾ ਸਾਹਮਣਾ ਕੀਤਾ। ਸ਼੍ਰੀ ਗਣੇਸ਼ ਦੇਵੀ ਦੇ ਸਰਵੇਖਣ ਅਨੁਸਾਰ: ਅਸੀਂ ਕੁਝ ੩੦੦ ਬੋਲੀਆਂ ਗੁਆ ਚੁੱਕੇ ਹਾਂ ਅਤੇ ਕੁਝ ੧੯੦ ਉਪਭਾਸ਼ਾਵਾਂ ਆਖ਼ਰੀ ਸਾਹ ਲੈ ਰਹੀਆਂ ਹਨ। ਦੁੱਖ ਦੀ ਗੱਲ ਇਹ ਹੈ, ਕਿ ਬੋਲੀਆਂ ਗੁੰਮ ਜਾਣ ਦਾ ਸੰਕਟ ਸਭ ਤੋਂ ਜ਼ਿਆਦਾ ਕਾਬਿਲੀ ਇਲਾਕਿਆਂ ਵਿੱਚ ਹੈ। ਹਿੰਸਾ-ਬਦਲੇ, ਵਿਕਾਸ ਅਤੇ ਰੁਜ਼ਗਾਰ ਦੇ ਵਾਧੇ ਨੇ ਆਦਿਵਾਸੀਆਂ ਅਤੇ ਉਨਾਂ ਦੇ ਪਰਵਾਸ ਨੂੰ ਤੇਜ਼ ਕਰ ਦਿੱਤਾ, ਬਹੁਤ ਸਾਰੀਆਂ ਰਵਾਇਤੀ ਬੋਲੀ ਲਗਾਈਆਂ ਗਈਆਂ ਅਤੇ ਫੇਰ ਗੁਆ ਗਈਆਂ।

ਝਾਰਖੰਡ ਵਿੱਚ ਆਦਿਵਾਸੀ ਕਬੀਲਿਆਂ ਦੀ ਗਿਣਤੀ ਘਟਣ ਦੇ ਅੰਕੜੇ ਹੈਰਾਨ ਕਰਨ ਵਾਲੇ ਹਨ ਜੋ ੨੦੦੧ ਵਿੱਚ ਤਿੰਨ ਲੱਖ 87 ਹਜ਼ਾਰ ਤੋਂ ਹੇਠਾਂ ਆ ਕੇ ੨੦੧੧ ਵਿੱਚ ਦੋ ਲੱਖ ੯੨ ਹਜ਼ਾਰ ਰਹਿ ਗਏ ਹਨ। ਰਾਜ ਸਰਕਾਰ ਨੇ ਉਨਾਂ ਨੂੰ ਵਿਸ਼ੇਸ਼ ਤੌਰ ‘ਤੇ ਕਮਜ਼ੋਰ ਕਬਾਇਲੀ ਸਮੂਹਾਂ (ਪੀ ਵੀ ਜੀ ਟੀ) ਦੀ ਸ਼੍ਰੇਣੀ ਵਿੱਚ ਰੱਖਿਆ ਹੈ। ਵਿਸਤਾਰ ਵਿਚ ਗੋਂਡ, ਡੋਰਲੇ ਆਬਾਦੀ ਦੇ ਮਾਮਲੇ ਵਿਚ ਲੋਕ ਸਭ ਤੋਂ ਪਛੜ ਗਏ ਹਨ। ਕੋਰੀਆ ਦੇ ਸਾਰੇ ਜ਼ਿਲਿਆਂ, ਸੁਰਗੁਜਾ, ਕਾਂਕੇਰ, ਜਗਦਲਪੁਰ, ਨਰਾਇਣਪੁਰ, ਦਾਂਤੇਵਾੜਾ ਵਿੱਚ ਆਦਿਵਾਸੀ ਆਬਾਦੀ ਵਿੱਚ ਤੇਜ਼ੀ ਨਾਲ ਗਿਰਾਵਟ ਆਈ ਹੈ। ਇਸ ਨਾਲ ਉਨਾਂ ਦੀਆਂ ਬੋਲੀਆਂ ਵੀ ਖ਼ਤਮ ਹੋ ਗਈਆਂ ਹਨ।

ਮਸ਼ਹੂਰ ਮਾਨਵ-ਵਿਗਿਆਨੀ ਗਰਿਅਰਸਨ ਦੀ ੧੯੩੮ ਦੀ ਕਿਤਾਬ ਮੈਡੀਆ ਗੋਂਡਜ਼ ਆਫ਼ ਬਸਟਰ ਦੀ ਭੂਮਿਕਾ ਵਿਚ ਇਕ ਆਦਮੀ ਦਾ ਜ਼ਿਕਰ ਹੈ ਜੋ ਬਸਤਰ ਦੀਆਂ ੩੬ ਬੋਲੀਆਂ ਨੂੰ ਸਮਝਦਾ ਸੀ. ਸਪਸ਼ਟ ਤੌਰ ਤੇ, ਅੱਸੀ ਸਾਲ ਪਹਿਲਾਂ ਇੱਥੇ ਘੱਟੋ ਘੱਟ ੩੬ ਬੋਲੀਆਂ ਸਨ. ੧੯੬੧ ਦੀ ਮਰਦਮਸ਼ੁਮਾਰੀ ਵਿਚ ਗੋਂਡੀ ਬੋਲਣ ਵਾਲਿਆਂ ਦੀ ਗਿਣਤੀ ੧੨,੭੧੩ ਸੀ ਜੋ ਅੱਜ ਘਟ ਕੇ ੫੦੦ ਹੋ ਗਈ ਹੈ। ਅੱਜ ਵੀ ਬੂਰੀਰ ਖੇਤਰ ਦੀਆਂ ਕਬੀਲਿਆਂ ਦੀ ਪੁਰਾਣੀ ਪੀੜੀ ਵਿਚ ਧੁਰਵੀ ਅਤੇ ਮਾਦੀ ਸੰਚਾਰ ਦਾ ਮਾਧਿਅਮ ਹਨ, ਪਰ ਨਵੀਂ ਪੀੜੀ ਵਿਚ ਇਨਾਂ ਬੋਲੀਆਂ ਦਾ ਰੁਝਾਨ ਹੌਲੀ-ਹੌਲੀ ਘਟਦਾ ਜਾ ਰਿਹਾ ਹੈ। ਰਾਜਸਥਾਨ ਵਿੱਚ ਅੱਧੀ ਦਰਜਨ ਉਪਭਾਸ਼ਾ ਯੂਨੈਸਕੋ ਦੁਆਰਾ ਖ਼ਤਰੇ ਵਿੱਚ ਆਈ ਬੋਲੀ ਦੀ ਸੂਚੀ ਵਿੱਚ ਸ਼ਾਮਲ ਹਨ। ਖ਼ਾਨਾਬਦੋਸ਼ ਜਾਤੀਆਂ ਦੀਆਂ ਆਪਣੀਆਂ ਬੋਲੀਆਂ ਹਨ, ਜਿਵੇਂ:- ਗਰੋਦਿਆ ਲੋਹਾਰ। ਹੁਣ ਉਹ ਜਾਂ ਤਾਂ ਦੂਜੀਆਂ ਬੋਲੀਆਂ ਦੇ ਨਾਲ ਮਿਲ ਕੇ ਆਪਣਾ ਅਸਲ ਰੂਪ ਗਵਾ ਚੁੱਕੇ ਹਨ ਜਾਂ ਨਵੀਂ ਪੀੜੀ ਉਨਾਂ ਬਾਰੇ ਗੱਲ ਨਹੀਂ ਕਰਦੀ। ਮੱਧ ਪ੍ਰਦੇਸ਼ ਦੀਆਂ ੧੨ ਕਬਾਇਲੀ ਉਪ-ਭਾਸ਼ਾਵਾਂ ਖ਼ਤਮ ਹੋਣ ਦੇ ਖ਼ਤਰੇ ਵਿੱਚ ਹਨ।

ਹੁਣ ਸਿਰਫ਼ ਉੱਤਰ ਕਾਸ਼ੀ ਦੇ ਬੰਗਾਲ ਖੇਤਰ ਦੀ ਬੰਗਾਲੀ ਉਪਭਾਸ਼ਾ ਬੋਲਦੇ ਹਨ। ਪਿਥੌਰਾਗੜ ਦੇ ਦਰਮਾ ਅਤੇ ਬਾਂਸੀ, ਉੱਤਰਕਾਸ਼ੀ ਦਾ ਜਾਡ ਅਤੇ ਦੇਹਰਾਦੂਨ ਦਾ ਜੌਂਸਰੀ ਖ਼ਤਮ ਹੋਣ ਦੀ ਕਗਾਰ ‘ਤੇ ਹਨ। ਦਰਮਾ ਨੂੰ ੧,੭੬੧, ਬੇਅੰਸੀ ਨੂੰ ੧,੭੩੪, ਜੈਡ ੨,੦੦੦ ਅਤੇ ਜੌਂਸਰੀ ਨੂੰ ੧,੧੪,੭੩੩ ਮੰਨਿਆ ਜਾਂਦਾ ਹੈ। ਕਿਉਂਕਿ ਇਹ ਉਪਭਾਸ਼ਾ ਨਾ ਤਾਂ ਰੁਜ਼ਗਾਰ ਦੀ ਭਾਸ਼ਾ ਬਣ ਗਈ ਹੈ ਅਤੇ ਨਾ ਹੀ ਇਨਾਂ ਦੇ ਸੰਚਾਰੀ ਨਵੀਂ ਪੀੜੀ ਵਿਚ ਜੀਅ ਰਹੇ ਹਨ, ਇਸ ਲਈ ਉਨਾਂ ਦਾ ਅਸਲ ਸਰੂਪ ਹੌਲੀ ਹੌਲੀ ਖ਼ਤਮ ਹੁੰਦਾ ਜਾ ਰਿਹਾ ਹੈ। ਅੰਡੇਮਾਨ ਅਤੇ ਨਿਕੋਬਾਰ ਅਤੇ ਕੁਝ ਉੱਤਰ-ਪੂਰਬੀ ਰਾਜਾਂ ਨੇ ਪਿਛਲੇ ਚਾਰ ਦਹਾਕਿਆਂ ਦੌਰਾਨ ਬਹੁਤ ਸਾਰੇ ਕਬੀਲਿਆਂ ਨੂੰ ਗੁਆ ਦਿੱਤਾ ਹੈ ਅਤੇ ਉਨਾਂ ਦੀਆਂ ਮੁੱਢਲੀਆਂ ਉਪਭਾਸ਼ਾਵਾਂ ਵੀ ਪਿਛਲੇ ਸਮੇਂ ਦੇ ਚੱਕਰ ਵਿੱਚ ਆ ਗਈਆਂ ਹਨ।

ਉਪਭਾਸ਼ਾ ਦੇ ਅਲੋਪ ਹੋਣ ਨਾਲ ਉਨਾਂ ਦੀ ਹਜ਼ਾਰਾਂ ਸਾਲ ਪੁਰਾਣੀ ਖੇਤੀਬਾੜੀ, ਆਯੁਰਵੈਦ, ਜਾਨਵਰਾਂ ਦੀ ਸਿਹਤ, ਮੌਸਮ, ਖੇਤੀ ਆਦਿ ਦਾ ਗਿਆਨ ਵੀ ਖ਼ਤਮ ਹੋ ਜਾਂਦਾ ਹੈ। ਇਹ ਅਫ਼ਸੋਸ ਦੀ ਗੱਲ ਹੈ ਕਿ ਸਾਡੀਆਂ ਸਰਕਾਰੀ ਯੋਜਨਾਵਾਂ ਰਵਾਇਤੀ ਢੰਗਾਂ ਨਾਲ ਇਨਾਂ ਦੀ ਬੋਲੀਆਂ ਨੂੰ ਸੁਰੱਖਿਅਤ ਰੱਖਣ ਦੀ ਬਜਾਏ ਆਧੁਨਿਕ ਬਣਾਉਣ ‘ਤੇ ਵਧੇਰੇ ਜ਼ੋਰ ਦਿੰਦੀਆਂ ਹਨ. ਅਸੀਂ ਉਨਾਂ ਨੂੰ ਆਪਣਾ ਗਿਆਨ ਦੇਣਾ ਚਾਹੁੰਦੇ ਹਾਂ, ਪਰ ਉਨਾਂ ਦੇ ਗਿਆਨ ਨੂੰ ਸੁਰੱਖਿਅਤ ਨਹੀਂ ਰੱਖਣਾ ਚਾਹੁੰਦੇ। ਅੱਜ ਲੋੜ ਇਸ ਬੋਲੀ ਨੂੰ ਆਪਣੇ ਅਸਲ ਰੂਪ ਵਿਚ ਬਚਾਉਣ ਦੀ ਹੈ।

# ਹੈਵਾਨੀਅਤ ਦੀ ਹੱਦ ਪਾਰ ਕਰਦਿਆਂ ਚਾਰ ਠਾਕੁਰ ਗੁੰਡਿਆਂ ਵਲੋਂ ਦਲਿਤ ਲੜਕੀ ਨਾਲ ਸਮੂਹਿਕ ਬਲਾਤਕਾਰ

## ✪ ਬਲਾਤਕਾਰ ਪੀੜਤ ਨੂੰ ਬੁਰੀ ਤਰਾਂ ਕੁੱਟਿਆ, ਜੀਭ ਛੁਰੇ ਨਾਲ ਕੱਟ ਦਿੱਤੀ, ਰੀੜ ਦੀ ਹੱਡੀ ਤੋੜ ਦਿੱਤੀ

## ✪ ਬਸਪਾ ਆਗੂ ਮਾਇਆਵਤੀ, 'ਸਪਾ' ਆਗੂ ਅਖਿਲੇਸ਼, ਪ੍ਰਿਯੰਕਾ ਗਾਂਧੀ ਤੇ ਕੇਜਰੀਵਾਲ ਵਲੋਂ ਸਖਤ ਨਿਖੇਧੀ

**ਹਥਰਸ/ਏ.ਟੀ.ਨਿਊਜ਼:** ਉੱਤਰ ਪ੍ਰਦੇਸ਼ ਦੇ ਹਥਰਸ ਜ਼ਿਲੇ ਵਿਚ ਹੈਵਾਨੀਅਤ ਦੀ ਹੱਦ ਪਾਰ ਕਰਦਿਆਂ ਚਾਰ ਠਾਕੁਰ ਗੁੰਡਿਆਂ ਨੇ ਇਕ 19 ਸਾਲਾ ਦਲਿਤ ਲੜਕੀ ਨਾਲ ਸਮੂਹਿਕ ਬਲਾਤਕਾਰ ਕੀਤਾ ਅਤੇ ਉਸ ਨਾਲ ਬਦਸਲੂਕੀ ਕੀਤੀ।ਦੋ ਹਫਤੇ ਪਹਿਲਾਂ ਇਸ ਘਟਨਾ ਦੀ ਸ਼ਿਕਾਰ ਪੀੜਤ ਲੜਕੀ ਦੀ ਮੰਗਲਵਾਰ ਸਵੇਰੇ ਦਿੱਲੀ ਦੇ ਸਫਦਰਜੰਗ ਹਸਪਤਾਲ ਵਿੱਚ ਮੌਤ ਹੋ ਗਈ। ਯੂ.ਪੀ. ਸਰਕਾਰ, ਜੋ ਇਸ ਘਟਨਾ ਨੂੰ ਲਕਾਉਂਦੀ ਰਹੀ ਹੈ ਤੇ ਹੁਣ ਆਖ ਰਹੀ ਹੈ ਕਿ ਅਜਿਹੀ ਘਟਨਾ ਬਲਾਤਕਾਰ ਬਾਰੇ ਮੈਡੀਕਲ ਪੁਸ਼ਟੀ ਨਹੀਂ ਹੋਈ। ਇੰਨਾ ਹੀ ਨਹੀਂ ਗੁੰਡਿਆਂ ਵਲੋਂ ਕੁਟਮਾਰ ਕਰਨ ਕਾਰਨ ਪੀੜਤ ਲੜਕੀ ਦੇ ਸਰੀਰ 'ਤੇ ਗੰਭੀਰ ਸੱਟਾਂ ਲੱਗੀਆਂ ਤੇ ਉਹ ਅਧਰੰਗ ਦਾ ਸ਼ਿਕਾਰ ਹੋ ਗਈ।ਲੜਕੀ ਦੀ ਮੈਡੀਕਲ ਰਿਪੋਰਟ ਵਿਚ ਸੱਟਾਂ ਦਾ ਜ਼ਿਕਰ ਤੱਕ ਨਹੀਂ ਕੀਤਾ ਗਿਆ। ਪੀੜਤ ਲੜਕੀ ਦੀ ਮੈਡੀਕਲ ਰਿਪੋਰਟ 'ਚ ਉਸ ਦੀ ਮੌਤ ਸਕਾਰਫ ਨਾਲ ਗਲਾ ਘੁੱਟ ਕੇ ਮਾਰਨ ਨਾਲ ਹੋਈ ਹੈ। ਰਿਪੋਰਟ ਵਿਚ ਮ੍ਰਿਤਕਾ ਦੇ ਸਰੀਰ ਅਤੇ ਅੰਦਰੂਨੀ ਅੰਗਾਂ ਵਿਚ ਕਿਸੇ ਸੱਟ ਦਾ ਜ਼ਿਕਰ ਨਹੀਂ ਕੀਤਾ ਗਿਆ।

ਅਲੀਗੜ ਜ਼ੋਨ, ਜਿਸ ਦੇ ਅਧੀਨ ਹਥਰਾਸ ਜ਼ਿਲਾ ਆਉਂਦਾ ਹੈ, ਦੇ ਇੰਸਪੈਕਟਰ ਜਨਰਲ ਪੁਲਿਸ ਪੀਯੂਸ਼ ਮੋਰਡੀਆ ਨੇ ਕਿਹਾ ਹੈ ਕਿ ਮੈਡੀਕਲ ਰਿਪੋਰਟ ਵਿੱਚ ਦੁਰਵਿਵਹਾਰ ਦੀ ਪੁਸ਼ਟੀ ਨਹੀਂ ਹੋਈ ਹੈ। ਉਹ ਕਹਿੰਦਾ ਹੈ ਕਿ ਮਾਮਲੇ ਦੀ ਐਫ ਆਰ ਆਈ ਲਿਖਣ ਦੇ ਸਮੇਂ ਪੀੜਤ ਲੜਕੀ ਦੇ ਬਲਾਤਕਾਰ ਬਾਰੇ ਗੱਲ ਕਿਸੇ ਪੀੜਤ ਧਿਰ ਨੇ ਨਹੀਂ ਚੁੱਕੀ ਪਰ ਬਾਅਦ ਵਿਚ ਦੋਸ਼ੀਆਂ ਉੱਤੇ ਦੋਸ਼ ਲਗਾਇਆ ਸੀ। ਜਿਸ ਕਾਰਨ ਬਾਅਦ ਵਿੱਚ ਧਾਰਾਵਾਂ ਵਿੱਚ ਵਾਧਾ ਕੀਤਾ ਗਿਆ ਸੀ।

ਪੁਲਿਸ ਦੁਆਰਾ ਦਿੱਤੀ ਮੈਡੀਕਲ ਰਿਪੋਰਟ ਅਤੇ ਖੁਦ ਆਈਜੀ ਜ਼ੋਨ ਦੇ ਬਿਆਨ ਵਿੱਚ ਬਲਾਤਕਾਰ ਦੀ ਘਟਨਾ ਤੋਂ ਸਰਾਸਰ ਇਨਕਾਰ ਕੀਤਾ ਗਿਆ ਹੈ।ਆਈਜੀ ਜ਼ੋਨ ਨੇ ਕਿਹਾ ਹੈ ਕਿ ਮ੍ਰਿਤਕ ਨੂੰ ਕੁੱਟਿਆ ਗਿਆ ਸੀ ਅਤੇ ਪਹਿਲਾਂ ਵੀ ਇਸੇ ਧਾਰਾਵਾਂ ਵਿੱਚ ਕੇਸ ਦਰਜ ਕੀਤਾ ਗਿਆ ਸੀ। ਉਹ ਕਹਿੰਦੇ ਹਨ ਕਿ ਬਾਅਦ ਵਿਚ ਧਾਰਾਵਾਂ ਵਧੀਆਂ ਜਦੋਂ ਮ੍ਰਿਤਕ ਨੇ ਛੇੜਛਾੜ ਦੀ ਗੱਲ ਕੀਤੀ। ਆਈ.ਜੀ. ਦੇ ਅਨੁਸਾਰ, ਘਟਨਾ ਦੇ ਕਈ ਦਿਨਾਂ ਬਾਅਦ ਮ੍ਰਿਤਕ ਨੇ ਚਾਰ ਵਿਅਕਤੀਆਂ ਨਾਲ ਬਲਾਤਕਾਰ ਦੀ ਗੱਲ ਕੀਤੀ ਜਿਸ ਤੋਂ ਬਾਅਦ ਇਹ ਧਾਰਾਵਾਂ ਲਗਾਈਆਂ ਗਈਆਂ।

ਬਲਾਤਕਾਰ ਪੀੜਤ ਦੀ ਮੌਤ ਤੋਂ ਪਹਿਲਾਂ ਅਤੇ ਬਾਅਦ ਵਿਚ, ਉਸ ਦੇ ਪਰਿਵਾਰ ਅਤੇ ਉਸ ਦਾ ਇਲਾਜ ਕਰ ਰਹੇ ਡਾਕਟਰਾਂ ਨੇ ਕਿਹਾ ਕਿ ਉਹ ਗੰਭੀਰ ਰੂਪ ਵਿਚ ਜ਼ਖਮੀ ਹੋ ਗਈ ਸੀ ਅਤੇ ਬੁਰੀ ਤਰਾਂ ਕੁੱਟਿਆ ਗਿਆ ਸੀ। ਪਰਿਵਾਰ ਦਾ ਕਹਿਣਾ ਹੈ ਕਿ ਜੀਭ ਛੁਰੇ ਨਾਲ ਕੱਟ ਦਿੱਤੀ ਗਈ ਸੀ ਅਤੇ ਰੀੜ ਦੀ ਹੱਡੀ ਕੁਟ ਮਾਰਕੇ ਤੋੜ ਦਿੱਤੀ ।ਹਾਲਾਂਕਿ, ਯੂ.ਪੀ. ਪੁਲਿਸ ਅਜੇ ਵੀ ਇਸ ਘਟਨਾ ਤੋਂ ਇਨਕਾਰ ਕਰ ਰਹੀ ਹੈ।.ਪੁਲਿਸ ਨੇ ਮ੍ਰਿਤਕਾ ਨਾਲ ਹੋਈ ਹੈਵਾਨੀਅਤ ਨੂੰ ਵੀ ਨਕਾਰ ਦਿਤਾ ਹੈ।







ਹਾਥਰਾਸ ਪੁਲਿਸ ਨੇ ਬਲਾਤਕਾਰ ਪੀੜਤ ਦੀ ਮੌਤ ਤੋਂ ਬਾਅਦ ਇੱਕ ਬਿਆਨ ਜਾਰੀ ਕੀਤਾ ਹੈ।ਬਿਆਨ ਵਿਚ ਕਿਹਾ ਗਿਆ ਹੈ ਕਿ ਇਹ ਅਸਪਸ਼ਟ ਖ਼ਬਰ ਸੋਸ਼ਲ ਮੀਡੀਆ ਰਾਹੀਂ ਜਨਤਕ ਤੌਰ 'ਤੇ ਫੈਲਾਈ ਜਾ ਰਹੀ ਹੈ ਕਿ 'ਮੰਦਭਾਗੀ ਘਟਨਾ ਥਾਣਾ ਚਾਂਦਪਾ ਖੇਤਰ ਅਧੀਨ ਹੋਈ ।ਮ੍ਰਿਤਕ ਦੀ ਜੀਭ ਕੱਟ ਦਿੱਤੀ ਗਈ, ਅੱਖ ਅੰਨੀ ਹੋ ਗਈ ਅਤੇ ਰੀੜ ਦੀ ਹੱਡੀ ਟੁੱਟ ਗਈ।' ਹਥਰਾਸ ਪੁਲਿਸ ਇਸ ਅਸਪਸ਼ਟ ਅਤੇ ਗੁੰਮਰਾਹਕੁੰਨ ਖ਼ਬਰਾਂ ਦਾ ਖੰਡਨ ਕਰਦੀ ਹੈ।

ਬਲਾਤਕਾਰ ਪੀੜਤ ਦੀ ਮੌਤ ਤੋਂ ਬਾਅਦ ਪਰਿਵਾਰ ਵਾਲੇ ਲਾਸ਼ ਦਾ ਇੰਤਜ਼ਾਰ ਕਰਦੇ ਰਹੇ ਅਤੇ ਪੁਲਿਸ ਦੂਜੇ ਰਸਤੇ ਲਾਸ਼ ਨੂੰ ਲੈਕੇ ਹਾਥਰਸ ਲਈ ਰਵਾਨਾ ਹੋ ਗਈ। ਮੁਲਜ਼ਮਾਂ ਨੂੰ ਪਹਿਲਾਂ ਹੀ ਗ੍ਰਿ.ਫਤਾਰ ਕਰ ਲਿਆ ਗਿਆ ਸੀ ਤੇ ਹੁਣ ਉਨਾਂ ਉਤੇ ਧਾਰਾ 302 ਵੀ ਲਾ ਦਿੱਤੀ ਗਈ ਹੈ।

'ਬਸਪਾ' ਆਗੂ ਮਾਇਆਵਤੀ ਨੇ ਘਟਨਾ ਦੀ ਕਰੜੀ ਨਿਖੇਧੀ ਕਰਦਿਆਂ ਕਿਹਾ ਕਿ ਇਸ ਕੇਸ ਦੀ ਸੁਣਵਾਈ ਫਾਸਟ ਟਰੈਕ ਅਦਾਲਤ ਵਿਚ ਹੋਣੀ ਚਾਹੀਦੀ ਹੈ। 'ਸਪਾ' ਆਗੂ ਅਖਿਲੇਸ਼ ਯਾਦਵ ਨੇ ਕਿਹਾ ਕਿ ਮੌਜੂਦਾ ਸਰਕਾਰ 'ਚ ਸੰਵੇਦਨਸ਼ੀਲਤਾ ਬਿਲਕੁਲ ਨਹੀਂ ਬਚੀ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਹ ਘਟਨਾ ਪੂਰੇ ਸਮਾਜ ਲਈ ਸ਼ਰਮ ਦੀ ਗੱਲ ਹੈ। ਔਰਤਾਂ ਬਾਰੇ ਕੌਮੀ ਕਮਿਸ਼ਨ ਨੇ ਕਿਹਾ ਹੈ ਕਿ ਯੂਪੀ ਪੁਲੀਸ ਤੋਂ ਰਿਪੋਰਟ ਵੀ ਤਲਬ ਕੀਤੀ ਗਈ ਹੈ। ਬਿਆਨ ਵਿਚ ਮਹਿਲਾ ਨੇ ਦੱਸਿਆ ਸੀ ਕਿ ਸੰਦੀਪ ਤੋਂ ਇਲਾਵਾ ਰਾਮੂ, ਲਵਕੁਸ਼ ਤੇ ਰਵੀ ਨੇ ਵੀ ਉਸ ਨਾਲ ਜਬਰ-ਜਨਾਹ ਕੀਤਾ।

ਵਿਰੋਧੀ ਧਿਰ ਕਾਂਗਰਸ ਦੀ ਆਗੂ ਪ੍ਰਿਯੰਕਾ ਗਾਂਧੀ ਨੇ ਘਟਨਾ ਦੀ ਨਿਖੇਧੀ ਕੀਤੀ ਹੈ ਤੇ ਘਿਨਾਉਣਾ ਅਪਰਾਧ ਕਰਨ ਵਾਲਿਆਂ ਲਈ ਸਖ਼ਤ ਸਜ਼ਾ ਮੰਗੀ ਹੈ। ਪ੍ਰਿਯੰਕਾ ਨੇ ਕਿਹਾ ਕਿ ਹਾਥਰਸ, ਸ਼ਾਹਜਹਾਂਪੁਰ ਤੇ ਗੋਰਖਪੁਰ ਦੀਆਂ ਘਟਨਾਵਾਂ ਨੇ ਸੂਬੇ ਨੂੰ ਧੁਰ ਅੰਦਰ ਤੱਕ ਹਿਲਾ ਕੇ ਰੱਖ ਦਿੱਤਾ ਹੈ। ਯੂ.ਪੀ. ਵਿਚ ਕਾਨੂੰਨ-ਵਿਵਸਥਾ ਪੂਰੀ ਤਰਾਂ ਖ਼ਰਾਬ ਹੋ ਚੁੱਕੀ ਹੈ ਤੇ ਔਰਤਾਂ ਸੁਰੱਖਿਅਤ ਨਹੀਂ ਹਨ। ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ 'ਵਰਗ-ਜਾਤ ਅਧਾਰਿਤ ਯੂਪੀ ਦੇ ਜੰਗਲ ਰਾਜ' ਨੇ ਇਕ ਹੋਰ ਮੁਟਿਆਰ ਦੀ ਜਾਨ ਲੈ ਲਈ ਹੈ।

**ਦਿੱਲੀ ਵਿਚ ਕਾਂਗਰਸ ਤੇ ਭੀਮ ਆਰਮੀ ਵੱਲੋਂ ਰੋਸ ਮੁਜ਼ਾਹਰੇ**

ਦਲਿਤ ਲੜਕੀ ਦੀ ਮੌਤ ਦੀ ਖ਼ਬਰ ਜਿਵੇਂ ਹੀ ਫੈਲੀ, ਦਿੱਲੀ ਦੇ ਸਫ਼ਦਰਜੰਗ ਹਸਪਤਾਲ, ਵਿਜੈ ਚੌਕ ਤੇ ਹਾਥਰਸ ਵਿਚ ਰੋਸ ਫੁੱਟ ਪਿਆ। ਨਾਗਰਿਕ ਹੱਕ ਕਾਰਕੁਨਾਂ ਤੇ ਸਿਆਸਤਦਾਨਾਂ ਨੇ ਨਿਆਂ ਦੀ ਮੰਗ ਕੀਤੀ ਹੈ। ਹਸਪਤਾਲ ਦੇ ਬਾਹਰ ਰੋਸ ਮੁਜ਼ਾਹਰੇ ਦੀ ਅਗਵਾਈ ਕਰਦਿਆਂ ਭੀਮ ਆਰਮੀ ਦੇ ਮੁਖੀ ਚੰਦਰਸ਼ੇਖਰ ਆਜ਼ਾਦ ਨੇ ਕਿਹਾ ਕਿ ਉਹ ਦਲਿਤ ਭਾਈਚਾਰੇ ਨੂੰ ਅਪੀਲ ਕਰਦੇ ਹਨ ਕਿ ਉਹ ਸੜਕਾਂ 'ਤੇ ਨਿਕਲਣ ਅਤੇ ਜ਼ਿੰਮੇਵਾਰਾਂ ਲਈ ਮੌਤ ਦੀ ਸਜ਼ਾ ਮੰਗਣ। ਉਨਾਂ ਕਿਹਾ ਕਿ ਜਦ ਤੱਕ ਮੁਲਜ਼ਮ ਫਾਹੇ ਨਹੀਂ ਟੰਗੇ ਜਾਂਦੇ, ਉਹ ਚੁੱਪ ਨਹੀਂ ਬੈਠਣਗੇ। ਆਜ਼ਾਦ ਨੇ ਮੌਤ ਲਈ ਸੂਬਾ ਸਰਕਾਰ ਨੂੰ ਵੀ 'ਬਰਾਬਰ ਜ਼ਿੰਮੇਵਾਰ' ਦੱਸਿਆ। ਇਸ ਦੌਰਾਨ ਯੋਗੀ ਆਦਿੱਤਿਆਨਾਥ ਸਰਕਾਰ ਉਤੇ ਵਰਦਿਆਂ ਕਾਂਗਰਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਆਗੂਆਂ ਦੀ 'ਚੁੱਪੀ' ਉਤੇ ਸਵਾਲ ਉਠਾਇਆ ਹੈ। ਪਾਰਟੀ ਨੇ ਵਿਜੈ ਚੌਕ ਵਿਚ ਰੋਸ ਮੁਜ਼ਾਹਰਾ ਕੀਤਾ। ਕਾਂਗਰਸੀ ਆਗੂਆਂ-ਪੀਐਲ ਪੂਨੀਆ, ਉਦਿਤ ਰਾਜ, ਅੰਮ੍ਰਿਤਾ ਧਵਨ ਤੇ ਹੋਰਾਂ ਨੂੰ ਪੁਲੀਸ ਨੇ ਹਿਰਾਸਤ ਵਿਚ ਵੀ ਲਿਆ ਹੈ।

# ਪੰਜਾਬ ਦੇ 600 ਅਰਬ ਡਾਲਰ ਮੁੱਲ ਦੇ ਪਾਣੀਆਂ ਦੀ ਲੁੱਟ ਦੀ ਦਾਸਤਾਨ

**ਬਿਆਸ ਪ੍ਰੋਜੈਕਟ**

ਅਸੀਂ ਪਹਿਲੀਆਂ ਕਿਸ਼ਤਾਂ ਵਿਚ ਸਪੱਸ਼ਟ ਕਰ ਚੁੱਕੇ ਹਾਂ ਕਿ ਰਿਪੇਰੀਅਨ ਸਿਧਾਂਤ ਦੇ ਅਨੁਸਾਰ ਜਿਸ ਤਰਾਂ 1966 ਤੋਂ ਬਾਅਦ ਪੰਜਾਬ ਜਮਨਾ ਦੇ ਪਾਣੀਆਂ ਦਾ ਹੱਕਦਾਰ ਨਹੀਂ ਹੈ, ਉਸੇ ਤਰਾਂ ਹਰਿਆਣਾ ਵੀ ਪੰਜਾਬ ਦੇ ਦਰਿਆਵਾਂ ਦੇ ਪਾਣੀ ਦਾ ਹੱਕਦਾਰ ਨਹੀਂ ਹੈ। ਸਿਵਾਏ 1966 ਤੋਂ ਪਹਿਲਾਂ ਜਾ ਰਹੇ ਵਿਵਾਦਿਤ ਪਾਣੀ ਦੇ ਜਿਸ ਉੱਤੇ ਕਿ ਦੁਬਾਰਾ ਨਵਾਂ ਇਕਰਾਰਨਾਮਾ ਕੀਤਾ ਜਾ ਸਕਦਾ ਹੈ। ਪਰ ਸੰਵਿਧਾਨ ਦੀ ਉਲੰਘਣਾ ਕਰਕੇ, ਪੰਜਾਬ ਦੇ ਪਾਣੀਆਂ ਦੇ 75% ਹਿੱਸੇ ਨੂੰ ਗੈਰ-ਰਿਪੇਰੀਅਨ ਰਾਜਾਂ ਵੱਲ ਮੋੜਨ ਅਤੇ ਪੰਜਾਬ ਨੂੰ ਇਸਦੇ ਆਰਥਿਕ, ਰਾਜਨੀਤਿਕ ਅਤੇ ਸੰਵਿਧਾਨਕ ਅਧਿਕਾਰਾਂ ਤੋਂ ਵਾਂਝਾ ਕਰਨ ਲਈ ਯੋਜਨਾਬੱਧ ਬਿਆਸ ਪ੍ਰੋਜੈਕਟ ਨੂੰ ਬਹਾਨੇ ਦੇ ਤੌਰ ਤੇ ਵਰਤਿਆ ਗਿਆ ਸੀ। 1966 ਤੋਂ ਪਹਿਲਾਂ ਹੀ , ਬਿਆਸ ਪ੍ਰੋਜੈਕਟ ਬਣਾ ਲਿਆ ਗਿਆ ਸੀ ਅਤੇ ਦੋ ਸੋਧਾਂ ਤੋਂ ਬਾਅਦ ਅੰਤਮ ਰੂਪ ਦੇ ਦਿੱਤਾ ਗਿਆ ਸੀ। ਫਾਈਨਲ ਪ੍ਰਾਜੈਕਟ ਵਿਚ ਸਿਰਫ 0.9 ਐਮਏਐਫ ਪਾਣੀ ਹੀ ਹਰਿਆਣਾ ਨੂੰ ਦਿੱਤਾ ਜਾਣਾ ਸੀ, ਜੋ ਕਿ 1966 ਤੋਂ ਪਹਿਲਾਂ ਪੰਜਾਬ ਸੂਬੇ ਦਾ ਹੀ ਇਕ ਹਿੱਸਾ ਸੀ। ਕਿਸੇ ਆਮ ਪ੍ਰੋਜੈਕਟ ਵਾਂਗ, ਇਸ ਪ੍ਰਾਜੈਕਟ ਦਾ ਹਰ ਵੇਰਵਾ, ਜਿਸ ਵਿੱਚ ਸਿੰਚਾਈ ਕੀਤੇ ਜਾਣ ਵਾਲੇ ਖੇਤਰ, ਪਾਣੀ ਲਿਜਾਣ ਲਈ ਪੁੱਟੇ ਜਾਣ ਵਾਲੇ ਰਸਤੇ, ਹਰੇਕ ਨਹਿਰ ਜਾਂ ਖੇਤਰ ਨੂੰ ਸਪਲਾਈ ਕਰਨ ਲਈ ਪਾਣੀ ਦੀ ਮਾਤਰਾ ਸ਼ਾਮਲ ਹੈ, ਨਿਰਧਾਰਤ ਕਰ ਦਿੱਤੇ ਗਏ ਸਨ। ਇਸ ਸਬੰਧ ਵਿਚ ਕੋਈ ਅਸਪਸ਼ਟਤਾ ਨਹੀਂ ਸੀ ਕਿਉਂਕਿ ਯੋਜਨਾ ਅਸਲ ਵਿੱਚ ਪੰਜਾਬ ਨੂੰ ਵੰਡਣ ਤੋਂ ਪਹਿਲਾਂ ਪੂਰੀ ਤਰਾਂ ਮੁਕੰਮਲ ਨਹੀਂ ਹੋ ਸਕੀ ਸੀ, ਅਤੇ ਹਰਿਆਣਾ ਗੈਰ-ਰਿਪੇਰੀਅਨ ਬਣ ਗਿਆ ਸੀ, ਇਸ ਲਈ ਇਹ ਸਾਡੇ ਸੰਵਿਧਾਨ ਦੇ ਅਨੁਸਾਰ ਇਸ ਪ੍ਰੋਜੈਕਟ ਵਿੱਚ 0.9 ਐਮਏਐਫ ਪਾਣੀ ਦਾ ਹੱਕਦਾਰ ਨਹੀਂ ਰਹਿ ਗਿਆ ਸੀ। ਪਰ ਇਸ ਪ੍ਰਾਜੈਕਟ ਨੂੰ ਪੰਜਾਬ ਪੁਨਰਗਠਨ ਐਕਟ 1966 ਵਿਚ ਧਾਰਾ 78 ਤੋਂ 80 ਨੂੰ ਸ਼ਾਮਲ ਕਰਨ ਲਈ ਇਕ ਆਧਾਰ ਬਣਾਇਆ ਗਿਆ ਸੀ, ਤਾਂ ਕਿ ਹਰਿਆਣੇ ਨੂੰ ਗੈਰ ਕਾਨੂੰਨੀ ਢੰਗ ਨਾਲ ਪੰਜਾਬ ਦੇ ਪਾਣੀ ਉੱਪਰ ਦਾਅਵਾ ਕਰਨ ਦਾ ਅਧਿਕਾਰ ਮਿਲ ਸਕੇ, ਅਤੇ ਕੇਂਦਰ ਸਰਕਾਰ ਨੂੰ ਗੈਰ-ਰਿਪੇਰੀਅਨ ਰਾਜਾਂ ਦੇ ਨਜਾਇਜ ਦਾਵਿਆਂ ਦੇ ਮਾਮਲੇ 'ਚ ਮਾਲਕ ਅਤੇ ਜੱਜ ਦੀ ਭੂਮਿਕਾ ਨਿਭਾਉਣ ਦਾ ਅਧਿਕਾਰ ਮਿਲ ਜਾਵੇ। ਅਸੀਂ ਹੇਠਾਂ ਪੰਜਾਬ ਪੁਨਰਗਠਨ ਐਕਟ ਦੀਆਂ ਧਾਰਾਵਾਂ ਲਿਖ ਰਹੇ ਹਾਂ ਜੋ ਇਹ ਦਰਸਾਉਂਦੀਆਂ ਹਨ ਕਿ ਕਿਵੇਂ ਬਾਅਦ ਵਿਚ ਕੇਂਦਰ ਸਰਕਾਰ ਦੀ ਮਨਜ਼ੂਰੀ ਨਾਲ ਹਰਿਆਣੇ ਦੁਆਰਾ ਐਸਵਾਈਐਲ ਨਹਿਰ ਦੀ ਯੋਜਨਾ ਬਣਾਈ ਗਈ ਅਤੇ ਕਿਵੇਂ ਇਸ ਐਕਟ ਦੀਆਂ ਧਾਰਾਵਾਂ ਨੂੰ ਗੈਰ ਸੰਵਿਧਾਨਕ ਤੌਰ 'ਤੇ ਪੰਜਾਬ ਦੇ ਕੁਦਰਤੀ ਖਜਾਨੇ ਦੀ ਲੁੱਟ ਦਾ



ਬਹਾਨਾ ਬਣਾਇਆ ਗਿਆ।

**ਸੈਕਸ਼ਨ 78 ਦੀਆਂ ਸੰਬੰਧਤ ਧਾਰਾਵਾਂ ਹੇਠ ਲਿਖੇ ਅਨੁਸਾਰ ਹਨ:**

ਭਾਖੜਾ-ਨੰਗਲ ਅਤੇ ਬਿਆਸ ਪ੍ਰੋਜੈਕਟ ਦੇ ਸੰਬੰਧ ਵਿੱਚ ਅਧਿਕਾਰ ਤੇ ਜਿੰਮੇਵਾਰੀਆਂ :

(1) ਇਸ ਵਿੱਚ ਧਾਰਾ 79 ਅਤੇ 80 ਦੇ ਪ੍ਰਬੰਧਾਂ ਬਾਰੇ ਦੱਸਿਆ ਹੈ ਜਿਸ ਦੇ ਅਧੀਨ ਭਾਖੜਾ-ਨੰਗਲ ਪ੍ਰੋਜੈਕਟ ਅਤੇ ਬਿਆਸ ਪ੍ਰੋਜੈਕਟ ਦੇ ਸੰਬੰਧ ਵਿਚ ਮੌਜੂਦਾ ਪੰਜਾਬ ਰਾਜ ਦੇ ਸਾਰੇ ਅਧਿਕਾਰ ਅਤੇ ਜ਼ਿੰਮੇਵਾਰੀਆਂ ਤਹਿ ਕੀਤੇ ਅਨੁਪਾਤ ਅਨੁਸਾਰ ਤੱਤਕਾਲੀਨ ਪੰਜਾਬ ਦੇ ਉੱਤਰਾਧਿਕਾਰੀ ਰਾਜਾਂ (ਹਰਿਆਣਾ, ਹਿਮਾਚਲ, ਚੰਡੀਗੜ ਅਤੇ ਨਵੇਂ ਬਣੇ ਪੰਜਾਬੀ ਸੂਬੇ) ਦੇ ਅਧਿਕਾਰ ਤੇ ਜਿੰਮੇਵਾਰੀਆਂ ਹੋਣ.ਗੀਆਂ ਅਤੇ ਉੱਤਰਾਧਿਕਾਰੀ ਰਾਜ ਅਨੁਪਾਤ ਵਿੱਚ ਲੋੜ ਮੁਤਾਬਕ ਤਬਦੀਲੀਆਂ ਕਰਕੇ ਕੇਂਦਰ ਸਰਕਾਰ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਇੱਕ ਸਮਝੌਤਾ ਕਰਨਗੇ ਅਤੇ ਜੇ ਨਿਰਧਾਰਤ ਕੀਤੇ ਗਏ ਦੋ ਸਾਲਾਂ ਦੇ ਅੰਦਰ-ਅੰਦਰ ਅਜਿਹਾ ਕੋਈ ਵੀ ਸਮਝੌਤਾ ਨਹੀਂ ਕੀਤਾ ਜਾਂਦਾ ਤਾਂ ਕੇਂਦਰ ਸਰਕਾਰ ਪ੍ਰਾਜੈਕਟ ਦੇ ਹਿੱਤ ਵਿਚ ਖੁਦ ਫੈਸਲੇ ਦਾ ਹੁਕਮ ਦੇ ਸਕਦੀ ਹੈ। ਇਹ ਹੁਕਮ ਉੱਤਰ ਅਧਿਕਾਰੀ ਰਾਜਾਂ ਦੁਆਰਾ ਬਾਅਦ ਵਿੱਚ ਕੋਈ ਸਮਝੌਤਾ ਕਰਕੇ ਕੇਂਦਰ ਸਰਕਾਰ ਦੀ ਸਲਾਹ ਨਾਲ ਬਦਲੇ ਵੀ ਜਾ ਸਕਦੇ ਹਨ ।

(2) ਉਪ ਭਾਗ (1) ਵਿੱਚ ਜਿਸ ਸਮਝੌਤੇ ਜਾਂ ਹੁਕਮ ਦੀ ਗੱਲ ਕੀਤੀ ਗਈ ਹੈ ਉਹ ਇਸ ਤਰਾਂ ਦਾ ਹੋਵੇ ਕਿ ਜੇਕਰ ਬਾਅਦ ਵਿੱਚ ਉੱਪਰ ਦੱਸੇ ਦੋਹਾਂ ਪ੍ਰਾਜੈਕਟਾਂ ਵਿੱਚੋਂ ਕਿਸੇ ਦਾ ਵੀ ਕੋਈ ਵਾਧਾ ਜਾਂ ਵਿਸਥਾਰ ਹੁੰਦਾ ਹੈ ਤਾਂ ਉਸ ਵਾਧੇ ਦੇ ਸੰਬੰਧ ਵਿੱਚ ਉੱਤਰਾਧਿਕਾਰੀ ਰਾਜਾਂ ਦੇ ਅਧਿਕਾਰ ਅਤੇ ਜ਼ਿੰਮੇਵਾਰੀਆਂ ਵੀ ਉਸ ਸਮਝੌਤੇ ਵਿੱਚ ਦਰਜ ਹੋਣ ।

(3) ਉਪ ਧਾਰਾ(1) ਅਤੇ (2) ਵਿੱਚ ਜ਼ਿਕਰ ਕੀਤੇ ਅਧਿਕਾਰ ਅਤੇ ਜ਼ਿੰਮੇਵਾਰੀਆਂ ਇਸ ਪ੍ਰਕਾਰ ਹੋਣਗੇ :

(▯) ਪ੍ਰਾਜੈਕਟਾਂ ਦੇ ਨਤੀਜੇ ਵਜੋਂ ਵੰਡ ਲਈ ਉਪਲੱਬਧ ਪਾਣੀ ਪ੍ਰਾਪਤ ਕਰਨ ਅਤੇ ਵਰਤਣ ਦੇ ਅਧਿਕਾਰ,

(ਬ) ਪ੍ਰਾਜੈਕਟਾਂ ਦੇ ਨਤੀਜੇ ਵਜੋਂ ਪੈਦਾ ਹੋਈ ਬਿਜਲੀ ਨੂੰ ਪ੍ਰਾਪਤ ਕਰਨ ਅਤੇ ਵਰਤਣ ਦੇ ਅਧਿਕਾਰ। ਪਰੰਤੂ ਇਸ ਵਿੱਚ ਤੱਤਕਾਲੀਨ ਪੰਜਾਬ (1966 ਤੋਂ ਪਹਿਲਾਂ ਵਾਲੇ ਪੰਜਾਬ) ਦੁਆਰਾ ਨਿਰਧਾਰਤ ਦਿਨ ਤੋਂ ਪਹਿਲਾਂ, ਸਰਕਾਰ ਨੂੰ ਛੱਡ ਕੇ, ਕਿਸੇ ਵੀ ਵਿਅਕਤੀ ਜਾਂ ਅਥਾਰਿਟੀ ਨਾਲ ਹੋਏ ਇਕਰਾਰ ਕਰਕੇ ਪ੍ਰਾਪਤ ਅਧਿਕਾਰ ਅਤੇ ਜ਼ਿੰਮੇਵਾਰੀਆਂ ਸ਼ਾਮਿਲ ਨਹੀਂ ਹੋਣਗੇ ।

(4) ਭਾਗ 78, 79 ਅਤੇ 80 ਵਿੱਚ:

ੂਅੁ ਬਿਆਸ ਪ੍ਰਾਜੈਕਟ" ਤੋਂ ਭਾਵ ਉਸਾਰੀ ਅਧੀਨ ਜਾਂ ਉਸਾਰੇ ਜਾਣ ਵਾਲੇ ਉਹ ਸਾਰੇ ਕੰਮ ਹਨ ਜੋ ਸਤਲੁਜ-ਬਿਆਸ ਲਿੰਕ ਪ੍ਰਾਜੈਕਟ (ਯੂਨਿਟ-1) ਅਤੇ ਪੌਂਗ ਡੈਮ ਪ੍ਰੋਜੈਕਟ (ਯੂਨਿਟ-2) ਦਾ ਹਿੱਸਾ ਹਨ ।

ਸਤਲੁਜ-ਬਿਆਸ ਲਿੰਕ ਪ੍ਰਾਜੈਕਟ (ਯੂਨਿਟ-1 ) ਵਿੱਚ ਹੇਠ ਲਿਖੇ ਪ੍ਰੋਜੈਕਟ ਸ਼ਾਮਲ ਹਨ:

(a)ਪੰਡੋਹ ਡੈਮ ਅਤੇ ਨਾਲ ਛੋਟੇ ਮੋਟੇ ਜਰੂਰੀ ਕੰਮ,

(b)ਪੰਡੋਹ-ਬੱਗੀ ਸੁਰੰਗ,

(c)ਸੁੰਦਰਨਗਰ ਹਾਈਡਲ ਚੈਨਲ (ਨਹਿਰ) ,

(d)ਸੁੰਦਰਨਗਰ-ਸਤਲੁਜ ਸੁਰੰਗ ,

ਬਾਕੀ ਸਫ਼ਾ 24 'ਤੇ

# ਕਿਸਾਨਾਂ ਦੇ ਮੋਰਚੇ ਤੇ ਧਰਮ ਯੁੱਧ ਮੋਰਚੇ ਦੀ ਨਾਕਾਮਯਾਬੀ

## ਸ਼ਾਹ ਮੁਹੰਮਦਾ ਇਕ ਸਰਦਾਰ ਬਾਝੋਂ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ



- ਗੁਰਤੇਜ ਸਿੰਘ

ਸੰਤ ਭਿੰਡਰਾਂਵਾਲਿਆਂ ਅਤੇ ਲੌਂਗੋਵਾਲ ਵਲੋਂ ਮੈਨੂੰ ਧਰਮ ਯੁੱਧ ਮੋਰਚੇ ਦੇ ਸੰਚਾਲਨ ਵਿਚ ਮਦਦ ਕਰਨ ਲਈ ਰਾਜੀ ਕਰਨ ਤੋਂ ਛੇਤੀ ਬਾਅਦ ਮੈਂ ਇਹਨਾਂ ਦੋਵਾਂ ਆਗੂਆਂ ਨੂੰ ਉਨਾਂ ਦੀਆਂ ਮੰਗਾਂ ਦੇ ਵੱਖ-ਵੱਖ ਪੱਖਾਂ ਤੋਂ ਵਾਕਫ ਰੱਖਣ ਲਈ ਇਕ ਵਿਉਂਤ ਬਣਾਈ। ਮੈਂ ਚੰਡੀਗੜ ਵਿਖੇ ਆਪਣੀਆਂ ਸੇਵਾ ਮੁਕਤ ਅਤੇ ਵਿਦਵਾਨ ਸ਼ਖਸੀਅਤਾਂ ਨੂੰ, ਇਕ ਸਮੂਹ ਵਿਚ ਇਕੱਠਾ ਹੋਣ ਲਈ ਬੇਨਤੀ ਕੀਤੀ ਤਾਂ ਜੋ ਇਨਾਂ ਮਸਲਿਆਂ ਨੂੰ ਚੰਗੀ ਤਰਾਂ ਛਾਣਿਆ ਜਾ ਸਕੇ। ਮੈਂ ਇਸ ਸਮੂਹ ਵਿਚ ਹੋਏ ਵਿਚਾਰ-ਵਟਾਂਦਰੇ ਦਾ ਨਤੀਜਾ ਦੋਹਾਂ ਸੰਤਾਂ ਦੇ ਸਾਹਮਣੇ ਰੱਖਿਆ। ਇਹ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਸੀ ਕਿ ਮੋਰਚੇ ਨੂੰ ਚਲਾਉਣ ਲਈ ਇਹਨਾਂ ਵਿਦਵਾਨਾਂ ਦੇ ਸਰੋਕਾਰਾਂ ਬਾਰੇ ਦੋਵੇਂ ਸੰਤ ਜਾਣ ਲੈਣ। ਇਸ ਸਮੂਹ ਨੇ ਜਲਦੀ ਹੀ 'ਸਿੱਖ ਸਿਟੀਜ਼ਨ ਕੌਂਸਲ' ਦੇ ਨਾਂ ਹੇਠ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸ਼ੁਰੂਆਤ ਵਿਚ ਜਿਹੜਾ ਮੁੱਦਾ ਇਸ ਸਮੂਹ ਵਲੋਂ ਚੁੱਕਿਆ ਗਿਆ, ਉਹ ਪੰਜਾਬ ਦੇ ਦਰਿਆਈ ਪਾਣੀਆਂ ਸਬੰਧੀ ਸੀ। ਸਾਡਾ ਇਹ ਯਕੀਨ ਸੀ ਕਿ ਅਕਾਲੀ ਮੋਰਚੇ ਦਾ ਕੇਂਦਰੀ ਮੁੱਦਾ ਇਹੀ ਹੈ। ਅਸੀਂ ਇਸ ਮੁੱਦੇ ਦੇ ਸਾਰੇ ਪੱਖਾਂ ਨੂੰ ਵਿਚਾਰਿਆ ਅਤੇ ਪ੍ਰੋਫੈਸਰ ਜਗਜੀਤ ਸਿੰਘ ਨੂੰ, ਸੁਖੈਣ ਪੰਜਾਬੀ ਵਿਚ ਇਸ ਉਪਰ ਇਕ ਪਰਚਾ ਲਿਖਣ ਦੀ ਬੇਨਤੀ ਕੀਤੀ, ਜਿਸ ਨਾਲ ਆਮ ਬੰਦੇ ਅਤੇ ਗੰਭੀਰ ਵਿਦਵਾਨ ਤਬਕੇ ਨੂੰ ਪੰਜਾਬ ਦੇ ਰਾਵੀ ਅਤੇ ਸਤਲੁਜ ਦਰਿਆਵਾਂ ਦੇ ਬੇਸ਼ਕੀਮਤੀ ਪਾਣੀ ਦੀ ਗੈਰ-ਸੰਵਿਧਾਨਕ ਲੁੱਟ ਤੋਂ ਜਾਣੂ ਕਰਵਾਇਆ ਜਾ ਸਕੇ। ਇਹ ਪਰਚਾ ਸ਼ਾਨਦਾਰ ਢੰਗ ਨਾਲ ਲਿਖਿਆ ਗਿਆ। ਇਸ ਲਈ ਸ਼ੁਰੂ ਵਿਚ ਮੈਂ ਇਸ ਨੂੰ ਵੰਡਣ ਲਈ ਇਸ ਦੀਆਂ 10 ਹਜ਼ਾਰ ਕਾਪੀਆਂ ਛਪਵਾਈਆਂ।

ਇਸ ਦਾ ਮਕਸਦ ਇਸ ਲੁੱਟ ਬਾਰੇ ਚੇਤਨਾ ਇਸ ਵਿਆਪਕ ਪੱਧਰ ਉਪਰ ਫੈਲਾਉਣੀ ਸੀ ਕਿ ਲੀਡਰਸ਼ਿਪ ਅਤੇ ਮੋਰਚੇ ਨੂੰ ਚਲਾ ਰਹੇ ਆਗੂਆਂ ਨੂੰ ਇਸ ਅਹਿਮ ਮਸਲੇ ਬਾਰੇ ਪੂਰੀ ਸੰਤੁਸ਼ਟੀ ਹਾਸਲ ਕਰਨੀ ਸੰਭਵ ਹੋ ਜਾਵੇ। ਅਸੀਂ ਸੋਚਦੇ ਸੀ ਕਿ ਇਹ ਮਸਲਾ ਪੰਜਾਬ ਦੇ ਜਿਉਣ ਅਤੇ ਮਰਨ ਦਾ ਮਸਲਾ ਹੈ। ਦੋਹਾਂ ਹੀ ਸੰਤਾਂ ਨੇ, ਪਰਚੇ ਵਿਚ ਜੋ ਲਿਖਿਆ ਸੀ, ਪ੍ਰਵਾਨ ਕਰ ਲਿਆ ਅਤੇ ਇਸ ਦੀਆਂ ਕਾਪੀਆਂ ਵੰਡਣ ਉਪਰ ਸਹਿਮਤੀ ਦੇ ਦਿੱਤੀ। ਸੰਤ ਲੌਂਗੋਵਾਲ ਜੋ ਚਿੱਠੀਆਂ ਜੇਲ ਵਿਚ ਬੰਦ ਵੱਖਰੇ ਵਿਚਾਰਾਂ ਵਾਲੇ ਬੰਦਿਆਂ ਨੂੰ ਭੇਜਦੇ ਸਨ, ਉਹਨਾਂ ਨਾਲ ਉਹਨਾਂ ਨੇ ਇਹ ਪਰਚਾ ਵੀ ਨੱਥੀ ਕਰਨਾ ਸ਼ੁਰੂ ਕਰ ਦਿੱਤਾ, ਤਾਂ ਜੋ ਜਿਹਨਾਂ ਨੂੰ ਚਿੱਠੀ ਮਿਲੇ, ਉਨਾਂ ਨੂੰ ਪੰਜਾਬੀਆਂ ਦੇ ਸਰੋਕਾਰਾਂ ਦਾ ਗਿਆਨ ਹੋ ਸਕੇ। ਸੰਤ ਭਿੰਡਰਾਂਵਾਲਿਆਂ ਨੇ, ਉਨਾਂ ਨੂੰ ਮਿਲਣ ਆਉਂਦੇ ਥੋੜੇ ਪੜੇ-ਲਿਖੇ ਲੋਕਾਂ ਨੂੰ ਦੇਣ ਲਈ ਅਨੇਕਾਂ ਕਾਪੀਆਂ ਆਪਣੇ ਕੋਲ ਰੱਖ ਲਈਆਂ। ਮੈਂ ਇਸ ਨੂੰ ਨਿੱਜੀ ਤੌਰ 'ਤੇ ਦੂਰ-ਦੁਰਾਡੇ ਤੱਕ ਵੰਡਣ ਨੂੰ ਆਪਣੇ ਨਿਯਮਿਤ ਸਰਗਰਮੀ ਦਾ ਹਿੱਸਾ ਬਣਾ ਲਿਆ। ਮੇਰਾ ਪਿੰਡ ਭਾਰਤ-ਪਾਕਿਸਤਾਨ ਸਰਹੱਦ ਨੇੜੇ ਸੀ। ਪਰਿਵਾਰ ਨੂੰ ਪਿੰਡ ਅਕਸਰ ਲਿਆਉਣਾ ਪੈਂਦਾ ਸੀ। ਅਸੀਂ ਦੋ ਵੱਖ-ਵਿੱਖ ਰਸਤਿਆਂ ਥਾਣੀ ਆ ਸਕਦੇ ਸੀ। ਕਾਰ ਵਿਚ ਕਾਫੀ ਗਿਣਤੀ ਵਿਚ ਇਸ ਦੀਆਂ ਕਾਪੀਆਂ ਰੱਖਦੇ ਹੁੰਦੇ ਸੀ। ਰਸਤੇ ਵਿਚ ਬੱਸ ਸਟਾਪਾਂ ਦੇ ਨਾਲ ਬੱਸ ਦੀ ਉਡੀਕ ਵਿਚ ਖੜੇ ਲੋਕਾਂ ਅੱਗੇ ਇਹ ਪਰਚੇ ਸੁੱਟਣ ਦੀ ਮੇਰੇ ਬੱਚਿਆਂ ਨੇ ਇਕ ਤਰਾਂ ਨਾਲ ਖੇਡ ਹੀ ਲੱਭ ਲਈ ਸੀ । ਸਾਨੂੰ ਇਹ ਆਸ ਹੁੰਦੀ ਸੀ ਕਿ ਕੁਝ ਲੋਕ ਤਾਂ ਇਸ ਪਰਚੇ ਨੂੰ ਜਰੂਰ ਪੜਨਗੇ। ਅਸੀਂ ਇਸ ਪਰਚੇ ਦੀਆਂ ਕਾਪੀਆਂ ਪਿੰਡਾਂ ਦੇ ਗੁਰਦੁਆਰਿਆਂ ਨੂੰ ਵੀ ਦੇ ਕੇ ਆਏ, ਤਾਂ ਜੋ ਇਨਾਂ ਨੂੰ ਲਾਊਡ ਸਪੀਕਰਾਂ ਵਿਚ, ਜਦੋਂ ਕਦੇ ਮੌਕਾ ਮੇਲ ਬਣੇ, ਲੋਕਾਂ ਨੂੰ ਪੜ ਕੇ ਸੁਣਾਇਆ ਜਾਵੇ।

ਮੈਂ ਮੋਢੇ ਉਪਰ ਟੰਗਣ ਵਾਲਾ ਇਕ ਝੋਲਾ ਖਰੀਦ ਲਿਆ ਅਤੇ ਹਰ ਛੋਟੇ-ਵੱਡੇ ਇਕੱਠਾਂ ਜਿਨਾਂ ਵਿਚ ਮੈਂ ਜਾਣਾ ਹੁੰਦਾ ਸੀ, ਵਿਚ ਇਸ ਪਰਚੇ ਨੂੰ ਵੰਡਣ ਦਾ ਆਪਣੇ ਪੱਕਾ ਕੰਮ ਬਣਾ ਲਿਆ। ਬਹੁਤਾ ਕਰਕੇ ਲੋਕ ਥੋੜਾ ਜਿਹਾ ਮੂੰਹ ਬਣਾਉਂਦਿਆਂ ਇਸ ਪਰਚੇ ਨੂੰ ਪ੍ਰਵਾਨ ਕਰ ਲੈਂਦੇ ਸਨ, ਕਿਉਂਕਿ ਇਹ ਮੁਫਤ ਵੰਡਿਆ ਜਾਂਦਾ ਸੀ। ਪਰ ਮੈਂ ਦੇਖਿਆ ਕਿ ਅਕਾਲੀ ਆਗੂਆਂ ਅਤੇ ਹੋਰ ਆਗੂਆਂ ਦਾ ਇਸ ਕੰਮ ਪ੍ਰਤੀ ਰਵੱਈਆ ਉਦਾਸੀਨ-ਭਰਪੂਰ ਸੀ। ਉਸ ਅਰਸੇ ਦੀਆਂ ਅਨੇਕਾਂ ਦਿਲਚਸਮ ਕਹਾਣੀਆਂ ਹਨ, ਜੋ ਸੁਣਾਉਣਯੋਗ ਹਨ। ਮੈਂ ਇਥੇ ਦੋ ਅਜਿਹੀਆਂ ਕਹਾਣੀਆਂ ਸੁਣਾਵਾਂਗਾ।

ਇਕ ਚੰਡੀਗੜ ਵਿਖੇ ਸੈਕਟਰ 19 ਦੇ ਗੁਰਦੁਆਰਾ ਸਾਹਿਬ ਨਾਲ ਸਬੰਧਤ ਹੈ, ਜਿਥੇ ਇਹ ਤਸਵੀਰ ਲਈ ਗਈ ਅਤੇ 12 ਮਈ, 1985 ਨੂੰ ਦੀ ਇੰਡੀਅਨ ਐਕਸਪ੍ਰੈਸ ਵਿਚ ਕੰਵਰ ਸੰਧੂ ਜੋ ਕਿ ਸਾਡੇ ਸਮਿਆਂ ਦਾ ਨਿਰਪੱਖ ਪੱਤਰਕਾਰ ਸੀ, ਨੇ ਛਾਪੀ। ਅਕਾਲੀਆਂ ਦਾ ਇਕ ਵੱਡਾ ਇਕੱਠ ਉਥੇ ਉਸ ਦਿਨ ਹੋਣਾ ਸੀ। ਮੋਰਚੇ ਦੇ ਕੁਝ ਸ਼ਹੀਦਾਂ ਦੀਆਂ ਅਸਥੀਆਂ ਕੀਰਤਪੁਰ ਸਾਹਿਬ ਵਿਖੇ ਲਿਜਾਈਆਂ ਜਾ ਰਹੀਆਂ ਸਨ ਅਤੇ ਰਸਤੇ ਵਿਚ ਉਹਨਾਂ ਨੂੰ ਸ਼ਰਧਾਂਜਲੀ ਦੇਣ ਲਈ ਜਨਤਕ ਇਕੱਤਰਤਾਵਾਂ ਕੀਤੀਆਂ ਜਾ ਰਹੀਆਂ ਸਨ। ਮੈਂ ਸੋਚਿਆ, ਅਹਿਮ ਆਗੂਆਂ ਤੱਕ ਇਹ ਪਰਚਾ ਪਹੁੰਚਾਉਣ ਲਈ ਇਹ ਇਕ ਵਧੀਆ ਮੌਕਾ ਹੈ। ਇਸ ਲਈ ਮੈਂ ਗੁਰਦੁਆਰਾ ਸਾਹਿਬ ਦੇ ਮੁੱਖ ਦੁਆਰ ਉਪਰ ਖੜਾ ਹੋ ਗਿਆ ਅਤੇ ਅੰਦਰ ਆਉਣ ਵਾਲੇ ਹਰੇਕ ਬੰਦੇ ਨੂੰ ਪਰਚਾ ਫੜਾਉਣਾ ਸ਼ੁਰੂ ਕਰ ਦਿੱਤਾ ਅਤੇ ਉਹ ਇਸ ਨੂੰ ਪ੍ਰਵਾਨ ਕਰੀ ਗਏ। ਮੈਨੂੰ ਉਥੇ ਖੜੇ ਹੋਇਆਂ ਨੂੰ ਅਜੇ ਮਸਾਂ ਅੱਧਾ ਘੰਟਾ ਹੀ ਹੋਇਆ ਸੀ, ਜਦੋਂ ਅਸਥੀਆਂ ਲਿਜਾ ਰਹੀ ਬੱਸ ਜਿਸ ਉਪਰ ਵੱਡੇ ਆਗੂ ਵੀ ਬੈਠੇ ਸਨ, ਉਥੇ ਪਹੁੰਚ ਗਈ। ਕੁਝ ਸੀਨੀਅਰ ਆਗੂ ਆਪਣੀਆਂ ਨਿੱਜੀ ਕਾਰਾਂ ਵਿਚ ਉਥੇ ਆ ਗਏ।

ਬੱਸ, ਗੁਰਦੁਆਰਾ ਸਾਹਿਬ ਦੇ ਸਾਹਮਣੇ ਖੜੀ ਕਰ ਦਿੱਤੀ ਗਈ, ਪਰ ਥਲੇ ਉਤਰਣ ਵਿਚ ਕਾਫੀ ਦੇਰੀ ਹੋ ਰਹੀ ਸੀ। ਜਿਹੜੇ ਸੀਨੀਅਰ ਆਗੂ ਆਪਣੀਆਂ ਨਿੱਜੀ ਗੱਡੀਆਂ ਵਿਚ ਆਏ ਸਨ, ਉਹ ਵੀ ਹੈਰਾਨ ਜਿਹੇ ਹੋ ਗਏ ਅਤੇ ਦੂਰੀ ਉਪਰ ਖੜੇ ਹੋ ਗਏ। ਉਹ ਕੁਝ ਪਸ਼ੇਮਾਨੀ ਵਿਚ ਸਨ। ਸਾਰਿਆਂ ਨੂੰ ਸੁੰਨ ਜਿਹਾ ਕਰ ਦੇਣ ਵਾਲੇ ਇਸੇ ਪਲ਼ ਦੌਰਾਨ ਇਹ ਤਸਵੀਰ ਖਿੱਚੀ ਗਈ। ਇਸ ਦਾ ਹੱਲ ਉਸੇ ਵੇਲੇ ਕੱਢ ਲਿਆ ਗਿਆ। ਗੁਰਦੁਆਰੇ ਦਾ ਦੂਜਾ ਦਰਵਾਜਾ, ਜੋ ਕਿ ਸਕੂਲੀ ਵਿਦਿਆਰਥੀ ਜੋ ਇਸ ਗੁਰਦੁਆਰੇ ਵਲੋਂ ਚਲਾਏ ਜਾਂਦੇ ਸਕੂਲ ਵਿਚ ਪੜਦੇ ਸਨ, ਅਤੇ ਭਾਰੇ ਵਾਹਨਾਂ ਜਿਵੇਂ ਟਰੱਕ ਜੋ ਕਿ ਵੱਖ-ਵੱਖ ਤਰਾਂ ਦੇ ਸਮਾਨ ਲਿਆਉਂਦੇ ਸਨ, ਦੇ ਲੰਘਣ ਵਾਸਤੇ ਸੀ ਅਤੇ ਸੜਕ ਤੋਂ 20 ਗਜ ਦੀ ਦੂਰੀ ਉਪਰ ਸੀ। ਹਾਜਰ ਸੋਚ ਵਾਲੇ ਅਕਾਲੀ ਆਗੂਆਂ ਨੇ ਗੁਰਦੁਆਰਾ ਪ੍ਰਬੰਧਕਾਂ ਨੂੰ ਇਹ ਦਰਵਾਜਾ ਉਹਨਾਂ ਅਤੇ ਨਾਲ ਆਏ ਵਰਕਰਾਂ ਲਈ ਖੋਲਣ ਲਈ ਕਿਹਾ।

ਪ੍ਰਬੰਧਕਾਂ ਨੇ ਹੁਕਮ ਦੀ ਤਾਮੀਲ ਕੀਤੀ। 'ਬਹੁਤ ਅਹਿਮ ਬੰਦਿਆਂ' ਦੀ ਭੀੜ ਉਸ ਦਰਵਾਜੇ ਥਾਣੀ ਅੰਦਰ ਦਾਖਲ ਹੋਈ। ਇਸ ਤਰਾਂ ਉਹਨਾਂ ਨੇ ਮੇਰੇ ਕੋਲੋਂ ਅਹਿਮ ਪਰਚਾ ਪ੍ਰਾਪਤ ਕਰਨ ਤੋਂ ਪਾਸਾ ਵੱਟ ਲਿਆ, ਜਿਵੇਂ ਇਸ ਨੂੰ ਪ੍ਰਾਪਤ ਕਰਨਾ ਉਹਨਾਂ ਦੀ 'ਬੇਇਜ਼ਤੀ' ਹੋਵੇ। ਸ਼ਾਇਦ ਮੈਂ ਇਕੱਲਾ ਹੱਕਾ-ਬੱਕਾ ਖੜਾ ਸਾਂ, ਕਿਉਂਕਿ ਇਸ ਬੇਕਸੂਰ ਪਰਚੇ ਨੇ ਉਹਨਾਂ ਦਾ ਕੁਝ ਨਹੀਂ ਸੀ ਵਿਗਾੜਨਾ। ਇਹ ਸ਼ਾਇਦ ਇਸ ਲਈ ਕੀਤਾ ਗਿਆ ਕਿਉਂਕਿ ਮੈਂ 'ਉਚੇ ਅਤੇ ਤਾਕਤਵਰ' ਲੋਕਾਂ ਦੀ ਚਾਲ-ਢਾਲ ਤੋਂ ਵਾਕਫ ਨਹੀਂ ਸੀ। ਮੈਂ ਲੰਮਾ ਸਮਾਂ ਘਬਰਾਇਆ ਰਿਹਾ ਅਤੇ ਮੈਨੂੰ ਇਹ ਯਕੀਨ ਨਹੀਂ ਆ ਰਿਹਾ ਕਿ ਮੈਂ ਇਸ ਘਟਨਾ ਦੇ ਵਿਸਤਾਰ ਅੱਜ ਤੱਕ ਵੀ ਮੇਰੇ ਚੇਤੇ ਵਿਚ ਵੱਸੇ ਹੋਏ ਹਨ।

ਰਾਤ ਹੋਣ ਤੋਂ ਪਹਿਲਾਂ, ਮੈਨੂੰ ਇਕ ਹੋਰ ਸਦਮਾ ਲੱਗਾ। ਕਿਰਪਾ ਨਾਲ ਜਿਸ ਦੀ ਮੇਰੇ ਕੋਲ ਵਿਆਖਿਆ ਮੌਜੂਦ ਸੀ। ਇਸੇ ਮਕਸਦ ਨਾਲ ਉਸੇ ਸ਼ਾਮ ਸੈਕਟਰ 15 ਦੇ ਗੁਰਦੁਆਰਾ ਸਾਹਿਬ ਵਿਚ ਇਕ ਹੋਰ ਇਕੱਠ ਸੀ। ਸਾਰੇ ਹੀ ਬੁਲਾਰੇ ਜੋ ਸ਼ਰਧਾਂਜਲੀ ਭੇਂਟ ਕਰਨ ਆਏ ਸਨ, ਕੁਦਰਤੀ ਤੌਰ 'ਤੇ ਸੋਗ ਮਨਾ ਰਹੇ ਸਨ ਅਤੇ ਇਸ ਦੇ ਮੁਤਾਬਕ ਹੀ ਬੋਲ ਰਹੇ ਸਨ। ਸੁਰਜੀਤ ਸਿੰਘ ਬਰਨਾਲਾ ਨੇ ਇਕੱਠ ਨੂੰ ਖੁਸ਼ ਕਰਨ ਦੇ ਦਾਅ ਅਧੀਨ ਇਸ ਘਟਨਾ ਦੇ ਵਧੇਰੇ ਰੌਸ਼ਨ ਪਾਸੇ ਨੂੰ ਦੇਖਣ ਦੀ ਕੋਸ਼ਿਸ਼ ਕੀਤੀ। ਅਜਿਹੀ ਕੋਸ਼ਿਸ਼ ਅਣਉਚਿਤ ਅਤੇ ਨਿਸ਼ਚਿਤ ਤੌਰ 'ਤੇ ਗੈਰ-ਸੰਵੇਦਨਸ਼ੀਲ ਸੀ। ਉਸ ਦੀ ਤਕਰੀਰ ਇਹ ਕਹਿ ਰਹੀ ਸੀ ਕਿ ਸੋਗ ਮਨਾਉਣ ਦੀ ਕੋਈ ਲੋੜ ਨਹੀਂ ਹੈ। ਸਿੱਖਾਂ ਨੂੰ ਇਸ ਗੱਲ ਦੀ ਸ਼ਲਾਘਾ ਕਰਨੀ ਚਾਹੀਦੀ ਹੈ ਅਤੇ ਇਸ ਦਾ ਦੂਜਾ ਪਾਸਾ ਦੇਖਣਾ ਚਾਹੀਦਾ ਹੈ। 'ਸਾਡੇ ਸ਼ਹੀਦਾਂ ਦੀ ਗਿਣਤੀ ਹੁਣ 34 ਹੋਰ ਵਧ ਗਈ ਹੈ'। ਮੈਂ ਇਹ ਦੇਖਿਆ ਜਦੋਂ ਉਹ ਬੋਲ ਰਿਹਾ ਸੀ, ਉਸਦੀ ਸ਼ਕਲ ਉਪਰ ਖੁਸ਼ੀ ਦੀ ਝਲਕ ਸੀ। ਮੈਂ ਇਹ ਨਹੀਂ ਕਹਿੰਦਾ ਕਿ ਇਹ ਹਾਵ-ਭਾਵ ਉਕਤਾਉਣ ਵਾਲਾ ਨਹੀਂ ਸੀ। ਜਦੋਂ ਮੈਨੂੰ ਸੰਖੇਪ ਰੂਪ ਵਿਚ ਦਖਲ ਦੇਣ ਦੀ ਇਜਾਜਤ ਮਿਲੀ ਤਾਂ ਮੈਂ ਪੁੱਛਿਆ, 'ਜੇਕਰ ਇਹਨਾਂ ਹਾਲਤਾਂ ਵਿਚ ਸ਼ਹਾਦਤ ਇਕ ਸ਼ਾਨਾਂਮੱਤੀ ਚੀਜ ਹੈ ਤਾਂ ਇਹਨਾਂ ਸ਼ਹੀਦਾਂ ਵਿਚ ਇਕ ਰੁਤਬੇ ਵਾਲਾ ਆਗੂ ਸ਼ਾਮਲ ਕਿਉਂ ਨਹੀਂ ਹੈ'। ਮੈਂ ਇਹ ਸਮਝਣ ਵਿਚ ਅਸਫਲ ਰਿਹਾ ਕਿ ਆਧੁਨਿਕ ਭਾਰਤ ਵਿਚ ਸ਼ਹਾਦਤ ਲਈ ਸਾਨੂੰ ਸਿੱਖਾਂ ਨੂੰ ਹੀ ਕਿਉਂ ਚੁਣਿਆ ਜਾਂਦਾ ਹੈ ? ਸਾਡਾ ਆਪਣਾ ਸੱਤਾ ਪ੍ਰਬੰਧ ਕਿਉਂ ਨਹੀਂ ਹੈ ਅਤੇ ਦੂਜਿਆਂ ਨੂੰ ਸ਼ਹਾਦਤ ਦੇਣ ਦਾ ਮੌਕਾ ਕਿਉਂ ਨਹੀਂ ਦਿੰਦੇ। ਮੇਰੇ ਮੁਤਾਬਕ ਬਰਨਾਲਾ ਦੀ ਤਕਰੀਰ ਨੇ ਸਾਡੀ ਲੀਡਰਸ਼ਿਪ ਜੋ ਕਿ ਆਪਣੇ ਪੈਰੋਕਾਰਾਂ ਦੀ ਜਿੰਦਗੀ ਦੇ ਨੁਕਸਾਨ ਅਤੇ ਦੁੱਖ-ਤਕਲੀਫਾਂ ਦੀ ਪ੍ਰਵਾਹ ਕੀਤੇ ਬਗੈਰ ਸਿਆਸਤ ਵਿਚ ਆਪਣੀ ਪ੍ਰਧਾਨਤਾ ਬਰਕਰਾਰ ਰੱਖਣ ਦੀ ਇਛੁੱਕ ਸੀ, ਦੀ ਬੇਦਰਦੀ ਦਾ ਚਸਕਾ ਲਿਆ ਸੀ। ਇਹ ਮਨ ਦਾ ਤ੍ਰਾਹ ਕੱਢਣ ਵਾਲੀ ਸਥਿਤੀ ਸੀ। ਉਸ ਤੋਂ ਬਾਅਦ ਜੋ ਵੀ ਵਾਪਰਿਆ, ਉਸ ਨੇ ਉਸ ਦਿਨ ਮੇਰੀ ਆਪਣੀ ਲੀਡਰਸ਼ਿਪ ਬਾਰੇ ਬਣੀ ਸਮਝ ਦੀ ਪੁਸ਼ਟੀ ਕਰ ਦਿੱਤੀ।

ਹੁਣ ਜਦੋਂ ਕਿ ਇਸ ਵਾਕਿਆਤ ਬਾਰੇ ਚਰਚਾ ਕਰ ਰਹੇ ਹਾਂ, ਤਾਂ ਇਸੇ ਮੁੱਦੇ ਨਾਲ ਸਬੰਧਤ ਇਕ ਹੋਰ ਮਿਸਾਲ ਦਾ ਜਿਕਰ ਕਰਨਾ ਵੀ ਢੁਕਵਾਂ ਹੋਵੇਗਾ। ਕੁਝ ਹੋਰ ਜਥੇਬੰਦੀਆਂ ਦਾ ਸਮਰਥਨ ਪ੍ਰਾਪਤ ਭਾਰਤੀ ਕਿਸਾਨ ਯੂਨੀਅਨ ਨੇ ਚੰਡੀਗੜ ਵਿਖੇ ਰਾਜ ਭਵਨ ਦਾ ਘਿਰਾਓ ਕਰਨ ਦਾ ਫੈਸਲਾ ਕੀਤਾ। ਇਸ ਮਕਸਦ ਨਾਲ ਸਾਰੇ ਸੂਬੇ ਵਿਚੋਂ ਕਿਸਾਨ ਆਪਣੇ ਟਰੈਕਟਰ-ਟਰਾਲੀਆਂ ਉਪਰ ਚੜ ਕੇ ਚੰਡੀਗੜ ਆਏ। ਮੈਂ ਸੈਕਟਰ 8 ਨੂੰ ਵੰਡਦੀ ਮੁੱਖ ਸੜਕ ਉਪਰ ਰਹਿੰਦਾ ਸੀ, ਜੋ ਕਿ ਰਾਜ ਭਵਨ ਤੋਂ ਤਕਰੀਬਨ ਮੀਲ ਕੁ ਦੀ ਵਿੱਥ ਉਪਰ ਹੈ। ਮੇਰੇ ਲਈ ਇਹ ਲੋਕਾਂ ਨੂੰ ਇਹ ਪਰਚਾ ਵੰਡਣ ਦਾ ਸੁਨਹਿਰੀ ਮੌਕਾ ਸੀ। ਅਜਿਹੇ ਲੋਕ ਜਿਹਨਾਂ ਬਾਰੇ ਮੈਂ ਇਹ ਸੋਚਦਾ ਸੀ ਕਿ ਉਹ ਦਰਿਆਈ ਪਾਣੀਆਂ ਜਿਹਨਾਂ ਤੋਂ ਬਿਨਾਂ ਖੇਤੀ ਕਰਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ, ਦੀ ਘਟਦੀ ਸਪਲਾਈ ਤੋਂ ਬੇਚੈਨ ਹੋਣਗੇ। ਇਸ ਲਈ ਮੈਂ ਪਰਚੇ ਦੀਆਂ ਕਾਪੀਆਂ ਕਾਰ ਵਿਚ ਲੱਦੀਆਂ ਅਤੇ ਕਿਸਾਨਾਂ ਨੂੰ ਵੰਡਣੀਆਂ ਸ਼ੁਰੂ ਕਰ ਦਿੱਤੀਆਂ। ਬਹੁਤੇ ਕਿਸਾਨ ਮੇਰੇ ਘਰ ਅੱਗਿਓਂ ਦੀ ਲੰਘ ਕੇ ਰਾਜ ਭਵਨ ਜਾ ਰਹੇ ਸਨ। ਮੈਂ ਸੜਕ ਉਪਰ ਜਾ ਰਹੀਆਂ ਟਰਾਲੀਆਂ ਵਿਚ ਢੁਕਵੀਂ ਗਿਣਤੀ ਵਿਚ ਪਰਚੇ ਸੁਟਣ ਦਾ ਤਰੀਕਾ ਅਪਣਾਇਆ। ਮੈਂ ਸੋਚਿਆ ਕਿ ਕਿਸਾਨ ਇਸ ਗੱਲ ਨੂੰ ਲੈ ਕੇ ਬੜੇ ਖੁਸ਼ ਹੋਣਗੇ ਕਿ ਮੈਂ ਮੁਫਤ ਵਿਚ ਘਰ ਦੇ ਬਾਹਰ ਉਹਨਾਂ ਨੂੰ ਪਰਚੇ ਵੰਡਣ ਦੀ ਸੇਵਾ ਕਰ ਰਿਹਾ ਹਾਂ। ਪਰ ਇਹ ਸੋਚਣਾ ਮੇਰੀ ਗਲਤੀ ਸੀ।

ਕਿਸਾਨਾਂ ਦੇ ਅਨੇਕਾਂ ਜਥਿਆਂ ਨੇ ਮੈਨੂੰ ਪ੍ਰਾਪੇਗੰਡਾ ਕਰਨ ਤੋਂ ਬਾਜ ਆਉਣ ਦੀ ਚਿਤਾਵਨੀ ਦਿੱਤੀ। ਮੇਰੀ ਇਹ ਦਲੀਲ ਸੀ ਕਿ ਇਹ ਪਰਚੇ ਉਨਾਂ ਨਾਲ ਸਰੋਕਾਰ ਰੱਖਦੇ ਅਹਿਮ ਮਸਲੇ ਬਾਰੇ ਹੈ। ਪਰ ਇਸ ਦਾ ਉਹਨਾਂ ਉਪਰ ਕੋਈ ਅਸਰ ਨਹੀਂ ਹੋਇਆ। ਕਈਆਂ ਨੇ ਤਾਂ ਮੈਨੂੰ ਰੁੱਖੇ ਸ਼ਬਦਾਂ ਵਿਚ ਇਹ ਕੰਮ ਬੰਦ ਕਰਨ ਲਈ ਕਿਹਾ। ਪਰ ਮੈਂ ਆਪਣਾ ਕੰਮ ਜਾਰੀ ਰੱਖਿਆ, ਇਸ ਆਸ ਵਿਚ ਕੁਝ ਇਸ ਨੂੰ ਪੜ ਲੈਣਗੇ ਅਤੇ ਇਸ ਗੱਲ ਦਾ ਅਹਿਸਾਸ ਕਰਨਗੇ ਕਿ ਇਸ ਪਰਚੇ ਵਿਚ ਦਿੱਤੇ ਤੱਥਾਂ ਨੂੰ ਜਾਣਨਾ ਉਨਾਂ ਲਈ ਕਿੰਨਾ ਅਹਿਮ ਹੈ। ਕਿਵੇਂ ਨਾ ਕਿਵੇਂ, ਮਾੜੀ ਕਿਸਮਤ ਨੂੰ, ਮੈਂ ਇਹ ਮੰਨ ਲਿਆ ਕਿ ਮੈਨੂੰ ਅਜਿਹੇ ਹੈਂਕੜਬਾਜ ਅਤੇ ਗੁੱਸੇਖੋਰ ਕਿਸਾਨ ਟੱਕਰਦੇ ਰਹਿਣਗੇ। ਮੈਂ ਇਸ ਨੂੰ ਵੰਡਣਾ ਬੰਦ ਨਹੀਂ ਕੀਤਾ, ਉਦੋਂ ਤੱਕ ਜਦੋਂ ਤੱਕ ਇਹ ਨਹੀਂ ਕਿਹਾ ਗਿਆ ਕਿ ਮੇਰੇ ਕਾਰ ਦੇ ਸ਼ੀਸ਼ੇ ਤੋੜ ਦਿੱਤੇ ਜਾਣਗੇ ਅਤੇ ਕਾਰ ਵੀ ਤੋੜ ਦਿੱਤੀ ਜਾਵੇਗੀ। ਜਦੋਂ ਤੱਕ ਮੈਨੂੰ ਇਹ ਨਹੀਂ ਕਿਹਾ ਗਿਆ ਕਿ ਮੈਨੂੰ ਫੜ ਕੇ ਕਿਸਾਨ ਪੰਚਾਇਤ ਅੱਗੇ ਪੇਸ਼ ਕੀਤਾ ਜਾਵੇਗਾ, ਜੇਕਰ ਮੈਂ ਪਰਚੇ ਵੰਡਣੇ ਨਾ ਬੰਦ ਕੀਤੇ।

ਇਸ ਪੜਾਅ ਉਪਰ, ਮੈਂ ਸੋਚਿਆ ਕਿ ਸਿਆਣਪ ਦਲੇਰੀ ਦਾ ਬਿਹਤਰ ਹਿੱਸਾ ਹੁੰਦੀ ਹੈ ਅਤੇ ਮੈਂ ਉਨਾਂ ਨੂੰ ਕਿਸਾਨ ਪੰਚਾਇਤ ਕੋਲ ਲਿਜਾਣ ਵਾਸਤੇ ਕਿਹਾ। ਮੈਨੂੰ ਉਚਿਤ ਰੂਪ ਵਿਚ ਪੇਸ਼ ਕੀਤਾ ਗਿਆ। ਇਸ ਦੀ ਪ੍ਰਧਾਨਗੀ ਅਜਮੇਰ ਸਿੰਘ ਲੱਖੋਵਾਲ ਕਰ ਰਹੇ ਸਨ। ਕਿਸਾਨ ਜਥੇਬੰਦੀ ਵਿਚ ਮੈਂ ਆਪਣੇ ਦੋਸਤ ਜਸਪਾਲ ਸਿੰਘ ਆਈ.ਪੀ.ਐਸ. ਦੇ ਦੋ ਚਾਚਿਆਂ ਨੂੰ ਪਛਾਣ ਲਿਆ ਅਤੇ ਉਨਾਂ ਨੇ ਮੈਨੂੰ ਇਹ ਭਰੋਸਾ ਦਿਵਾਇਆ ਕਿ ਮੇਰੇ ਨਾਲ ਮਾੜਾ ਵਿਹਾਰ ਨਹੀਂ ਹੋਵੇਗਾ। ਉਹ ਤਰਨ ਤਾਰਨ ਦੇ ਫਤਿਹਾਬਾਦ ਤੋਂ ਸਨ। ਇਸ ਦੇ ਬਾਵਜੂਦ, ਮੈਨੂੰ ਹੋਰ ਅਹੁਦੇਦਾਰਾਂ ਨੇ ਰੁੱਖੇ ਢੰਗ ਨਾਲ ਸਵਾਲ ਪੁੱਛੇ। ਉਨਾਂ ਨੇ ਕਿਹਾ ਕਿ ਦਰਿਆਈ ਪਾਣੀਆਂ ਬਾਰੇ ਚੇਤਨਾ ਫੈਲਾਉਣ ਦਾ ਉਨਾਂ ਦਾ ਕੋਈ ਪ੍ਰੋਗਰਾਮ ਨਹੀਂ ਹੈ ਅਤੇ ਮੈਨੂੰ ਇਹ ਪਰਚੇ ਵੰਡਣੇ ਬੰਦ ਕਰਨੇ ਹੋਣਗੇ। ਉਹਨਾਂ ਨੇ ਮੇਰੇ ਉਪਰ ਅਕਾਲੀ ਨੀਤੀ ਨੂੰ ਉਨਾਂ ਦੇ ਖਰਚੇ ਉਪਰ, ਲੋਕਾਂ ਉਪਰ ਲਾਗੂ ਕਰਨ ਦੇ ਦੋਸ਼ ਲਾਏ। ਇਕ 'ਰੌਸ਼ਨ' ਅਤੇ ਖਰਵੀਂ ਜਬਾਨ ਵਾਲੇ ਆਦਮੀ ਨੇ ਕਿਹਾ ਕਿ ਇਸ ਪਰਚੇ ਉਪਰ ਮੇਰਾ ਅਤੇ ਹੋਰ ਦੇ ਨਾਂ ਹਨ, ਇਸ ਲਈ ਇਨਾਂ ਨੂੰ ਵੰਡ ਕੇ ਮੈਂ ਸਿਰਫ ਆਪਣੀ ਮਸ਼ਹੂਰੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ।

ਮੈਂ ਆਪਣੇ ਆਗੂਆਂ ਨੂੰ ਏਨੇ ਮੂਰਖ ਅਤੇ ਬੁਝੜ ਦੇਖ ਕੇ ਧੁਰ ਅੰਦਰ ਤੱਕ ਰੋਇਆ। ਪਰ ਮੈਂ ਆਪਣਾ ਮਾਮਲਾ ਬਦਲੀਲ ਢੰਗ ਨਾਲ ਰੱਖਿਆ। ਕਿ ਕਿਸਾਨ ਬਰਬਾਦ ਹੋ ਜਾਣਗੇ, ਜੇਕਰ ਦਰਿਆਈ ਪਾਣੀ ਨਾ ਰਿਹਾ। ਕਿ ਮੈਂ ਉਨਾਂ ਨੂੰ ਇਹ ਨਹੀਂ ਆਖ ਰਿਹਾ ਕਿ ਉਹ ਇਸ ਮੁੱਦੇ ਉਪਰ ਮੋਰਚਾ ਲਾਵੋ। ਮੈਂ ਤਾਂ ਉਨਾਂ ਨੂੰ ਸਿਰਫ ਉਨਾਂ ਦੇ ਸਿਰ ਉਪਰ ਮੰਡਰਾ ਰਹੀ ਪਰਲੋ ਅਤੇ ਉਨਾਂ ਦੇ ਪੰਜਾਬ ਦੀ ਹਰ ਸਾਲ 49000 ਕਰੋੜ ਰੁਪਏ ਤੋਂ ਵਧੇਰੇ ਦੀ ਕੀਤੀ ਜਾ ਰਹੀ ਬੇਰਹਿਮ ਲੁੱਟ ਬਾਰੇ ਜਾਗਰੂਕ ਕਰ ਰਿਹਾ ਹਾਂ। ਜਿਥੋਂ ਤੱਕ ਖੁਦ ਦੀ ਮਸ਼ਹੂਰੀ ਦਾ ਸਵਾਲ ਹੈ, ਮੈਂ ਉਨਾਂ ਨੂੰ ਇਸ ਪਰਚੇ ਦੇ ਅਖੀਰ ਵਿਚ ਲਿਖੇ ਤਿੰਨ ਲਫਜ਼ ਪੜਨ ਲਈ ਕਿਹਾ, ਜੋ ਇਹ ਦਰਸਾਉਂਦੇ ਹਨ ਕਿ ਇਕ ਇਕ ਬੁੱਧੀ-ਜੀਵੀ ਨੇ ਲਿਖਿਆ ਹੈ। ਇਕ ਹੋਰ 'ਰੌਸ਼ਨ ਦਿਮਾਗ' ਨੇ ਮਸ਼ਕਰੀ ਨਾਲ ਕਿਹਾ ਕਿ 'ਇਹ ਤੇਰਾ ਨਾਂ ਵੀ ਤਾਂ ਹੋ ਸਕਦਾ।' ਮੈਂ ਉਨਾਂ ਨੂੰ ਇਹ ਪੇਸ਼ਕਸ਼ ਕੀਤੀ ਕਿ ਉਹ ਅਜਮੇਰ ਸਿੰਘ ਲੱਖੋਵਾਲ ਜਾਂ ਹੋਰ ਕਿਸੇ ਦਾ ਵੀ ਨਾਂ ਜਿਸ ਦਾ ਵੀ ਉਹ ਲਿਖਣਾ ਚਾਹੁੰਣ, ਦਾ ਲਿਖ ਸਕਦੇ ਹਨ। ਸਪੱਸ਼ਟ ਤੌਰ 'ਤੇ ਉਨਾਂ ਨੂੰ ਇਹ ਕਾਰਜ ਸੂਤ ਨਹੀਂ ਸੀ ਬੈਠਦਾ। ਉਨਾਂ 'ਗੰਭੀਰ ਜ਼ੁਰਮ' ਪ੍ਰਤੀ 'ਨਰਮ ਰੁਖ' ਅਪਣਾਉਂਦਿਆਂ ਇਸ 'ਭੈੜੀ ਸਰਗਰਮੀ' ਬੰਦ ਕਰਨ ਦੀ ਚਿਤਾਵਨੀ ਨਾਲ ਇਕ ਵਾਰ ਜਾਣ ਦਿੱਤਾ। ਮੈਂ ਉਨਾਂ ਨੂੰ ਯਾਦ ਦਿਵਾਇਆ ਕਿ ਉਹ ਸਰਕਾਰ ਦੀਆਂ ਜ਼ਿਆਦਤੀਆਂ ਖਿਲਾਫ ਵਿਖਾਵਾ ਕਰ ਰਹੇ ਹਨ, ਪਰ ਉਹ ਮੇਰੀ ਵਿਚਾਰ ਪ੍ਰਗਟਾਉਣ ਦੀ ਅਜ਼ਾਦੀ ਨੂੰ ਖੋਹ ਰਹੇ ਹਨ ਅਤੇ ਮੈਨੂੰ ਹਿੰਸਕ ਬਦਲੇ ਦੀ ਧਮਕੀ ਦੇ ਰਹੇ ਹਨ। ਮਗਰ ਉਨਾਂ ਉਪਰ ਇਨਾਂ ਦਲੀਲਾਂ ਦਾ ਕੋਈ ਅਸਰ ਨਾ ਹੋਇਆ। ਇਸ ਲਈ ਮੈਂ ਹੋਰ ਜਿਆਦਾ ਉਨਾਂ ਨਾਲ ਬਹਿਸ ਨਹੀਂ ਸੀ ਕਰ ਸਕਦਾ। ਮੈਂ ਆਪਣਾ ਪੱਖ ਹਾਰ ਗਿਆ ਸੀ। ਮੈਂ ਅਧਿਕਾਰ-ਖੇਤਰ ਦੇ ਸਵਾਲ ਉਪਰ ਵਿਰੋਧ ਕਰਨ ਦਾ ਫੈਸਲਾ ਕੀਤਾ। ਉਨਾਂ ਨੇ ਕਿਹਾ ਕਿ ਉਨਾਂ ਦਾ ਅਧਿਕਾਰ ਖੇਤਰ ਚੰਡੀਗੜ ਦੇ ਸਾਰੇ ਵਸੋਂ ਵਾਲੇ ਸੈਕਟਰਾਂ ਤੱਕ ਹੈ। ਇਸ ਤੋਂ ਬਾਅਦ ਮੈਂ ਬਿਜਵਾੜਾ ਪਿੰਡ ਜੋ ਕਿ ਚੰਡੀਗੜ ਦੇ ਬਾਹਰਵਾਰ ਸਥਿਤ ਹੈ, ਵੱਲ ਕਾਰ ਲੈ ਗਿਆ ਅਤੇ ਕਿਸਾਨਾਂ ਨਾਲ ਲੱਦੀਆਂ ਟਰਾਲੀਆਂ ਵਿਚ ਪਰਚੇ ਸੁੱਟਣੇ ਸ਼ੁਰੂ ਕਰ ਦਿੱਤੇ। ਇਹ ਰਣਨੀਤੀ ਕੰਮ ਆਈ ਅਤੇ ਮੈਂ ਆਪਣਾ ਕੰਮ ਬਿਨਾਂ ਕਿਸੇ ਧਮਕੀ ਜਾਂ ਰੋਕ-ਟੋਕ ਦੇ ਕੀਤਾ। ਇਹ ਗੱਲ ਅਹਿਮੀਅਤ ਨਹੀਂ ਰੱਖਦੀ ਕਿ ਲੋਕਾਂ ਨੇ ਉਨਾਂ ਬਾਰੇ ਕੀ ਕਿਹਾ, ਪਰ ਕਿਸਾਨ ਆਖਰਕਾਰ ਦਿਲੋਂ ਬੜੇ ਦਿਆਲ ਹੁੰਦੇ ਹਨ।

ਉਪਰ ਦਿੱਤੇ ਗਏ ਇਸ ਸਬੂਤ ਜੋ ਕਿ ਹੋਰ ਵੀ ਮੌਜੂਦ ਹਨ, ਦੇ ਮੁਤਾਬਕ ਸੁਰਜੀਤ ਸਿੰਘ ਬਰਨਾਲਾ ਅਤੇ ਅਜਮੇਰ ਸਿੰਘ ਲਖੋਵਾਲ ਇਕੋ ਯੋਜਨਾ ਅਧੀਨ ਕੰਮ ਕਰ ਰਹੇ ਸਨ। ਉਹ ਲੋਕਾਂ ਅਤੇ ਉਨਾਂ ਦੇ ਜਨਮ-ਸਿੱਧ ਹੱਕਾਂ (ਦੋਵੇਂ ਪੈਦਾਇਸ਼ੀ ਅਤੇ ਸੰਵਿਧਾਨਕ) ਦੀ ਪ੍ਰਵਾਹ ਕੀਤੇ ਬਗੈਰ ਬੇਰਹਿਮੀ ਨਾਲ ਆਪਣੇ ਨਿੱਜੀ ਮੁਫ਼ਾਦਾਂ ਦੀ ਪੂਰਤੀ ਕਰ ਰਹੇ ਸਨ। ਦੋਵਾਂ ਨੂੰ ਆਪਣੇ ਸਰਪ੍ਰਸਤਾਂ ਕੋਲੋਂ ਰੁਤਬੇ ਹਾਸਲ ਹੋਏ। ਬਰਨਾਲਾ ਨੂੰ ਇਸ ਮਹਾਂਦੀਪ ਦੇ ਇਸ ਹਿੱਸੇ ਵਿਚ ਪਾਈ ਜਾਂਦੀ 'ਜਮਹੂਰੀਅਤ' ਦੀ ਕਿਸਮ ਦੇ ਅਸਲਾਖ਼ਾਨੇ ਵਿਚ ਜਾਦੂਈ ਖੇਡ ਖੇਡਦਿਆਂ ਮੁੱਖ ਮੰਤਰੀ ਬਣਾਇਆ ਗਿਆ। ਉਹ ਥੋੜੇ ਸਮੇਂ ਲਈ ਮੁੱਖ ਮੰਤਰੀ ਬਣਿਆ ਪਰ ਬਾਕੀ ਜਿੰਦਗੀ ਦੌਰਾਨ ਵੱਖ-ਵੱਖ ਸੂਬਿਆਂ ਦਾ ਰਾਜਪਾਲ ਰਿਹਾ ਅਤੇ ਬਤੌਰ ਰਾਜਪਾਲ ਹੀ ਉਸ ਦੀ ਮੌਤ ਹੋਈ। ਵਿਲੱਖਣ ਗੱਲ ਇਹ ਰਹੀ ਕਿ ਕੇਂਦਰ ਸਰਕਾਰਾਂ ਜਿਹਨਾਂ ਨੇ ਉਸ ਨੂੰ ਰਾਜਪਾਲ ਨਿਯੁਕਤ ਕੀਤਾ, ਉਨਾਂ ਦੀਆਂ ਸਨ, ਜੋ ਉਸ ਦਾ ਵਿਰੋਧ ਕਰ ਰਹੇ ਸਨ। ਆਪਣੇ ਸਿਆਸੀ ਵਿਸ਼ਵਾਸਾਂ ਦੇ ਸੰਦਰਭ ਵਿਚ ਉਨਾਂ ਲਈ ਇਹ ਨੁਕਸਾਨਦੇਹ ਵੀ ਸੀ। ਪਰ ਉਹ ਦਿਲੋਂ ਪੂਰੀ ਤਰਾਂ ਇਸ ਗੱਲ ਨਾਲ ਸਹਿਮਤ ਸਨ, ਕਿ ਇਸ ਸ਼ਾਸ਼ਕੀ ਪਦਵੀ ਉਪਰ ਸ਼ੁਸ਼ੋਭਿਤ ਕਰਨ ਲਈ ਬਰਨਾਲਾ ਤੋਂ ਬਿਹਤਰ ਬੰਦਾ ਕੋਈ ਨਹੀਂ ਹੈ।

ਅਜਮੇਰ ਸਿੰਘ ਲੱਖੋਵਾਲ ਨੂੰ ਪੰਜਾਬ ਦੀ ਇੱਕੋ ਇੱਕ ਵਿੱਤੀ ਤੌਰ ਉਪਰ ਅਮੀਰ ਸੰਸਥਾ, ਜਿਸਨੂੰ ਪੰਜਾਬ ਖੇਤੀ ਅਤੇ ਮੰਡੀਕਰਨ ਬੋਰਡ ਕਹਿੰਦੇ ਹਨ, ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਅਕਾਲੀ ਮੁੱਖ ਮੰਤਰੀ ਵੱਲੋਂ। ਹੁਣ ਅਕਾਲੀਆਂ ਦੇ ਨਾਲ ਸਬੰਧਿਤ ਨਹੀਂ ਸੀ। ਉਸ ਨੂੰ ਕੈਬਨਿਟ ਰੈਂਕ ਦਿੱਤਾ ਗਿਆ ਅਤੇ ਤਨਖਾਹ ਮੰਤਰੀ ਜਿੰਨੀ ਲਾਈ ਗਈ। ਚਾਰ ਪੁਲਿਸ ਮੁਲਾਜ਼ਮ ਉਸ ਦੀ ਸੁਰੱਖਿਆ ਲਈ ਦਿਨ ਅਤੇ ਰਾਤ ਲਈ ਤਾਇਨਾਤ ਕੀਤੇ ਗਏ। ਇਹ ਇਕ ਰਹੱਸ ਹੈ ਕਿ ਉਸ ਦੀ ਸੁਰੱਖਿਆ ਕਿਸ ਤੋਂ ਕਰਨੀ ਸੀ।

ਬਾਕੀ ਸਫ਼ਾ 27 'ਤੇ



# Gary Singh
## FOR UNION CITY CITY COUNCIL

### ENDORSEMENTS

Congressmen Eric Swalwell
Alameda County Accessor Fong La
City Councilmember Pat Gacoscos
City Councilmember Jaime Patino
Former City Council Member Jim Navarro
School Board Member Linda Canlas
School Board Member Lance Nishihira
School Board Member Sharan Kaur
School Board Member Jeff Wang
School Board Member Sarabjit Cheema

garypsingh@sbcglobal.net
(510) 861-4783
1275 Atlantic St., Union City, CA 94587

## Gary Singh,
The Voice of Small Business

### ACCOMPLISHMENTS

- Urged the city manager in 2018 to conduct an audit management study to ensure optimal efficiency in all departments of the city.
- Consistently voted for business growth to increase revenue and prevent unreasonable tax increases.
- Collaborated with the police department and city leaders to strategically tackle crime resulting in a 20% reduction.
- Shown necessary leadership by working with others to maintain standards of excellence in our city.
- As the President of Daily Bowl, I provided the less fortunate with essential needs.

### PRIORITIES

- Promoting the economic development and employment retention.
- Maintaining growth and development.
- Bringing new jobs to the community.
- Invest in public safety services.
- Build more affordable work force housing.

PAID FOR BY GARY SINGH FOR CITY COUNCIL 2020. FPPC #1425084

# RE - ELECT for City Council
# Gary Singh
## THE VOICE OF SMALL BUSINESS

*Gary Singh is a Union City small business owner and an advocate for other small businesses in our community.*

FOR MORE INFORMATIONS ABOUT GARY SINGH, PLEASE VISIT HIS WEBSITE:
Gary-SinghForCityCouncil.com



**On November 3, Remember to VOTE for**
**Gary Singh for Union City, City Council!**

# LOOKING FOR :

COOK, WAITER & HELPER FOR PUNJABI RESTAURANT IN PA

ਪੰਜਾਬੀ ਰੇਸਟਰਾਂ (ਪੀਏ)
ਵਿਚ ਕੁਕ, ਵੇਟਰ ਅਤੇ
ਹੇਲਪਰ ਦੀ ਲੋੜ ਹੈ।



CALL: 610 761 9400

# Website Design & Development

- ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
- ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

### SERVICES

- ✓ WEB DEVELOPMENT
- ✓ WEB DESIGNING
- ✓ WEB RE-DESIGN
- ✓ LOGO DESIGN
- ✓ SEO SERVICES
- ✓ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com

# ਸਿੱਖੀ ਦੇ ਵਿਕਾਸ ਲਈ ਪੰਥਕ ਜ਼ਿੰਮੇਵਾਰੀਆਂ ਕਿਵੇਂ ਨਿਭਾਈਆਂ ਜਾਣ

**- ਹਰਸਿਮਰਨ ਸਿੰਘ**

**ਪੰਥਕ ਮੁੱਦਾ**

ਕੋਈ ਵੀ ਧਰਮ ਜਾਂ ਵਿਚਾਰਧਾਰਾ ਇਕ ਸੰਕੁਚਿਤ ਪਹੁੰਚ ਅਤੇ ਤੰਗ ਵਾਤਾਵਰਨ ਵਿਚ ਰਹਿ ਕੇ ਬਹੁਤੀ ਦੇਰ ਪ੍ਰਫੁੱਲਿਤ ਨਹੀਂ ਹੋ ਸਕਦੇ। ਇਸ ਦੇ ਵਧੇਰੇ ਫੈਲਾਉ ਲਈ ਠੋਸ ਲੋਕ-ਆਧਾਰ ਬਣਨਾ ਜ਼ਰੂਰੀ ਹੁੰਦਾ ਹੈ। ਕਿਸੇ ਵੀ ਸਿਧਾਂਤ, ਖੋਜ, ਵਿਚਾਰ, ਸੰਸਥਾ ਦੇ ਉਦੇਸ਼ਾਂ ਤੇ ਵਿਅਕਤੀਗਤ ਵਿਚਾਰਾਂ ਦੀ ਸ਼ਕਤੀ ਦਾ ਮੁਢਲਾ ਆਧਾਰ ਪ੍ਰਚਾਰ ਹੁੰਦਾ ਹੈ। ਸ੍ਰਿਸ਼ਟੀ ਦੇ ਉਧਾਰ ਲਈ 'ਨਾ ਕੋ ਹਿੰਦੂ ਨਾ ਮੁਸਲਮਾਨ' ਦੇ ਵਿਚਾਰ-ਸਿਧਾਂਤ ਅਤੇ ਹੋਰ ਵਿਚਾਰਾਂ ਨੂੰ ਮਨੁੱਖੀ ਸਮਾਜ ਵਿਚ ਲਿਜਾਣ ਦਾ ਗੁਰੂ ਨਾਨਕ ਸਾਹਿਬ ਨੇ ਹੀ ਬੀੜਾ ਚੁੱਕਿਆ ਸੀ। ਗੁਰੂ ਸਾਹਿਬ ਦੇ ਉਹ ਯਤਨ ਪ੍ਰਚਾਰ ਰੂਪੀ ਲੋੜ ਦੀ ਮੁਢਲੀ ਮੂਲ ਪ੍ਰਵਿਰਤੀ ਅਧੀਨ ਕੀਤੇ ਗਏ ਸਨ, ਜੋ ਸਿੱਖ ਧਰਮ/ਸੱਭਿਆਚਾਰ ਦੀ ਸਿਰਜਣਾ ਦੀ ਇਕ ਜ਼ਰੂਰਤ ਸੀ। ਪ੍ਰਚਾਰ ਦਾ ਰੂਪ, ਢੰਗ, ਸਮੁੱਚਾ ਪ੍ਰਬੰਧ ਤੇ ਹੋਰ ਤਰੀਕੇ ਵੱਖ-ਵੱਖ ਹੋਣੇ ਸੁਭਾਵਿਕ ਹੁੰਦੇ ਹਨ। ਇਹ ਕਵਿਤਾ ਜਾਂ ਵਾਰਤਕ ਆਦਿ ਵਿਚੋਂ ਕਿਸੇ ਵੀ ਰੂਪ ਵਿਚ ਹੋ ਸਕਦਾ ਹੈ, ਪਰ ਇਸ ਦੀ ਮੁਢਲੀ ਭਾਵਨਾ ਇਕੋ ਜਿਹੀ ਹੁੰਦੀ ਹੈ। ਪ੍ਰਚਾਰ ਕਿਸੇ ਵੀ ਕੰਮ ਨੂੰ ਚਲਾਉਣ ਤੇ ਫੈਲਾਉਣ ਦੀ ਕਿਰਿਆ ਦਾ ਨਾਂਅ ਹੈ, ਜਿਸ ਲਈ ਇਸ ਦੇ ਮੁਢਲੇ ਸਰੋਤ ਅਥਵਾ ਪੈਦਾਕਾਰੀ ਕੇਂਦਰ ਦਾ ਹੋਣਾ ਜ਼ਰੂਰੀ ਹੁੰਦਾ ਹੈ। ਇਹ ਕੇਂਦਰ ਆਮ ਤੌਰ 'ਤੇ ਕੋਈ ਮਹਾਨ ਸ਼ਖ਼ਸੀਅਤ ਜਾਂ ਸ਼ਖ਼ਸੀਅਤਾਂ ਦਾ ਢਾਂਚਾ ਹੋਇਆ ਕਰਦੇ ਹਨ। ਕੁਝ ਪ੍ਰਚਾਰ ਕਿਰਿਆਵਾਂ ਆਪੇ ਫੁੱਟੇ ਚਸ਼ਮੇ ਦੇ ਆਪ-ਮੁਹਾਰੇ ਵੇਗ ਵਾਂਗ ਹੁੰਦੀਆਂ ਹਨ ਅਤੇ ਕੁਝ ਪ੍ਰਚਾਰ ਸੋਮੇ ਇਕ ਨਿਯਮਤ ਢੰਗ ਨਾਲ ਕਿਸੇ ਸਿਧਾਂਤ, ਸੰਸਥਾ ਜਾਂ ਵਿਚਾਰ ਦੀ ਸਿਰਜਣਾ ਕਰਦੇ ਹਨ, ਜਿਨਾਂ ਨੂੰ ਇਕ ਹੋਰ ਨਿਯਮਤ ਪ੍ਰਣਾਲੀ ਰਾਹੀਂ ਨਿਯਮਬੱਧ ਕਰਨਾ ਪੈਂਦਾ ਹੈ। ਯਾਨੀ ਇਕ ਪ੍ਰਚਾਰ ਕੁਦਰਤੀ ਰੂਪ ਵਿਚ ਹੁੰਦਾ ਹੈ ਤੇ ਦੂਸਰੇ ਪ੍ਰਚਾਰ ਦਾ ਇਕ ਮਨੁੱਖੀ ਢਾਂਚਾ ਸਿਰਜਣਾ ਪੈਂਦਾ ਹੈ।

ਕਿਸੇ ਵੀ ਤਰਾਂ ਦੀ ਸਮਾਜਿਕ ਤਬਦੀਲੀ, ਸਮਾਜ ਦੇ ਵਿਕਾਸ ਅਤੇ ਇਸ ਦੀ ਸਮੁੱਚੀ ਵਿਸਮਾਦੀ ਸਥਿਤੀ ਲਈ ਬਣੀਆਂ ਸੰਸਥਾਵਾਂ ਅਤੇ ਜਥੇਬੰਦੀਆਂ ਆਦਿ ਨਿਯਮਤ ਢੰਗ ਨਾਲ ਹਰ ਪੱਧਰ ਦੇ ਵਿਚਾਰਾਂ ਬਾਰੇ ਪ੍ਰਚਾਰ-ਫੈਲਾਓ ਕਰਦੀਆਂ ਹਨ। ਇਸ ਲਈ ਇਸ ਦਾ ਮੁੱਖ ਪੈਦਾਕਾਰੀ ਸੋਮਾ ਤਾਂ ਯਤਨ ਕਰਦਾ ਹੀ ਹੈ, ਉਸ ਦੇ ਪੈਰੋਕਾਰਾਂ ਤੇ ਵਾਰਸਾਂ ਦਾ ਵੀ ਇਸ ਸਬੰਧੀ ਫ਼ਰਜ਼ ਬਣ ਜਾਂਦਾ ਹੈ। ਉਨਾਂ ਦੀ ਹੋਂਦ ਤੇ ਸਮੁੱਚੀ ਕਾਰਜ ਸ਼ੈਲੀ ਦਾ ਮੁਢਲਾ ਸ਼ਕਤੀ ਸੋਮਾ ਤੇ ਆਧਾਰ ਇਹ ਪੈਦਾਕਾਰੀ ਸੋਮਾ ਹੁੰਦਾ ਹੈ। ਹਰ ਸਮੇਂ ਦੇ ਬਦਲਦੇ ਪ੍ਰਸੰਗਾਂ ਵਿਚ ਉਨਾਂ ਦੁਆਰਾ ਕੀਤਾ ਗਿਆ ਪ੍ਰਚਾਰ ਪੈਰੋਕਾਰਾਂ ਤੇ ਹੋਰ ਮਨੁੱਖਾਂ ਨੂੰ ਨਜ਼ਦੀਕ ਲਿਆਉਣ ਤੇ ਵਿਚਾਰਾਂ ਨੂੰ ਸਮਝਣ-ਸਮਝਾਉਣ ਆਦਿ ਲਈ ਜ਼ਰੂਰੀ ਹੁੰਦਾ ਹੈ। ਇਕ ਸਮਾਜ ਜਾਂ ਦੇਸ਼ ਜਾਂ ਕੌਮ ਆਪਣੇ ਵਿਚਾਰਾਂ ਦੀ ਸ਼ਕਤੀ ਨਾਲ ਦੂਜੇ ਨੂੰ ਆਪਣੇ ਪ੍ਰਤੀ ਖਿੱਚਦੇ ਹਨ। ਮਨੁੱਖ ਦੀ ਆਪਸੀ ਜਾਣਕਾਰੀ ਵਧਾਉਣੀ ਜਾਂ ਇਕ ਦੂਜੇ ਨੂੰ ਸਮਝਣ ਦਾ ਮਨੁੱਖੀ ਸੁਭਾਅ ਮਾਨਵ ਸੱਭਿਅਤਾ ਦਾ ਅਜਿਹਾ ਖਾਸਾ ਹੈ, ਜਿਸ ਨੂੰ ਹਰ ਗੁਰੂ ਸ਼ਖ਼ਸੀਅਤ ਨੇ ਪ੍ਰਵਾਨਿਆ। ਸਿੱਖ ਇਤਿਹਾਸ ਵਿਚ ਵਾਪਰੀਆਂ ਸਾਰੀਆਂ ਘਟਨਾਵਾਂ ਵੀ ਵਰਤਮਾਨ ਤੱਕ ਪ੍ਰਚਾਰ ਦਾ ਵੱਡਾ ਢੰਗ ਸਾਬਤ ਹੋਈਆਂ ਹਨ।

ਉਪਰੋਕਤ ਵਿਚਾਰ ਦ੍ਰਿਸ਼ਟੀਕੋਣ ਅਨੁਸਾਰ ਸਿੱਖ ਪੰਥ ਦੀ ਸਮੁੱਚੀ ਪ੍ਰਚਾਰ ਪ੍ਰਣਾਲੀ ਤੇ ਯਤਨਾਂ ਬਾਰੇ ਵਿਚਾਰ ਕਰਦਿਆਂ ਇਸ ਸੰਸਥਾ ਅਤੇ ਇਸ ਦੇ ਵਿਕਾਸ ਲਈ ਗੁਰੂ ਕਾਲ ਤੋਂ ਬਾਅਦ ਵਰਤਮਾਨ ਤੱਕ ਪੰਜਾਬ ਤੋਂ ਵਿਸ਼ਵ ਤੱਕ ਬਣ ਚੁੱਕੀਆਂ ਵੱਖ-ਵੱਖ ਜਥੇਬੰਦੀਆਂ, ਆਗੂਆਂ, ਨੀਤੀਆਂ, ਯਤਨਾਂ, ਕੰਮ ਕਰਨ ਦੇ ਢੰਗਾਂ, ਉਦੇਸ਼, ਸੀਮਾਵਾਂ, ਗੰਭੀਰਤਾ, ਲਗਾਏ ਗਏ ਯਤਨਾਂ ਦੀ ਅਨੁਪਾਤਕ ਪ੍ਰਾਪਤੀ ਘਾਟਾਂ, ਕਮਜ਼ੋਰੀਆਂ ਦੇ ਬਾਵਜੂਦ ਵੱਡੀਆਂ ਪ੍ਰਾਪਤੀਆਂ ਹੋ ਚੁੱਕੀਆਂ ਹਨ। ਸਿੱਖੀ ਪ੍ਰਚਾਰ ਸੰਸਥਾ ਦੇ ਗੁਰੂ ਸਪਿਰਟ ਵਿਚ ਵਿਚਰਨ ਨਾਲ ਇਸ ਵਿਚੋਂ ਸਾਨੂੰ ਗੁਰੂ ਸ਼ਖ਼ਸੀਅਤ ਦੇ ਦਰਸ਼ਨਾਂ ਦਾ ਆਭਾਸ ਵੀ ਹੁੰਦਾ ਹੈ।

ਸਿੱਖੀ ਦੀ ਸੰਭਾਲ, ਸਿੱਖ ਸਿਧਾਂਤਾਂ ਦੀ ਪ੍ਰਫੁੱਲਤਾ, ਨਵ-ਵਿਆਖਿਆ ਤੇ ਉਨਾਂ ਦੇ ਪ੍ਰਚਾਰ-ਪ੍ਰਸਾਰ ਆਦਿ ਦੀ ਸਮੁੱਚੀ ਜ਼ਿੰਮੇਵਾਰੀ ਇਸ ਅਧਿਕਾਰ ਕਾਰਨ ਖ਼ਾਲਸਾ ਪੰਥ ਦੀ ਬਣੀ ਹੋਈ ਹੈ, ਕਿਉਂਜੋ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੁਰਿਆਈ ਖ਼ਾਲਸਾ ਸਮੂਹ ਨੂੰ ਦਿੱਤੀ ਹੋਈ ਹੈ। ਸਦੀਆਂ ਦੇ ਸਫ਼ਰ ਤੈਅ ਕਰਦੀ ਸਿੱਖੀ ਪ੍ਰਚਾਰ-ਪ੍ਰਸਾਰ ਦੇ ਖੇਤਰ ਵਿਚ ਵਰਤਮਾਨ ਵਿਚ ਅਨੇਕਾਂ ਕਰਮਸ਼ੀਲ ਪ੍ਰਸੰਗਿਕ ਜਥੇਬੰਦੀਆਂ ਹੋਂਦ ਵਿਚ ਆ ਚੁੱਕੀਆਂ ਹਨ।

ਇਨਾਂ ਵਿਚ ਗੁਰਦੁਆਰਾ ਸੰਸਥਾ/ਕੇਂਦਰ, ਸਥਾਨਕ ਤੋਂ ਵਿਸ਼ਵ ਤੱਕ ਕੰਮ ਕਰਦੀਆਂ ਜਥੇਬੰਦੀਆਂ, ਸਮਰਪਿਤ ਸੰਤ ਸੰਪਰਦਾਵਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਹਰਿਆਣਾ, ਦਿੱਲੀ, ਹੋਰ ਭਾਰਤੀ ਰਾਜਾਂ, ਪਾਕਿਸਤਾਨ ਅਤੇ ਹੋਰ ਵਿਸ਼ਵ ਦੇਸ਼ਾਂ ਵਿਚ ਸਬੰਧਿਤ ਸਟੇਟਾਂ ਤੋਂ ਕਾਨੂੰਨੀ ਮਾਨਤਾ ਪ੍ਰਾਪਤ ਅਤੇ ਹੋਰ ਜਥੇਬੰਦੀਆਂ ਪ੍ਰਮੁੱਖ ਹਨ। ਸੰਤ ਜਥੇਬੰਦੀਆਂ, ਪ੍ਰਤਿਭਾਵਾਨ ਸ਼ਖ਼ਸੀਅਤਾਂ ਅਤੇ ਮਿਸ਼ਨਰੀ ਲਹਿਰ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਸੇਵਕ ਜਥੇ, ਵਿਦਵਾਨ, ਪੁਸਤਕਾਂ, ਇਲੈਕਟਰੌਨਿਕ ਮੀਡੀਆ, ਫ਼ਿਲਮਾਂ, ਮੈਗਜ਼ੀਨ, ਯੂਨੀਵਰਸਿਟੀਆਂ ਦੇ ਧਰਮ ਨਾਲ ਸਬੰਧਿਤ ਵਿਭਾਗ ਆਦਿ ਸਿੱਖੀ ਦੇ ਪ੍ਰਚਾਰ-ਪ੍ਰਸਾਰ ਸਬੰਧੀ ਸੇਵਾ ਨਿਭਾਅ ਰਹੇ ਹਨ। ਪੰਜਾਬ ਤੋਂ ਵਿਸ਼ਵ ਸ਼ਹਿਰਾਂ ਵਿਚ ਸਿੱਖਾਂ ਵਲੋਂ ਕਿਸੇ ਧਾਰਮਿਕ-ਸ਼ਹੀਦੀ ਦਿਹਾੜਿਆਂ ਉੱਤੇ ਕੱਢੇ ਜਾਂਦੇ ਨਗਰ ਕੀਰਤਨ, ਪਰੇਡਾਂ, ਸੇਵਾ ਦੇ ਕਾਰਜ ਅਤੇ ਸਿੱਖੀ ਰੂਪ-ਸਰੂਪ ਵਾਲੀਆਂ ਸ਼ਖ਼ਸੀਅਤਾਂ ਵਲੋਂ ਲੋੜਵੰਦਾਂ ਦੀ ਸੇਵਾ ਸੰਭਾਲ, ਗਿਆਨ ਮੁਕਾਬਲੇ, ਸਿਹਤ ਸੰਭਾਲ, ਅਦਾਰਿਆਂ ਅਤੇ ਸਕੂਲਾਂ-ਕਾਲਜਾਂ ਆਦਿ ਰਾਹੀਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਸਭ ਸਿੱਖ ਧਰਮ ਅਤੇ ਇਸ ਦੀ ਵਿਚਾਰਧਾਰਾ-ਵਿਸਮਾਦੀ ਚਿੰਤਨ ਦੇ ਪ੍ਰਚਾਰ-ਪ੍ਰਸਾਰ ਦੇ ਵੱਖ-ਵੱਖ ਰੂਪ ਹਨ।

ਇਨਾਂ ਕਾਰਜਾਂ ਨਾਲ ਸਿੱਖੀ ਧਰਮ ਦੀ ਪ੍ਰੇਰਨਾ ਵਿਚ ਸਿੱਖ ਮਨੁੱਖੀ ਸਰੋਤ ਵੀ ਤਿਆਰ ਹੁੰਦੇ ਜਾ ਰਹੇ ਹਨ। ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਸਥਾਪਤ ਕੀਤਾ ਗਿਆ ਅਕਾਲ ਤਖ਼ਤ ਸਾਹਿਬ ਸਿੱਖ ਪੰਥ ਦੇ ਗ਼ੈਰ-ਰਾਜੀ ਸਿੰਘਾਸਨ, ਖ਼ਾਲਸਾ ਪੰਥ ਦੀ ਆਗੂ ਸੰਸਥਾ/ਕੇਂਦਰ ਹੈ। ਇਨਾਂ ਦੀ ਚੁੱਪ ਅਤੇ ਸਰਗਰਮ ਨਿਗਾਹਬਾਨੀ ਹੇਠ ਸਿੱਖੀ ਪ੍ਰਚਾਰ-ਪ੍ਰਸਾਰ ਦੇ ਸਾਰੇ ਕਾਰਜ ਹੋ ਰਹੇ ਹਨ। ਭਾਵੇਂ ਖ਼ਾਲਸਾ ਰਾਜਨੀਤੀ ਦਾ ਇਨਾਂ ਪ੍ਰਚਾਰ-ਪ੍ਰਸਾਰ ਕਾਰਜਾਂ ਵਿਚ ਕੋਈ ਸਿੱਧਾ ਦਖ਼ਲ ਜਾਂ ਭਾਗੀਦਾਰੀ ਨਹੀਂ ਹੁੰਦੀ, ਪਰ ਇਹ ਇਕ ਪ੍ਰਮਾਣਿਕ ਤੱਥ ਹੈ ਕਿ ਜਿੰਨਾ ਇਕ ਸਿੱਖ, ਸਿੱਖੀ ਦੀ ਪ੍ਰੇਰਨਾ ਵਿਚ ਗੁਰੂ ਸ਼ਖ਼ਸੀਅਤਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਸਮਰਪਿਤ ਹੋ ਕੇ ਇਕ ਆਦਰਸ਼ਵਾਦੀ ਸਿੱਖ ਸਰੋਤ ਬਣੇਗਾ ਜਾਂ ਸਿੱਖ ਪੰਥ ਦਾ ਦਾਇਰਾ ਵਧੇਗਾ ਅਤੇ ਜਾਣਕਾਰ ਹੋਏਗਾ, ਓਨਾ ਹੀ ਖ਼ਾਲਸਾ ਰਾਜਨੀਤੀ, ਸੱਤਾ ਅਤੇ ਇਸ ਦੇ ਪੰਜਾਬ ਤੋਂ ਵਿਸ਼ਵ ਫੈਲਾਅ ਮਜ਼ਬੂਤ ਹੁੰਦੇ ਹਨ। ਖ਼ਾਲਸਾ ਰਾਜਨੀਤੀ ਅਤੇ ਸੱਤਾ ਦੇ ਵਿੰਗ ਜਾਂ ਸ਼ਾਖ਼ਾ ਹੋਣ ਕਾਰਨ ਜਿਥੋਂ ਤੱਕ ਧਰਮ ਅਤੇ ਰਾਜਨੀਤੀ ਦੁਆਰਾ ਮਨੁੱਖੀ ਸਰੋਤ ਤਿਆਰ ਕਰਨ ਦਾ ਸਬੰਧ ਹੈ, ਇਹ ਸੰਸਥਾਵਾਂ ਇਕ ਦੂਜੇ ਦੀਆਂ ਪੂਰਕ ਹੁੰਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ-ਗੁਰੂ ਗੋਬਿੰਦ ਸਾਹਿਬ ਦੀਆਂ ਸਿਖਿਆਵਾਂ ਅਤੇ ਹੋਰ ਮੁਢਲੇ ਸਰੋਤਾਂ ਆਦਿ ਵਿਚੋਂ ਜੋ ਸਿੱਖੀ ਦਾ ਵਿਸਮਾਦੀ ਪਰਿਪੇਖ ਪ੍ਰਗਟ ਹੁੰਦਾ ਹੈ, ਉਸ ਦੇ ਆਧਾਰਾਂ 'ਤੇ ਹੀ ਤਾਂ ਭਵਿੱਖ ਦੀ ਖ਼ਾਲਸਾ ਰਾਜਨੀਤੀ-ਸੱਤਾ ਨੇ ਸ਼ਕਤੀ ਗ੍ਰਹਿਣ ਕਰਕੇ ਨਵੇਂ ਸਿੱਖ ਸੰਘਰਸ਼ ਅਤੇ ਰਾਜ ਕਰੇਗਾ ਖ਼ਾਲਸਾ ਦੇ ਵਿਸਮਾਦੀ ਵਿਸ਼ਵ ਪਸਾਰ ਕਰਨੇ ਹਨ।

ਜ਼ਾਹਰ ਹੈ ਕਿ ਖ਼ਾਲਸਾ ਰਾਜਨੀਤੀ, ਖ਼ਾਲਸਾ ਰਾਜਨੀਤਿਕਾਂ ਅਤੇ ਸੱਤਾ ਵਿਵਸਥਾ ਨੇ ਵਿਸਮਾਦੀ ਚਿੰਤਨ ਦੀ ਜਿਵੇਂ ਵੀ ਪ੍ਰਫੁੱਲਿਤਾ ਕਰਨੀ ਹੈ, ਉਸ ਨਾਲ ਸਿੱਖੀ ਪ੍ਰਚਾਰ-ਪ੍ਰਸਾਰ ਵਿਚ ਕੁਦਰਤੀ ਰੂਪ ਵਿਚ ਵਾਧਾ ਹੋਵੇਗਾ।

ਯਕੀਨਨ ਇਸ ਸਭ ਕੁਝ ਲਈ ਮੁਆਫ਼ਿਕ ਵਾਤਾਵਰਨ ਤਿਆਰ ਕਰਨਾ ਇੱਕੀਵੀਂ ਸਦੀ ਦੇ ਵਰਤਮਾਨ ਦੌਰ ਤੱਕ ਵਿਕਸਿਤ ਹੋ ਚੁੱਕੀਆਂ ਅਤੇ ਭਵਿੱਖ ਦੀਆਂ ਧਰਮ-ਪ੍ਰਚਾਰ ਜਥੇਬੰਦੀਆਂ ਨੇ ਸਿੱਖੀ ਪ੍ਰਚਾਰ ਦੇ ਵਿਸਮਾਦੀ ਦ੍ਰਿਸ਼ਟੀਕੋਣ ਦੀਆਂ ਲੋੜਾਂ ਅਨੁਸਾਰ ਵਿਕਸਿਤ ਗਿਆਨ-ਵਿਗਿਆਨ-ਤਕਨਾਲੋਜੀ, ਨਵੇਂ ਸਾਹਿਤ ਅਤੇ ਡਿਜੀਟਲ ਤਕਨੀਕਾਂ ਆਦਿ ਰੂਪ ਵਿਚ ਸਹਾਇਕ ਢਾਂਚਾ ਸਿਰਜਣਾ ਹੈ। ਇਹ ਸਾਰੀਆਂ ਜ਼ਿੰਮੇਵਾਰੀਆਂ ਖ਼ਾਲਸਾ ਪੰਥ ਨੇ ਨਿਭਾਉਣੀਆਂ ਹਨ। ਨਵੇਂ ਰੂਪ ਵਿਚ ਇਹ ਸਾਰੀਆਂ ਜ਼ਿੰਮੇਵਾਰੀਆਂ ਕਿਵੇਂ ਨਿਭਾਈਆਂ ਜਾਣੀਆਂ ਹਨ, ਇਸ ਦਾ ਸਮੁੱਚਾ ਵਿਸਥਾਰ ਇਨਾਂ ਕਾਰਜਾਂ ਵਿਚ ਜੁਟੀਆਂ ਜਥੇਬੰਦੀਆਂ ਅਤੇ ਆਗੂਆਂ ਨੇ ਖ਼ਾਲਸਾ ਬੁੱਧੀਜੀਵੀ ਵਰਗ ਦੀ ਸਹਾਇਤਾ ਨਾਲ ਉਲੀਕਣਾ ਹੈ।

**-ਮੁਖੀ ਭਾਈ ਗੁਰਦਾਸ ਇੰਸਟੀਚਿਊਟ ਆਫ਼ ਐਡਵਾਂਸ ਸਿੱਖ ਸਟੱਡੀਜ਼, ਅਨੰਦਪੁਰ ਸਾਹਿਬ।**
**ਮੋਬਾਈਲ : 98725-91713.**

# ਅਖੌਤੀ ਬਾਬਿਆਂ ਤੇ ਡੇਰਾਵਾਦ ਦੀ ਚੜਤ

**- ਸੁਖਮਿੰਦਰ ਸੇਖੋਂ**

ਅੱਜ ਦੇ ਆਧੁਨਿਕ ਬੋਧ ਵਾਲੇ ਦੌਰ ਵਿੱਚ ਵੀ ਅਖੌਤੀ ਬਾਬਿਆਂ ਤੇ ਡੇਰਾਵਾਦ ਦੀ ਚੜਤ ਵੇਖੀ ਜਾ ਸਕਦੀ ਹੈ। ਬੇਸ਼ਕ ਇਸਦੇ ਰਾਜਸੀ ਜਾਂ ਧਾਰਮਿਕ ਕਾਰਨ ਵੀ ਹੋ ਸਕਦੇ ਹਨ ਪਰ ਸਾਡੇ ਕੋਲ ਬਹੁਤ ਸਾਰੀਆਂ ਮਿਸਾਲਾਂ ਮੌਜੂਦ ਹਨ ਤੇ ਅਖਬਾਰਾਂ ਅਤੇ ਟੀਵੀ ਤੋਂ ਖਬਰਾਂ ਮਿਲਦੀਆਂ ਹਨ ਕਿ ਇਹ ਆਪੂੰ ਸਜੇ ਗੁਰੂ, ਬਾਬੇ ਕਿਹੋ ਜਿਹੇ ਕੁਕਰਮ ਕਰਦੇ ਹਨ। ਜਿਸ ਇਸਤਰੀ ਲਈ ਗੁਰੂ ਨਾਨਕ ਨੇ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਉਚਾਰਿਆ, ਉਸੇ ਧਰਤੀ 'ਤੇ ਇਸਤਰੀ ਨੂੰ ਬੇਇੱਜ਼ਤ ਕੀਤਾ ਜਾ ਰਿਹਾ ਹੈ। ਬਾਲੜੀਆਂ ਨੂੰ ਵੀ ਬਖਸ਼ਿਆ ਨਹੀਂ ਜਾ ਰਿਹਾ। ਇਹ ਬਾਬੇ ਜਾਂ ਗੁਰੂ ਕਹਾਉਣ ਵਾਲੇ ਕਿਸੇ ਦਾ ਕਤਲ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਰਾਜਸੀ ਨੇਤਾਵਾਂ ਜਾਂ ਅੰਨੇ ਸ਼ਰਧਾਲੂਆਂ ਦੀ ਬਦੌਲਤ ਇਹਨਾਂ ਦਾ ਧੰਦਾ ਪੂਰੇ ਜ਼ੋਰਾਂ ਨਾਲ ਚੱਲ ਰਿਹਾ ਹੈ। ਇਹਨਾਂ ਦੇ ਇਸ਼ਤਿਹਾਰਾਂ ਨਾਲ ਅਖਬਾਰਾਂ ਭਰੀਆਂ ਹੁੰਦੀਆਂ ਹਨ ਤੇ ਟੈਲੀਵਿਜ਼ਨ ਦੇ ਪ੍ਰਾਈਵੇਟ ਚੈਨਲਾਂ ਨੂੰ ਇਹਨਾਂ ਨੇ ਖਰੀਦ ਰੱਖਿਆ ਹੈ। ਥੋੜਾ ਰਿਮੋਟ ਘੁਮਾਓ ਤੁਹਾਨੂੰ ਵੱਖ ਵੱਖ ਬਾਬੇ ਜਾਂ ਗੁਰੂ ਮਾਤਾਵਾਂ ਪ੍ਰਚਲਤ ਤੇ ਸਾਧਾਰਣ ਜਿਹੇ ਪ੍ਰਵਚਨ ਕਰਦੇ ਮਿਲਣਗੇ। ਕੁਝ ਇਕਨਾਂ ਦੇ ਤਾਂ ਡੇਰਿਆਂ, ਆਸ਼ਰਮਾਂ ਵਿੱਚ ਵੱਡੀਆਂ ਫੀਸਾਂ ਵੀ ਲਈਆਂ ਜਾਂਦੀਆਂ ਹਨ ਤੇ ਹਾਸ ਰਸ ਉਪਜਾਉਣ ਵਾਲੇ ਉਪਾਓ ਵੀ ਦੱਸੇ ਜਾਂਦੇ ਹਨ।

ਸਾਡੀਆਂ ਫਿਲਮਾਂ ਅਤੇ ਟੀਵੀ ਸੀਰੀਅਲ ਵੀ ਇਹਨਾਂ ਤੋਂ ਬਚੇ ਹੋਏ ਨਹੀਂ। ਕਿੰਨੇ ਗੈਰ ਕੁਦਰਤੀ ਢੰਗ ਤਰੀਕਿਆਂ ਨਾਲ ਭੂਤਾਂ ਪ੍ਰੇਤਾਂ ਅਤੇ ਹੋਰ ਗੈਰ ਜ਼ਰੂਰੀ ਰਿਵਾਜਾਂ ਦਾ ਸਾਡੀਆਂ ਫਿਲਮਾਂ ਤੇ ਸੀਰੀਅਲ ਪ੍ਰਚਾਰ ਕਰਦੇ ਹਨ ਕਿ ਇੱਕ ਥੋੜੀ ਜਿਹੀ ਸਮਝ ਰੱਖਣ ਵਾਲਾ ਬੰਦਾ ਵੀ ਝੁੰਝਲਾ ਉੱਠਦਾ ਹੈ। ਜਦੋਂ ਇਹਨਾਂ ਨੂੰ ਕੋਈ ਪੱਤਰਕਾਰ ਜਾਂ ਲੇਖਕ ਪ੍ਰਸ਼ਨ ਕਰਦਾ ਹੈ ਕਿ ਭਾਈ! ਅਜਿਹਾ ਕਰਕੇ ਤੁਸੀਂ ਸਮਾਜ ਨੂੰ ਕੀ ਦੱਸਣਾ ਚਾਹੁੰਦੇ ਹੋ? ਤਾਂ ਇਹਨਾਂ ਦੀ ਢੀਠਤਾਈ ਦੀ ਹੱਦ ਵੇਖਣਯੋਗ ਹੁੰਦੀ ਹੈ, ਕਹਿੰਦੇ ਹਨ, 'ਜਦੋਂ ਦਰਸ਼ਕ ਅਜਿਹਾ ਕੁਝ ਦੇਖਣਾ ਪਸੰਦ ਕਰਦੇ ਹਨ, ਤਾਂ ਇਸ ਵਿੱਚ ਅਸੀਂ ਕੀ ਕਰ ਸਕਦੇ ਹਾਂ?' ਪ੍ਰੰਤੂ ਇਹਨਾਂ ਢੀਠਾਂ ਤੇ ਬੇਸ਼ਰਮਾਂ ਨੂੰ ਇੰਨਾ ਕੁ ਵੀ ਇਲਮ ਨਹੀਂ ਕਿ ਵਧੇਰੇ ਕਰਕੇ ਟੀਵੀ ਜਾਂ ਫਿਲਮਾਂ ਬੱਚੇ ਜਾਂ ਨੌਜਵਾਨ ਹੀ ਦੇਖਦੇ ਹਨ। ਖੌਰੇ ਕਿਉਂ ਇਹ ਲੋਕਾਂ ਦੀ ਸੋਚ ਦੇ ਦੰਦਿਆਂ ਨੂੰ ਖੁੰਢਾ ਕਰਨ 'ਤੇ ਤੁਲੇ ਹੋਏ ਹਨ? ਸਾਡਾ ਸੈਂਸਰ ਬੋਰਡ ਵੀ ਇਹਨਾਂ ਨੂੰ ਸਹਿਜੇ ਹੀ ਪਾਸ ਕਰ ਦਿੰਦਾ



ਹੈ ਅਤੇ ਇਸਦੇ ਮੈਂਬਰ ਕਹਿੰਦੇ ਹਨ, 'ਫਾਰ ਅਡਲਟ ਹੈ, ਇਸੇ ਲਈ ਤਾਂ ਏ ਸਰਟੀਫੀਕੇਟ ਦਿੱਤਾ ਹੈ।' ਏ ਹੋਵੇ ਜਾਂ ਯੂ, ਸਵਾਲ ਤਾਂ ਇਹਨਾਂ ਉੱਤੇ ਰੋਕ ਲਾਉਣ ਦੀ ਹੈ। ਪ੍ਰੰਤੂ ਰੋਕ ਲਾਵੇਗਾ ਕੌਣ, ਭੋਲੇ ਭਾਲੇ ਦਰਸ਼ਕ ਤਾਂ ਦੇਖਣਗੇ ਹੀ, ਜਦੋਂ ਚੀਜ਼ ਉਹਨਾਂ ਦੇ ਸਾਹਮਣੇ ਪਰੋਸੀ ਜਾਵੇਗੀ!

ਜਿੱਥੋਂ ਤਕ ਰਿਸਾਲੇ ਜਾਂ ਕਿਤਾਬਾਂ ਦਾ ਤਾਅਲੁਕ ਹੈ, ਉਹ ਵੀ ਅਜਿਹੇ ਕਾਰਨਾਮਿਆਂ ਤੋਂ ਖਾਲੀ ਨਹੀਂ ਹਨ। ਸਾਧਾਰਨ ਜਾਂ ਗੈਰ ਸੰਜੀਦਾ ਲੇਖਕ, ਸੰਪਾਦਕ ਤਾਂ ਇਹਨਾਂ ਲਈ ਜ਼ਿੰਮੇਵਾਰ ਹਨ ਹੀ, ਬੱਚਿਆਂ ਜਾਂ ਵੱਡਿਆਂ ਦੀ ਪੜਾਈ ਲਈ ਕੋਰਸੀ ਕਿਤਾਬਾਂ ਲਾਉਣ ਜਾਂ ਥੋਪਣ ਵਾਲੇ ਅਦਾਰੇ ਤੇ ਮੈਂਬਰ ਵੀ ਇਸ ਲਈ ਸਿੱਧੇ ਨਾਮਜ਼ਦ ਕੀਤੇ ਜਾ ਸਕਦੇ ਹਨ, ਜੋ ਜਾਂ ਤਾਂ ਬੌਧਿਕ ਪੱਖ ਤੋਂ ਸੱਖਣੇ ਹੁੰਦੇ ਹਨ ਜਾਂ ਰਾਜਸੀ ਨੇਤਾਵਾਂ ਜਾਂ ਸਰਮਾਇਦਾਰੀ ਸਿਸਟਮ ਦੇ ਹੱਥ ਠੋਕੇ! ਕਿਉਂਕਿ ਜਦੋਂ ਬੱਚਿਆਂ ਦੀ ਬੁਨਿਆਦ ਹੀ ਖੋਖਲੀ ਹੋਵੇਗੀ ਤਾਂ ਭਵਿੱਖ ਵਿੱਚ ਉਨਾਂ ਤੋਂ ਸਾਰਥਕ ਸੋਚ ਦੀ ਉਮੀਦ ਕਿਵੇਂ ਰੱਖ ਸਕਦੇ ਹਾਂ? ਬੇਸ਼ਕ ਅੱਜ ਦੀ ਪਨੀਰੀ, ਜਿਸ ਨੂੰ ਘਰ ਦਾ ਸਾਰਥਕ ਮਾਹੌਲ ਮਿਲਿਆ ਹੋਵੇ, ਉਹ ਥੋਥਲੇ ਰਸਮੋ ਰਿਵਾਜ਼ ਅਤੇ ਵਹਿਮਾਂ ਭਰਮਾਂ ਤੋਂ ਕਾਫੀ ਹੱਦ ਤਕ ਮੁਕਤ ਦਿਖਾਈ ਦਿੰਦੀ ਹੈ ਪ੍ਰੰਤੂ ਸਮਾਜ ਦਾ ਬਹੁਤਾ ਹਿੱਸਾ ਇਸਦੀ ਲਪੇਟ ਵਿੱਚ ਆਇਆ ਹੋਇਆ ਹੈ। ਘੱਟੋ ਘੱਟ ਪੰਜਾਬੀ ਅਖਬਾਰ ਤਾਂ ਬਿਹਤਰ ਭੂਮਿਕਾ ਨਿਭਾਅ ਹੀ ਸਕਦੇ ਹਨ, ਫੇਰ ਦੈਨਿਕਾਂ ਵਿੱਚ ਰਾਸ਼ੀਫਲਾਂ ਲਈ ਵਿਸ਼ੇਸ਼ ਕਾਲਮ ਕਿਉਂ ਰੱਖੇ ਜਾਂਦੇ ਹਨ?

ਇਤਿਹਾਸ ਨੂੰ ਵੀ ਪੁੱਠਾ ਗੇੜਾ ਦਿੱਤਾ ਜਾ ਰਿਹਾ ਹੈ ਅਤੇ ਮਿਥਿਹਾਸ ਦੇ ਪੰਨਿਆਂ ਦਾ ਜ਼ਬਰਦਸਤੀ ਪਾਠ ਪੜਾਇਆ ਜਾ ਰਿਹਾ ਹੈ। ਅਸੀਂ ਚੌਹ ਤਰਫ ਦੇਖ ਰਹੇ ਹਾਂ ਕਿ ਵਿਗਿਆਨਕ ਸੋਚ ਦੇ ਧਾਰਨੀ ਵਿਅਕਤੀਆਂ ਦੇ ਕਿਵੇਂ ਰਾਹ ਰੋਕੇ ਜਾ ਰਹੇ ਹਨ। ਉਨਾਂ ਉੱਤੇ ਅੱਤਿਆਚਾਰ ਵੀ ਹੋ ਰਹੇ ਹਨ ਤੇ ਉਨਾਂ ਦੇ ਮੂੰਹ ਬੰਦ ਕਰਨ ਲਈ ਫਿਰਕੂ ਅਨਸਰ ਕਤਲ ਕਰਨ ਤਕ ਜਾਂਦੇ ਹਨ। ਇਸ ਆਧੁਨਿਕ ਤੇ ਵਿਗਿਆਨਕ ਦੌਰ ਵਿੱਚ ਸਿਆਸੀ ਆਗੂ ਆਪਣੀਆਂ ਮਨਮਾਨੀਆਂ ਤਾਂ ਕਰਦੇ ਹੀ ਹਨ, ਬਲਕਿ ਭਾਰਤ ਵਰਸ਼ ਨੂੰ ਫਿਰਕੂ ਰੰਗਣ ਦੇ ਕੇ ਆਪਣੇ ਹਿਤਾਂ ਦੀ ਪੂਰਤੀ ਵੀ ਕਰਦੇ ਹਨ। ਅੰਧ ਵਿਸ਼ਵਾਸਾਂ ਦੇ ਖਾਤਮੇ ਲਈ ਕਾਨੂੰਨ ਬਣਨੇ ਜ਼ਰੂਰੀ ਹਨ ਪਰ ਇਸ ਤੋਂ ਵੀ ਪਰੇ ਜਾਂਦਿਆਂ ਮਨੁੱਖਤਾ ਨੂੰ ਜਾਗਰੂਕ ਕਰਨ ਦੀ ਲੋੜ ਹੈ। ਲੇਕਿਨ ਇਹ ਤਦ ਹੀ ਸੰਭਵ ਹੋ ਸਕੇਗਾ ਜੇਕਰ ਵਿਗਿਆਨਕ ਸੋਚ ਨੂੰ ਪ੍ਰਣਾਈਆਂ ਲਿਖਤਾਂ ਤੇ ਸਾਹਿਤ ਸਿਲੇਬਸ ਦਾ ਹਿੱਸਾ ਬਣਨ। ਵਹਿਮ ਭਰਮ ਉਪਜਾਉਂਦੇ ਟੀਵੀ ਸੀਰੀਅਲਾਂ ਅਤੇ ਫਿਲਮਾਂ ਉੱਪਰ ਵੀ ਰੋਕ ਲੱਗੇ। ਫੋਕੀਆਂ ਦਲੀਲਾਂ, ਅਪੀਲਾਂ ਜਾਂ ਚੰਦ ਬੰਦਿਆਂ ਲਈ ਸੈਮੀਨਾਰ ਹੀ ਕਾਫੀ ਨਹੀਂ, ਜਨ ਸਮੂਹ ਦੀ ਬਿਹਤਰੀ ਲਈ ਵੱਡੇ ਉਪਰਾਲੇ ਕਰਨੇ ਹੋਣਗੇ ਅਤੇ ਇਹ ਚੰਗਿਆਈ ਦਾ ਕੰਮ ਤੁਸੀਂ ਖੁਦ ਕਿਉਂ ਨਹੀਂ ਕਰ ਅਰੰਭ ਕਰਦੇ, ਕੀ ਇਸ ਲਈ ਕਿਸੇ ਦੀ ਸਹਿਮਤੀ ਦੀ ਉਡੀਕ ਪਏ ਕਰਦੇ ਹੋ?

# ਗੁਰੂ ਤੇਗ ਬਹਾਦਰ ਜੀ ਦੀ 400 ਸਾਲਾ ਪ੍ਰਕਾਸ਼ ਸ਼ਤਾਬਦੀ ਮੌਕੇ ਗੁਰੂਆਂ ਦੀ ਜ਼ੁਬਾਨ ਨੂੰ ਹੀ ਕਸ਼ਮੀਰ ਨਿਕਾਲਾ

**- ਡਾ. ਦਰਸ਼ਨ ਸਿੰਘ ਹਰਵਿੰਦਰ**

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮੌਤ 'ਤੇ ਕੀਰਨੇ ਪਾਉਂਦਾ ਸ਼ਾਹ ਮੁਹੰਮਦ ਕਦੇ ਨਹੀਂ ਦਿਲ 'ਚੋਂ ਨਿਕਲਿਆ, ਜਿਸ ਦੀ ਰੂਹ ਕਲਪ ਗਈ ਸੀ ਹਿੰਦੁਸਤਾਨ ਦੇ ਕਪਟ ਪ੍ਰਬੰਧਾਂ ਅੱਗੇ ਪੰਜਾਬੀਆਂ ਦੀ ਪੇਸ਼ ਨਾ ਜਾਂਦੀ ਵੇਖ ਕੇ :

ਜੰਗ ਹਿੰਦ-ਪੰਜਾਬ ਦਾ ਹੋਣ ਲੱਗਾ, ਦੋਵੇਂ ਬਾਦਸ਼ਾਹੀ ਫ਼ੌਜਾਂ ਭਾਰੀਆਂ ਨੀ।

ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,ਜੇੜ੍ਹੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ। ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

...ਤੇ ਸ਼ਾਹ ਮੁਹੰਮਦ ਦੀ ਰੂਹ ਕਲਪਦੀ ਵੀ ਕਿਉਂ ਨਾ ? ਇਹ ਉਹੀ ਮਹਾਰਾਜਾ ਸੀ, ਜਿਸ ਹੁਕਮਰਾਨ ਦੀ ਸਿਫ਼ਤ ਵਿਚ ਉਸ ਨੇ ਅਲੰਕਾਰ 'ਸਰਕਾਰ' ਨਿਵਾਜਿਆ:

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ, ਨਾਲ ਜ਼ੋਰ ਦੇ ਮੁਲਕ ਨਿਵਾਇ ਗਿਆ।

ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ, ਜੰਮੂ, ਕਾਂਗੜਾ, ਕੋਟ ਨਿਵਾਇ ਗਿਆ।

ਹੋਰ ਦੇਸ਼, ਲੱਦਾਖ ਤੇ ਚੀਨ ਤੋੜੀ, ਸਿੱਕਾ ਆਪਣੇ ਨਾਮ ਚਲਾਇ ਗਿਆ।

ਸ਼ਾਹ ਮੁਹੰਮਦਾ ਜਾਣ ਪੱਚਾਸ ਬਰਸਾਂ, ਅੱਛਾ ਰੱਜ ਕੇ ਰਾਜ ਕਮਾਇ ਗਿਆ।

ਇਤਿਹਾਸ ਗਵਾਹ ਹੈ ਕਿ ਉਸੇ ਹੀ ਸਰਕਾਰ ਯਾਨੀ ਮਹਾਰਾਜਾ ਰਣਜੀਤ ਸਿੰਘ ਦੇ ਦੂਰ-ਦੂਰ ਪਸਰੇ ਰਾਜ ਵਿਚ ਪੰਜਾਬ ਤੋਂ ਇਲਾਵਾ ਸਤਲੁਜ ਤੇ ਸਿੰਧ ਦਰਿਆ ਵਿਚਕਾਰਲਾ ਸਾਰਾ ਇਲਾਕਾ, ਜੰਮੂ-ਕਸ਼ਮੀਰ, ਚੀਨ ਦੀ ਸਰਹੱਦ ਤਕ ਲੱਦਾਖ, ਮੌਜੂਦਾ ਸਾਰਾ ਹਿਮਾਚਲ, ਕੈਂਬਲਪੁਰ ਅਟਕ, ਸਿੰਧ ਪਾਰ ਦੇ ਡੇਰਾ ਜਾਤ, ਸੂਬਾ ਪਿਸ਼ਾਵਰ ਤੇ ਅਫ਼ਗਾਨ ਰਾਜ ਦਾ ਦੱਰਾ ਖ਼ੈਬਰ ਤਕ ਸ਼ਾਮਲ ਸੀ ਜਿੱਥੇ ਪੰਜਾਬੀ ਜਾਂ ਇਸ ਦੀਆਂ ਉਪ-ਭਾਸ਼ਾਵਾਂ ਦੀ ਸਰਦਾਰੀ ਸੀ। ਵਕਤ ਦਾ ਤਕਾਜ਼ਾ ਵੇਖੋ। ਜੰਗ ਹਿੰਦ- ਪੰਜਾਬ ਦੀ ਵੀ ਕਈ ਇਤਿਹਾਸਕ ਪੜਾਵਾਂ ਵਿਚੋਂ ਗੁਜ਼ਰੀ। ਇਹ ਹੁਣ ਪੰਜਾਬ ਦੀ ਮਾਂ-ਬੋਲੀ ਪੰਜਾਬੀ ਤਕ ਨੂੰ ਵੀ ਨਹੀਂ ਬਖਸ਼ ਰਹੀ। ਸੰਨ 1849 ਤਕ ਮਹਾਰਾਜਾ ਰਣਜੀਤ ਸਿੰਘ ਦੇ ਖ਼ਾਲਸਾ ਰਾਜ ਦਾ ਹਿੱਸਾ ਰਹੇ ਕਸ਼ਮੀਰ ਨੂੰ ਪੰਜਾਬੀ ਭਾਸ਼ਾ ਤੋਂ ਅੱਡ ਕੀਤਾ ਜਾ ਰਿਹਾ ਏ ਤੇ ਫਿਰ ਉਹ ਵੀ ਤਦ ਜਦ ਪੰਜਾਬੀ ਤੇ ਕਸ਼ਮੀਰੀਆਂ ਦੀ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨਕਾਲ ਸਮੇਂ ਤੋਂ ਬਣੀ ਗੂਹੜੀ ਸਾਂਝ ਬਰਕਰਾਰ ਨਾ ਰਹਿਣ ਦੇ ਮਨਸੂਬੇ ਕਾਮਯਾਬ ਹੋਣ ਲੱਗੇ ਹਨ।

ਹਿੰਦੁਸਤਾਨ ਦੀ ਆਜ਼ਾਦੀ ਸਮੇਂ ਪੰਜਾਬ ਦਾ ਸੀਨਾ ਚੀਰ ਕੇ 1947 ਵਿਚ ਕੀਤੀ ਤਕਸੀਮ ਦਾ ਦਰਦ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਬਾਸ਼ਿੰਦਿਆਂ ਨੂੰ ਅਜੇ ਤਕ ਵੀ ਨਹੀਂ ਭੁੱਲ ਸਕਿਆ। ਉਦੋਂ ਨਾ ਕੇਵਲ ਲੱਖਾਂ ਪੰਜਾਬੀਆਂ ਦਾ ਘਾਣ ਹੋਇਆ ਸਗੋਂ ਇਹ ਲਹੂ-ਲੁਹਾਨ ਹੋਏ ਪੰਜਾਬੀ ਸੱਭਿਆਚਾਰ ਤੇ ਮਾਂ-ਬੋਲੀ ਪੰਜਾਬੀ 'ਤੇ ਅਜਿਹਾ ਫਿਰਕੂ ਹਮਲਾ ਸੀ ਜਿਸ ਦੇ ਵਾਰ ਕਾਰਨ ਦੋਨੋਂ ਪਾਸੇ ਦੇ ਪੰਜਾਬੀ ਹੁਣ ਤਕ ਇਸ ਮਾਰ ਨੂੰ ਝੱਲਦੇ ਆ ਰਹੇ ਹਨ। ਹਿੰਦੁਸਤਾਨ ਨਾਲੋਂ ਵੱਢ ਕੇ ਬਣਾਏ ਪਾਕਿਸਤਾਨ ਵਿਚ ਰਹਿ ਗਏ ਪੰਜਾਬ ਵਿਚ ਪੰਜਾਬੀ ਨਾਲ ਹੋ ਰਹੇ ਧੱਕੇ ਬਾਰੇ ਚਰਚਾ ਕਦੇ ਫਿਰ ਸਹੀ, ਹਿੰਦੁਸਤਾਨ ਦੀ ਸਰਕਾਰ ਨੇ ਤਾਂ ਜੰਮੂ-ਕਸ਼ਮੀਰ ਵਿਚ ਹੀ ਪੰਜਾਬੀ ਨੂੰ ਜਲਾਵਤਨ ਕਰਨ ਦਾ ਮੰਦਭਾਗਾ ਕਦਮ ਚੁੱਕ ਲਿਆ ਹੈ। ਕਸ਼ਮੀਰ 'ਚੋਂ ਲੱਦਾਖ ਛਾਂਗ ਕੇ ਜੰਮੂ-ਕਸ਼ਮੀਰ ਨੂੰ ਵੀ ਕੇਂਦਰੀ ਸ਼ਾਸਿਤ ਪ੍ਰਦੇਸ਼ ਬਣਾਏ ਜਾਣ ਤੋਂ ਬਾਅਦ ਹੁਣ ਉੱਥੋਂ ਦੀਆਂ ਭਾਸ਼ਾਵਾਂ 'ਚੋਂ ਪੰਜਾਬੀ ਨੂੰ ਬਾਹਰ ਕੱਢ ਦਿੱਤਾ ਗਿਆ ਹੈ ਜਦਕਿ ਉਰਦੂ, ਡੋਗਰੀ, ਕਸ਼ਮੀਰੀ, ਪਹਾੜੀ, ਲੱਦਾਖੀ, ਬਾਲਤੀ, ਗੋਜਰੀ ਤੇ ਦਰੀ ਧਰਤੀ 'ਤੇ ਜਾਣੀ ਜਾਂਦੀ ਇਸ ਜੰਨਤ ਦਾ 'ਸ਼ਿੰਗਾਰ' ਰਹਿਣਗੀਆਂ।

ਸਿਤਮ ਇਹ ਹੈ ਕਿ ਹਿੰਦੁਸਤਾਨ ਦੀ ਮਰਕਜ਼ ਨੇ ਜੰਮੂ-ਕਸ਼ਮੀਰ ਨੂੰ ਲੱਦਾਖ ਨਾਲੋਂ ਅੱਡ ਕਰ ਕੇ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਉਣ ਤੋਂ ਬਾਅਦ ਜਿਸ ਵਿਤਕਰੇ ਨਾਲ ਬਰਾਸਤਾ ਕਸ਼ਮੀਰ ਪ੍ਰਸ਼ਾਸਨ ਪੰਜਾਬੀ ਨੂੰ ਸਰਕਾਰੀ ਭਾਸ਼ਾ ਦੀ ਸੂਚੀ 'ਚੋਂ ਬਾਹਰ ਕੀਤਾ ਹੈ, ਉਸ ਨਾਲ ਜੰਮੂ-ਕਸ਼ਮੀਰ ਵਿਚ ਵਸਦੇ ਪੰਜਾਬੀਆਂ ਤੋਂ ਲੈ ਕੇ ਵਿਸ਼ਵ ਭਰ ਦੇ ਪੰਜਾਬੀ ਭਾਈਚਾਰੇ ਵਿਚ ਤਾਂ ਵਿਆਪਕ ਰੋਸ ਹੈ ਹੀ, ਮੀਆਂ ਮੁਹੰਮਦ ਬਖ਼ਸ਼ ਦੀ ਰੂਹ ਵੀ ਕੁਰਲਾਈ ਹੋਵੇਗੀ। ਸਾਡੀ ਅਮੀਰ ਪੰਜਾਬੀ ਜ਼ੁਬਾਨ ਨਾਲ ਲਬਰੇਜ਼ ਹਿੰਦੁਸਤਾਨ ਦੀ ਤਕਸੀਮ ਤੋਂ ਪਹਿਲਾਂ ਵਾਲਾ ਇਹ ਉਹੀ ਕਸ਼ਮੀਰ ਹੈ ਜਿਸ ਦੇ ਖਿੱਤੇ ਮੀਰਪੁਰ ਵਿਚ ਪੈਦਾ ਹੋਇਆ ਵਿਸ਼ਵ ਪ੍ਰਸਿੱਧ ਸੂਫੀ ਸ਼ਾਇਰ ਮੀਆਂ ਮੁਹੰਮਦ ਬਕਸ਼ ਤਾਂ 'ਜੰਨਤ' ਵਿਚ ਪੰਜਾਬੀ ਜ਼ੁਬਾਨ ਦੀਆਂ ਡੂੰਘੀਆਂ ਜੜ੍ਹਾਂ ਦੀ ਗਵਾਹੀ ਹੈ :

ਮਾਲੀ ਦਾ ਕੰਮ ਪਾਣੀ ਪਾਉਣਾ ਭਰ-ਭਰ ਮਸ਼ਕਾਂ ਪਾਵੇ,
ਮਾਲਕ ਦਾ ਕੰਮ ਫ਼ਲ ਲਾਉਣਾ ਲਾਵੇ ਯਾ ਨਾ ਲਾਵੇ।

ਪਰ ਦੁੱਖ ਇਸ ਗੱਲ ਦਾ ਹੈ ਕਿ ਹੁਣ ਵਾੜ ਹੀ ਖੇਤ ਨੂੰ ਖਾਣ ਲੱਗੀ ਹੈ। ਮਾਲਕ ਨੂੰ ਫ਼ਲ ਲਾਉਣ ਦਾ ਮੌਕਾ ਤਾਂ ਹੀ ਮਿਲੂ ਜੇ ਉਹਦੇ ਮਾਲੀ ਇਮਾਨਦਾਰ ਹੋਣ। ਸਾਡੀ ਮਾਦਰੀ ਜ਼ੁਬਾਨ 'ਤੇ ਟਕੂਆ ਚਲਾਉਣ ਲਈ ਕਾਹਲੇ ਇਨਾਂ ਮਾਲੀਆਂ ਦੇ ਹੇਜ ਤੇ ਪਿਆਰ ਵਿਚਲਾ ਫ਼ਰਕ ਤਕ ਵੀ 'ਮਾਲਕ' ਨਹੀਂ ਸਮਝ ਰਿਹਾ।

ਅੱਧੀ ਸਦੀ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦਾ ਸ਼ਿੰਗਾਰ ਰਹੇ ਧਰਤੀ 'ਤੇ ਜੰਨਤ ਕਸ਼ਮੀਰ ਵਿਚ ਤਕਰੀਬਨ ਹਰ ਸ਼ਖ਼ਸ ਪੰਜਾਬੀ ਬੋਲਦਾ ਅਤੇ ਸਮਝਦਾ ਹੈ। ਜੰਮੂ-ਕਸ਼ਮੀਰ ਵਿਚ 20 ਲੱਖ ਤੋਂ ਵੱਧ ਲੋਕ ਪੰਜਾਬੀ ਬੋਲਦੇ ਹਨ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਬਣ ਚੁੱਕੀ ਇਸ ਰਿਆਸਤ ਦੀ 33 ਫ਼ੀਸਦੀ ਆਬਾਦੀ ਪੰਜਾਬੀਆਂ ਦੀ ਹੈ। ਇੱਥੇ ਪੰਜਾਬੀ ਉਰਦੂ ਵਾਂਗ ਲਾਜ਼ਮੀ ਤੌਰ 'ਤੇ ਪੜ੍ਹਾਈ ਜਾਣ ਕਾਰਨ ਯੂਨੀਵਰਸਿਟੀ ਤਕ ਪੰਜਾਬੀ ਦਾ ਆਪਣਾ ਵਿਭਾਗ ਹੈ, ਪੰਜਾਬੀ 'ਚ ਡਾਕਟਰੇਟ ਡਿਗਰੀਆਂ ਦਿੱਤੀਆਂ ਜਾਂਦੀਆਂ ਹਨ। ਸਦਰ-ਏ-ਰਿਆਸਤ ਕਸ਼ਮੀਰ ਵਿਚੋਂ ਆਰਟੀਕਲ 370 ਖ਼ਤਮ ਕਰ ਕੇ ਇਹ ਰਾਜ ਸਿੱਧਾ ਮਰਕਜ਼ (ਕੇਂਦਰ) ਦੇ ਕੰਟਰੋਲ ਹੇਠ ਆਉਣ ਕਾਰਨ ਸਾਰਾ ਕੇਂਦਰੀ ਫੋਕਸ ਪੰਜਾਬੀ 'ਤੇ ਕੁਹਾੜਾ ਚਲਾਉਣ 'ਤੇ ਟਿਕ ਗਿਆ ਹੈ। ਇਹ ਪ੍ਰਦੇਸ਼ ਪੰਜਾਬੀ ਦੀਆਂ ਉਪ ਭਾਸ਼ਾਵਾਂ ਨੂੰ ਤਾਂ ਮਾਨਤਾ ਦੇ ਕੇ ਸਹਿਣ ਨੂੰ ਤਿਆਰ ਹੈ ਪਰ 'ਮਾਲੀ' ਆਪਣੇ ਮਾਲਕ ਨੂੰ ਭਰਮਾਉਣ ਵਿਚ ਸਫਲ ਹੋ ਗਏ ਹਨ। ਇਸ ਦਾ ਉਹਲਾ ਰੱਖ ਕੇ ਕਿ ਦੱਰਾ ਖ਼ੈਬਰ ਤੋਂ ਲੈ ਕੇ ਜੰਮੂ ਤਕ ਲਹਿੰਦੀ ਜ਼ੁਬਾਨ ਦੀ ਚੜ੍ਹਤ ਰਹੀ ਹੈ। ਇਸ ਦੀ ਸ਼ਾਹਦੀ ਮੁਹੰਮਦ ਬਖ਼ਸ਼ ਦੀਆਂ ਸ਼ਾਹਕਾਰ ਰਚਨਾਵਾਂ ਹਨ।

ਦਰਅਸਲ ਹਕੂਮਤ-ਏ-ਹਿੰਦ ਨੂੰ ਤਾਂ ਕਦੇ ਵੀ ਫ਼ਰਕ ਨਹੀਂ ਪੈਂਦਾ, ਪੰਜਾਬ ਦੀ ਸਰਕਾਰ ਵੀ ਪੰਜਾਬੀ ਨੂੰ ਪਟਰਾਣੀ ਬਣਾਉਣ ਤੋਂ ਟਾਲਾ ਵੱਟੀ ਬੈਠੀ ਹੈ। ਸੰਨ 1967-68 ਵਿਚ ਪੰਜਾਬ ਦੇ ਹੁਕਮਰਾਨ ਲਛਮਣ ਸਿੰਘ ਗਿੱਲ ਨੇ ਜ਼ਰੂਰ ਇਸ ਨੂੰ ਆਪਣੀਆਂ ਪਲਕਾਂ 'ਤੇ ਬਿਠਾਇਆ ਸੀ ਪਰ ਉਹਦੇ ਅੱਖਾਂ ਮੀਟਦਿਆਂ ਹੀ ਹੁਣ ਤਕ ਅਜਿਹਾ ਮਾਣ-ਸਨਮਾਨ ਪੰਜਾਬੀ ਨੂੰ ਕਦੇ ਵੀ ਹਾਸਲ ਨਹੀਂ ਹੋ ਸਕਿਆ।

ਪੁਆੜੇ ਦੀ ਜੜ ਸਾਂਝੇ ਚੰਡੀਗੜ੍ਹ ਵਾਂਗ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਵੀ ਉਰਦੂ ਦੇ ਬਰਾਬਰ ਪੰਜਾਬੀ ਸਾਂਝੀ ਦੂਜੀ ਭਾਸ਼ਾ ਹੈ ਜਦਕਿ ਵਿਦੇਸ਼ਾਂ ਵਿਚ ਪੰਜਾਬੀ ਦੀ ਚੜ੍ਹਤ-ਬੜ੍ਹਤ ਤੇ ਬੜ੍ਹਕ ਬਰਕਰਾਰ ਹੈ। ਇਹੋ ਵਜਾ ਹੈ ਕਿ ਆਪਣਿਆਂ ਵੱਲੋਂ ਹੀ ਆਪਣੀ ਮਾਂ-ਬੋਲੀ ਨੂੰ ਆਪਣੇ ਹੀ ਮੁਲਕ ਵਿਚ ਟਿੱਚ ਸਮਝਣ ਕਾਰਨ ਇਹਦਾ ਕਸ਼ਮੀਰ ਵਿਚ ਮਾੜਾ ਹਸ਼ਰ ਸਹਿਣ ਕਰਨਾ ਪੈ ਰਿਹਾ ਹੈ। ਹਿੰਦੁਸਤਾਨ ਦੇ ਮੌਜੂਦਾ ਹੁਕਮਰਾਨਾਂ ਜਿਨਾਂ ਵਿਚ ਪੰਜਾਬ ਦੀ ਨੁਮਾਇੰਦਗੀ ਕਰ ਰਹੀ ਹਰਸਿਮਰਤ ਕੌਰ ਬਾਦਲ ਵੀ ਭਾਈਵਾਲ ਸੀ, ਨੇ ਪੰਜਾਬੀ ਤੋਂ ਮੁਕੰਮਲ ਮੁੱਖ ਮੋੜਦਿਆਂ ਜੰਮੂ-ਕਸ਼ਮੀਰ ਵਿਚ ਹਿੰਦੀ, ਕਸ਼ਮੀਰੀ, ਡੋਗਰੀ ਅੰਗਰੇਜ਼ੀ ਤੇ ਉਰਦੂ ਨੂੰ ਅਪਨਾਉਣ ਦੇ ਮਤੇ ਨੂੰ ਅਧਿਕਾਰਤ ਭਾਸ਼ਾਵਾਂ ਦੇ ਰੂਪ ਵਿਚ ਬਰਾਸਤਾ ਕਸ਼ਮੀਰ ਪ੍ਰਸ਼ਾਸਨ ਪਾਸ ਕੀਤਾ ਹੈ। ਪਹਿਲਾਂ ਅਧਿਕਾਰਤ ਭਾਸ਼ਾ ਕੇਵਲ ਉਰਦੂ ਹੋਇਆ ਕਰਦੀ ਸੀ।

ਇਹ ਤਜਵੀਜ਼ ਤਬਦੀਲੀ ਸਤੰਬਰ 2020 ਦੇ ਮੌਨਸੂਨ ਇਜਲਾਸ ਵਿਚ ਪਾਰਲੀਮੈਂਟ ਦੁਆਰਾ ਮਨਜ਼ੂਰ ਕਰ ਲਈ ਗਈ ਹੈ। ਹਾਲਾਂਕਿ ਪੰਜਾਬੀ ਦੇ ਲੰਬਾ ਸਮਾਂ ਹੁਕਮਰਾਨ ਰਹੇ ਬਾਦਲਾਂ ਦੀ ਕਦੇ ਸੱਜੀ ਬਾਂਹ ਬਣੇ ਰਹੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਮੁਲਕ ਦੇ ਹੁਕਮਰਾਨ ਨਰਿੰਦਰ ਮੋਦੀ ਨੂੰ ਇਸ ਮੰਦਭਾਗੇ ਫ਼ੈਸਲੇ ਦੀ ਸਮੀਖਿਆ ਕਰਨ ਅਤੇ ਪੰਜਾਬੀ ਨੂੰ ਜੰਮੂ ਤੇ ਕਸ਼ਮੀਰ ਦੀਆਂ ਅਧਿਕਾਰਤ ਭਾਸ਼ਾਵਾਂ ਵਿਚ ਸ਼ਾਮਲ ਕਰਨ ਦੀ ਅਪੀਲ ਕਰਨ ਤੋਂ ਇਲਾਵਾ ਸੰਵੇਦਨਸ਼ੀਲ ਮੁੱਦਾ ਇਸ ਇਜਲਾਸ ਦੌਰਾਨ ਸਦਨ ਵਿਚ ਚੁੱਕਣ ਦਾ ਅਹਿਦ ਲਿਆ ਸੀ। ਲੋਕ ਸਭਾ ਮੈਂਬਰ ਮਨੀਸ਼ ਤਿਵਾੜੀ ਗਰਜਵੀਂ ਆਵਾਜ਼ 'ਚ ਜਦਕਿ ਪੰਜਾਬ ਦੇ ਸਾਬਕਾ ਹੁਕਮਰਾਨ ਸੁਖਬੀਰ ਸਿੰਘ ਬਾਦਲ ਮੁਸਕਰਾਹਟ ਭਰੇ ਲਹਿਜ਼ੇ 'ਚ ਪਾਰਲੀਮੈਂਟ ਅੰਦਰ ਜੰਮੂ-ਕਸ਼ਮੀਰ ਸਰਕਾਰ ਦੇ ਇਸ ਪੰਜਾਬੀ ਵਿਰੋਧੀ ਕਾਰੇ ਦੀ ਨਿਖੇਧੀ ਕਰ ਚੁੱਕੇ ਹਨ ਪਰ ਪੰਜਾਬੀ, ਪੰਜਾਬੀ ਦੇ ਸ਼ਰਫ਼ ਸੇਵਕ, ਸਦਾ ਖ਼ੈਰ ਪੰਜਾਬੀ ਦੀ ਮੰਗਣ ਦੇ ਸ਼ੁਦਾਈ ਬਾਬੂ ਫੀਰੋਜ਼ਦੀਨ ਸ਼ਰਫ਼ ਦੇ ਕੀਰਨੇ ਕੌਣ ਸੁਣੇ : ਮੁੱਠਾਂ ਮੀਟ ਕੇ ਨੁੱਕਰੇ ਹਾਂ ਬੈਠੀ, ਟੁੱਟੀ ਹੋਈ ਸਤਾਰ ਰਬਾਬੀਆਂ ਦੀ। ਪੁੱਛੀ ਬਾਤ ਨਾ ਜਿਨਾਂ ਨੇ ਸ਼ਰਫ਼ ਮੇਰੀ, ਵੇ ਮੈਂ ਬੋਲੀ ਹਾਂ ਉਨਾਂ ਪੰਜਾਬੀਆਂ ਦੀ।

ਉਫ਼! ਹਾਲਾਤ ਦੀ ਸਿਤਮ-ਜ਼ਰੀਫੀ ਵੇਖੋ ਕਿ ਇਹ ਸਭ ਤਦ ਹੋ ਰਿਹਾ ਹੈ ਜਦ 1675 ਵਿਚ ਕਸ਼ਮੀਰੀ ਪੰਡਿਤਾਂ ਦੀ ਆਬਰੂ ਬਚਾਉਣ ਲਈ ਸ਼ਹਾਦਤ ਦੇਣ ਵਾਲੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਜਨਮ ਸ਼ਤਾਬਦੀ ਜਸ਼ਨਾਂ ਮੌਕੇ ਗੁਰੂ ਸਾਹਿਬਾਨ ਦੀ ਜ਼ੁਬਾਨ ਨੂੰ ਹੀ ਕਸ਼ਮੀਰ ਨਿਕਾਲਾ ਦਿੱਤਾ ਜਾ ਰਿਹਾ ਹੈ। ...ਕਾਸ਼ ਅੱਜ 'ਸਰਕਾਰ' ਹੁੰਦੀ!

# ਸਮੇਂ ਦਾ ਹਾਣੀ ਨਹੀਂ ਬਣ ਰਿਹਾ ਸਾਡਾ ਸਮਾਜ

**- ਹਰਕੀਰਤ ਕੌਰ ਸਭਰਾ**
**9779118066**

ਸਮਾਂ ਨਿਰੰਤਰ ਚਾਲ ਚੱਲਦਾ ਹੈ। ਇਹ ਕਿਸੇ ਲਈ ਰੁਕਿਆ ਨਹੀਂ।ਸਮੇਂ ਦਾ ਗੇੜ ਜਿਉਂ ਜਿਉਂ ਚੱਲਦਾ ਹੈ ਤਿਉਂ ਤਿਉਂ ਸਮਾਜ ਵਿੱਚ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ। ਇਹ ਤਬਦੀਲੀਆਂ ਹਰ ਖੇਤਰ ਵਿੱਚ ਹੁੰਦੀਆਂ ਹਨ। ਰਹਿਣ ਸਹਿਣ, ਜਰੂਰੀ ਵਸਤਾਂ, ਕਦਰਾਂ ਕੀਮਤਾਂ ਹਰ ਇੱਕ ਚੀਜ਼ ਵਿੱਚ ਸਮੇਂ ਦੇ ਨਾਲ ਪਰਿਵਰਤਨ ਆਉਂਦਾ ਰਹਿੰਦਾ ਹੈ। ਇਹ ਪਰਿਵਰਤਨ ਲਾਜ਼ਮੀ ਵੀ ਹੈ। ਜਿਹੜੇ ਸਮਾਜ ਸਮੇਂ ਦੇ ਪੱਬ ਨਾਲ ਪੱਬ ਪੁੱਟਦੇ ਹਨ, ਉਹ ਸਮਾਜ, ਦੇਸ਼ ਦੁਨੀਆਂ ਦੇ ਨਕਸ਼ੇ ਤੇ ਵੱਖਰੇ ਹੀ ਚਮਕਦੇ ਹਨ। ਜੇਕਰ ਵੇਖਿਆ ਜਾਵੇ ਤਾਂ ਅਮਰੀਕਾ, ਕਨੇਡਾ ਵਰਗੇ ਦੇਸ਼ਾਂ ਦੇ ਵਿਕਸਿਤ ਹੋਣ ਦਾ ਰਾਜ ਕੇਵਲ ਇੱਕ ਹੀ ਹੈ, ਉਹਨਾਂ ਦਾ ਸਮੇਂ ਦੇ ਹਾਣੀ ਹੋਣਾ। ਮੈਂ ਬਹੁਤ ਸਾਰੇ ਲੋਕਾਂ ਨੂੰ ਇਹ ਕਹਿੰਦੇ ਸੁਣਿਆ ਕਿ ਸਾਡੇ ਕੋਲੋਂ ਚਰਖੇ, ਮਧਾਣੀਆਂ, ਬਲਦਾਂ ਵਾਲੇ ਹਲ ਸਭ ਵਿਸਰ ਗਿਆ, ਅਤੇ ਨਾਮ ਦੇ ਦਿੱਤਾ ਜਾਂਦਾ ਹੈ ਸੱਭਿਆਚਾਰ ਨੂੰ ਭੁੱਲਣ ਦਾ। ਪਰ ਇੱਥੇ ਇੱਕ ਗੱਲ ਨੂੰ ਬਹੁਤ ਹੀ ਗਹਿਰਾਈ ਨਾਲ ਸੋਚਣਾ ਪਵੇਗਾ... ਮਾਣਯੋਗ ਜਸਵੰਤ ਸਿੰਘ ਜ਼ਫ਼ਰ ਹੋਰੀ ਵੀ ਕਹਿੰਦੇ ਹਨ ਕਿ ਵਸਤਾਂ ਦਾ ਕੋਈ ਸੱਭਿਆਚਾਰ ਨਹੀਂ ਹੁੰਦਾ। ਮੈਂ ਵੀ ਇਸ ਗੱਲ ਨਾਲ ਪੂਰੀ ਤਰਾਂ ਸਹਿਮਤ ਹਾਂ ਕਿ ਵਸਤਾਂ ਦਾ ਕੋਈ ਸੱਭਿਆਚਾਰ ਨਹੀਂ ਹੁੰਦਾ। ਸੱਭਿਆਚਾਰ ਹੁੰਦਾ ਹੈ, ਸਾਡੀਆਂ ਮਾਨਤਾਵਾਂ ਦਾ, ਸਾਡੇ ਰੀਤੀ ਰਿਵਾਜ਼ਾਂ ਦਾ, ਸਾਡੇ ਵਿਸ਼ਵਾਸ਼ਾਂ ਦਾ।

ਉਦਹਾਰਣ ਦੇ ਤੌਰ ਤੇ ਇੱਕ ਸਮਾਂ ਸੀ ਜਦੋਂ ਸਾਡੇ ਦਾਦੇ ਬਾਬੇ ਬਲਦਾਂ ਨਾਲ ਖੇਤੀ ਕਰਦੇ ਸਨ, ਕਿਉਂਕਿ ਉਨਾਂ ਕੋਲ ਟਰੈਕਟਰ ਨਹੀਂ ਸਨ। ਇੱਕ ਸਮਾਂ ਸੀ ਜਦੋਂ ਬੀਬੀਆਂ ਹੱਥ ਵਾਲੀ ਮਧਾਣੀ ਨਾਲ ਦੁੱਧ ਰਿੜਕਦੀਆਂ ਸਨ, ਕਿਉਂਕਿ ਸਾਡੇ ਕੋਲ ਮਸ਼ੀਨੀ ਮਧਾਣੀਆਂ ਨਹੀਂ ਸਨ। ਉਸ ਸਮੇਂ ਬਲਦਾਂ ਨਾਲ ਖੇਤੀ ਕਰਨਾ ਸਮੇਂ ਦੀ ਲੋੜ ਸੀ। ਪਰ ਜੇਕਰ ਅੱਜ ਵਿਗਿਆਨ ਦੀ ਤਰੱਕੀ ਨਾਲ ਸਾਡੇ ਕੋਲ ਸਰਲ ਸਾਧਨ ਹਨ ਤਾਂ ਉਨਾਂ ਦੀ ਵਰਤੋਂ ਨਾ ਕਰਨਾ ਕੋਈ ਸੁਚੱਜੀ ਸੋਚ ਨਹੀਂ ਹੋਵੇਗੀ। ਸਮੇਂ ਦੇ ਬੀਤਣ ਨਾਲ ਕੁਝ ਨਵੀਆਂ ਕਾਢਾਂ ਨੂੰ ਵਰਤਣਾ ਕੋਈ ਆਪਣੇ ਸੱਭਿਆਚਾਰ ਤੋਂ ਦੂਰ ਹੋਣਾ ਨਹੀਂ ਅਖਵਾਉਂਦਾ ਹੈ। ਇਹ ਗੱਲ

**ਸਾਡਾ ਸਮਾਜ**

ਜਰੂਰ ਹੈ ਕਿ ਇਹ ਸਾਰੀਆਂ ਵਸਤਾਂ ਸਾਡੇ ਪੁਰਾਤਨ ਪੰਜਾਬ ਦਾ ਇੱਕ ਹਿੱਸਾ ਰਹੀਆਂ ਹਨ ਅਤੇ ਰਹਿਣਗੀਆਂ। ਮੈਂ ਇੱਥੇ ਇਸ ਗੱਲ ਨੂੰ ਵੀ ਕਹਿਣ ਤੋਂ ਗੁਰੇਜ਼ ਨਹੀਂ ਕਰਾਂਗੀ ਕਿ ਬਹੁਤ ਸਾਰੇ ਲੋਕ ਜੋ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਅਸੀਂ ਪੁਰਾਤਨ ਵਸਤੂਆਂ ਦੀ ਵਰਤੋਂ ਘੱਟ ਕਰ ਰਹੇ ਹਾਂ ਖੁਦ ਆਪਣੇ ਘਰਾਂ ਵਿੱਚ ਹਰ ਨਵੇਂ ਤੌਰ ਤਰੀਕੇ ਵਾਲੀ ਵਸਤੂ ਦੀ ਵਰਤੋਂ ਕਰ ਰਹੇ ਹੁੰਦੇ ਹਨ। ਸਾਨੂੰ ਇਹ ਗੱਲ ਸਮਝਣੀ ਪਵੇਗੀ ਕਿ ਸਾਨੂੰ ਸਮੇਂ ਦੇ ਹਾਣੀ ਹੋਣਾ ਪਵੇਗਾ। ਇਸ ਤੋਂ ਇਲਾਵਾ ਮੈਂ ਦੂਸਰਾ ਪੱਖ ਰੱਖਾਂਗੀ ਸਮਾਂ ਬੀਤਦਾ ਗਿਆ, ਬਹੁਤ ਸਾਰੀਆਂ ਤਬਦੀਲੀਆਂ ਆਉਂਦੀਆਂ ਰਹੀਆਂ। ਸਾਡੇ ਰਹਿਣ ਸਹਿਣ ਦੇ ਤੌਰ ਤਰੀਕੇ ਵੀ ਬਦਲ ਗਏ ਪਰ ਸਾਡੀ ਮਾਨਸਿਕਤਾ ਨਹੀਂ ਬਦਲੀ। ਕਹਿਣ ਨੂੰ ਅੱਜ ਅਸੀਂ ਅਜ਼ਾਦ ਦੇਸ਼ ਦੇ ਵਸਨੀਕ ਹਾਂ ਪਰ ਬਹੁਤਾਤ ਲੋਕ ਅੱਜ ਵੀ ਗੁਲਾਮੀ ਵਾਲੀ ਜਿੰਦਗੀ ਜੀ ਰਹੇ ਹਨ। ਫਰਕ ਸਿਰਫ ਏਨਾ ਹੈ ਕਿ ਅੱਜ ਅਸੀਂ ਆਪਣੀ ਸੋਚ ਅਤੇ ਆਪਣਿਆਂ ਦੇ ਗੁਲਾਮ ਹਾਂ।

ਬਹੁਤ ਸਾਰੇ ਲੋਕਾਂ ਨੂੰ ਲੱਗਦਾ ਹੈ ਕਿ ਸਾਡੇ ਦੇਸ਼ ਨੇ ਬਹੁਤ ਤਰੱਕੀ ਕਰ ਲਈ ਹੈ। ਪਰ ਇਹ ਸੱਚ ਨਹੀਂ ਸਾਡਾ ਦੇਸ਼ ਸਮੇਂ ਦਾ ਹਾਣੀ ਹੈ ਹੀ ਨਹੀਂ ਕਿਉਂਕਿ ਅੱਜ ਤੱਕ ਸਾਡੀਆਂ ਸਰਕਾਰਾਂ ਨੇ ਅਜਿਹੇ ਸਾਧਨ ਮੁਹੱਈਆ ਹੀ ਨਹੀਂ ਕਰਵਾਏ ਕਿ ਸਾਡਾ ਸਮਾਜ ਸਮੇਂ ਦੇ ਨਾਲ ਚੱਲ ਸਕੇ। ਜਿਸ ਤਰੱਕੀ ਦੇ ਰਾਹ ਤੇ ਅਸੀਂ ਅੱਜ ਚੱਲ ਰਹੇਂ ਹਾਂ, ਵਿਕਸਤ ਦੇਸ਼ ਇਸ ਰਾਹ ਨੂੰ ਟੱਪ ਕਦੋਂ ਦੇ ਅੱਗੇ ਲੰਘ ਚੁੱਕੇ ਹਨ। ਇਸਤੋਂ ਇਲਾਵਾ ਦੁਨੀਆ ਚੰਨ ਤੱਕ ਪੁਹੰਚ ਗਈ ਪਰ ਸਾਡੇ ਦੇਸ਼ ਦੇ ਬਹੁਤਾਤ ਲੋਕ ਰੋਟੀ, ਮਕਾਨ ਲਈ ਤਰਸਦੇ ਹਨ। ਦੁਨੀਆਂ ਨੇ ਵਹਿਮਾਂ ਭਰਮਾ ਵਿੱਚ ਨਾ ਉਲਝ ਕੇ ਦਿਮਾਗ ਨੂੰ ਵਿਗਆਨ ਦੀਆਂ ਗੁੰਝਲਾਂ ਸੁਲਝਾਉਣ ਵਿੱਚ ਲਾ ਲਿਆ ਤੇ ਸਾਡੇ ਹਾਲੇ ਵੀ ਕੀ ਨੇਤਾ ਵੀ, ਕੀ ਜਨਤਾ ਝੂਠੇ ਸਾਧੂਆਂ ਦੇ ਡੇਰਿਆਂ ਤੇ ਨੱਕ ਹੀ ਰਗੜੀ ਜਾਂਦੇ ਹਨ। ਹੁਣ ਮੇਰੇ ਕਈ ਸਤਿਕਾਰਯੋਗ ਪਾਠਕਾਂ ਦੇ ਮਨਾਂ ਵਿੱਚ ਸਵਾਲ ਆਇਆ ਕਿ 'ਨਾ ਜੀ ਸਾਡੇ ਦੇਸ਼ ਨੇ ਤਾਂ ਬਹੁਤ ਤਰੱਕੀ ਕਰ ਲਈ' ਪਰ ਮੈਂ ਦੱਸਣਾ ਚਾਹਾਂਗੀ ਸਾਡੇ ਦੇਸ਼ ਨੇ ਕੋਈ ਤਰੱਕੀ ਨਹੀਂ ਕੀਤੀ, ਬਲਕਿ ਇੱਕ ਖਾਸ ਅਮੀਰ ਵਰਗ ਨੇ ਤਰੱਕੀ ਕੀਤੀ ਹੈ... ਬਹੁਤਾਤ ਜਨਤਾ ਅੱਜ ਵੀ ਦੁਰਬਲਤਾ ਤੇ ਗਰੀਬੀ ਵਾਲਾ ਜੀਵਨ ਜੀ ਰਹੀ ਹੈ। ਸਾਡੇ ਸਾਹਮਣੇ ਮੀਡੀਆ ਦੇ ਜਰੀਏ ਜਿਹੜੀ ਤਸਵੀਰ ਪੇਸ਼ ਕੀਤੀ ਜਾਂਦੀ ਹੈ, ਉਹ ਕੇਵਲ ਇੱਕ ਖਾਸ ਵਰਗ ਦੀ ਹੈ, ਪਰ ਅਸਲ ਵਿੱਚ ਲੋਕ ਕਿਸ ਤਰਾਂ ਦਾ ਜੀਵਨ ਬਿਤਾ ਰਹੇ ਹਨ ਉਨਾਂ ਤੱਕ ਮੀਡੀਆ ਦੇ ਕੈਮਰੇ, ਰਾਜ ਨੇਤਾਵਾਂ ਦੀਆਂ ਗੱਡੀਆਂ ਅਤੇ ਲਿਖਾਰੀਆਂ ਦੀਆਂ ਕਲਮਾਂ ਨਹੀ ਪਹੁੰਚਦੀਆਂ। ਹੁਣ ਇੱਕ ਹੋਰ ਜਿਊਦੀ ਜਾਗਦੀ ਉਦਾਹਰਣ ਦੇਣ ਲੱਗੀ ਹਾਂ, ਕਿ ਜੇਕਰ ਅੱਜ ਸਾਡੇ ਕਿਸਾਨ ਸੜਕਾਂ ਤੇ ਧੱਕੇ ਖਾ ਰਹੇ ਹਨ ਤਾਂ ਇਸ ਪਿੱਛੇ ਵੀ ਕਾਰਣ ਇਹੀ ਹੈ ਕਿ ਅਸੀਂ ਸਾਰੇ ਕੇਵਲ ਝੂਠੇ ਨੇਤਾਵਾਂ ਦੇ ਭਾਸ਼ਣ ਸੁਣਦੇ ਰਹੇ, ਉਨਾਂ ਦੇ ਮੂੰਹ ਵੱਲ ਤੱਕਦੇ ਰਹੇ ਅਤੇ ਇੰਤਜ਼ਾਰ ਕਰਦੇ ਰਹੇ ਕਿ ਕਦੋਂ ਕੋਈ ਆਵੇ ਤੇ ਸਾਡੀ ਮਦਦ ਕਰੇ। ਪਰ ਆਖਰਕਾਰ ਹੋਇਆ ਕੀ, ਸਾਨੂੰ ਸਾਰਿਆਂ ਨੂੰ ਖੁਦ ਇੱਕਜੁਟ ਹੋਣਾ ਪਇਆ। ਖੁਦ ਸਮੇਂ ਦੀ ਚਾਲ ਨੂੰ ਪਹਿਚਾਣਣਾ ਪਿਆ। ਜੇਕਰ ਅੱਜ ਸਮੇਂ ਦੇ ਨਾਲ ਚੱਲ ਕੇ ਕੋਈ ਹੀਲਾ ਕਰ ਰਹੇ ਹਾਂ ਤਾਂ ਆਸ ਹੈ ਕਿ ਕੋਈ ਕਾਰਗਰ ਨਤੀਜੇ ਵੀ ਸਾਹਮਣੇ ਆ ਜਾਣਗੇ । ਇਸ ਤਰਾਂ ਖੇਤਰ, ਕਿੱਤਾ ਕੋਈ ਵੀ ਹੋਵੇ ਹਰ ਇੱਕ ਨੂੰ ਸਮੇਂ ਦੇ ਨਾਲ ਚੱਲਣਾ ਪਵੇਗਾ। ਜੋ ਸਮੇਂ ਦੇ ਹਾਣੀ ਹੁੰਦੇ ਹਨ ਉਨਾਂ ਦਾ ਨਾਮ ਦੁਨੀਆਂ ਉੱਤੇ ਸਿਤਾਰਿਆਂ ਵਾਗੂੰ ਚਮਕਦਾ ਹੈ ਅਤੇ ਜੋ ਸਮੇਂ ਦੇ ਹਾਣੀ ਨਹੀਂ ਹੁੰਦੇ ਸਮਾਂ ਉਨਾਂ ਨੂੰ ਐਸਾ ਪਛਾੜਦਾ ਹੈ ਕਿ ਉਹ ਦੁਨੀਆਂ ਦੀ ਭੀੜ ਵਿੱਚ ਗੁੰਮਨਾਮ ਹੋ ਕੇ ਰਹਿ ਜਾਂਦੇ ਹਨ ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**


# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਗੁਰਗੱਦੀ ਤੇ ਵਿਸ਼ੇਸ਼: ਗੁਰੂ ਅੰਗਦ ਦੇਵ ਸਾਹਿਬ ਜੀ



- ਪ੍ਰਮਿੰਦਰ ਸਿੰਘ ਪ੍ਰਵਾਨਾ

ਮੁਗਲ ਬਾਦਸ਼ਾਹ ਹਿਮਾਂਯੂ ਦੀ ਹਕੂਮਤ ਦਾ ਸਮਾਂ ਸੀ। ਅਰਾਜਕਤਾ ਦਾ ਦੌਰ ਸੀ। ਉਸ ਸਮੇਂ ਸਿੱਖ ਧਰਮ ਦੇ ਦੂਸਰੇ ਪਾਤਸ਼ਾਹ ਗੁਰੂ ਅੰਗਦ ਦੇਵ ਸਾਹਿਬ ਜੀ ਨੇ 1539-1552 ਈ. 13 ਸਾਲ ਤੱਕ ਖਡੂਰ ਸਾਹਿਬ ਦੀ ਪਾਵਨ ਇਤਿਹਾਸਕ ਨਗਰੀ ਤੋਂ ਸਿੱਖੀ ਦਾ ਪ੍ਰਚਾਰ ਜਾਰੀ ਰੱਖਿਆ। ਉਨਾਂ ਨੇ ਗੁਰਮਤਿ ਦੇ ਵਿਕਾਸ ਵਿਚ ਬਹੁਤ ਵੱਡਾ ਯੋਗਦਾਨ ਪਾਇਆ। ਗੁਰੂ ਨਾਨਕ ਦੇਵ ਸਾਹਿਬ ਜੀ ਦੇ ਮਨੁੱਖਤਾ ਦੀ ਭਲਾਈ ਦੇ ਸੰਕਲਪ ਨੂੰ ਅਗਾਂਹ ਤੋਰਿਆ।

ਗੁਰੂ ਅੰਗਦ ਦੇਵ ਸਾਹਿਬ (ਪ੍ਰਵਾਰਕ ਨਾਉਂ ਲਹਿਣਾ) ਜੀ ਦਾ ਆਗਮਨ 31 ਮਾਰਚ 1504 ਵਿਚ ਮੱਤੇ ਦੀ ਸਰਾਂ ਜਿਲਾ ਫਿਰੋਜ਼ਪੁਰ ਵਿਖੇ ਭਾਈ ਫੇਰੂ ਜੀ ਅਤੇ ਮਾਤਾ ਦਯਿਆ ਕੌਰ (ਸਭਰਾਈ) ਦੇ ਗ੍ਰਹਿ ਵਿਖੇ ਹੋਇਆ। ਬਾਬਰ ਦੇ ਹਮਲਿਆਂ ਵਿਚ ਮੱਤੇ ਦੀ ਸਰਾਂ ਦਾ ਟਿਕਾਣਾ ਉਜੜਨ ਕਰਕੇ ਉਨਾਂ ਦਾ ਪਰਿਵਾਰ ਖਡੂਰ ਸਾਹਿਬ ਵਸ ਗਿਆ। ਭਾਈ ਲਹਿਣਾ ਜੀ ਦਾ ਵਿਆਹ ਜਨਵਰੀ 1520 ਵਿਚ ਬੀਬੀ ਖੀਵੀ ਜੀ ਨਾਲ ਹੋਇਆ। ਇਕ ਦਿਨ ਅੰਮ੍ਰਿਤ ਵੇਲੇ ਭਾਈ ਜੋਧ ਜੀ ਪਾਸੋਂ, ਰੱਬੀ ਬਾਣੀ ਸਰਵਣ ਕੀਤੀ। ਬਾਣੀ ਦੇ ਅੰਮ੍ਰਿਤ ਰਸ ਤੋਂ ਪ੍ਰਭਾਵਿਤ ਹੋ ਕੇ ਗੁਰੂ ਦਰਸ਼ਨਾਂ ਦੀ ਤਾਂਘ 1532 ਵਿਚ ਕਰਤਾਰਪੁਰ ਖਿਚ ਲਿਆਈ। ਉਹ ਕਰਤਾਰਪੁਰ ਹੀ ਟਿਕ ਗਏ। ਉਹ ਨਾਮ ਸਿਮਰਨ ਤੇ ਸੇਵਾ ਦੇ ਰਾਹ ਤੇ ਤੁਰ ਪਏ। ਗੁਰੂ ਨੂੰ ਆਪਾ ਸਮਰਪਣ ਕਰਕੇ ਕਰੜੀ ਘਾਲ ਘਾਲੀ। ਉਹ ਸੇਵਾ ਦੀ ਮਿਸਾਲ ਬਣ ਗਏ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਪਹਿਲੀ ਪਾਰਖੂ ਨਜ਼ਰ ਨਾਲ ਨਿਸ਼ਚਿਤ ਕੀਤਾ ਸੀ ਕਿ ਗੁਰਗੱਦੀ ਦੀ ਜਿੰਮੇਵਾਰੀ ਭਾਈ ਲਹਿਣਾ ਜੀ ਨੇ ਹੀ ਨਿਭਾਉਣੀ ਹੈ। ਪਰ ਸੰਗਤਾਂ ਦਾ ਵਿਸ਼ਵਾਸ਼ ਜਿੱਤਣ ਲਈ ਪਰਖ ਅਤੇ ਸੇਵਾ ਦਾ ਮੌਕਾ ਦਿੱਤਾ। ਸੱਤ ਸਾਲ ਗੁਰੂ ਦੀ ਸੇਵਾ ਵਿਚ ਰਹਿਣ ਨਾਲ ਉਨਾਂ ਨੂੰ 22 ਸਤੰਬਰ 1538 ਵਿਚ ਗੁਰਗੱਦੀ ਦੀ ਬਖਸ਼ਿਸ਼ ਹੋਈ। ਉਨਾਂ ਨੂੰ ਅੰਗਦ ਦੇਵ ਦਾ ਨਾਉਂ ਮਿਲਿਆ।

ਗੁਰੂ ਨਾਨਕ ਸਾਹਿਬ ਜੀ ਦੀ ਆਗਿਆ ਅਨੁਸਾਰ ਗੁਰੂ ਅੰਗਦ ਸਾਹਿਬ ਜੀ ਨੇ ਖਡੂਰ ਸਾਹਿਬ ਨੂੰ ਆਪਣਾ ਪ੍ਰਚਾਰ ਕੇਂਦਰ ਬਣਾਇਆ। ਜਿੱਥੇ 1539 ਈ. ਤੋਂ 1552 ਤੱਕ 13 ਸਾਲ ਦਾ ਗੁਰੂ ਕਾਲ ਦਾ ਸਮਾਂ ਬਤੀਤ ਹੋਇਆ। ਇੱਥੇ ਹੀ ਆਪ ਜੀ ਦਾ ਮੇਲ ਗੁਰੂ ਅਮਰਦਾਸ ਸਾਹਿਬ ਜੀ ਨਾਲ ਹੋਇਆ। ਗੁਰੂ ਅਮਰਦਾਸ ਜੀ ਨੇ 12 ਸਾਲ ਗੁਰੂ ਅੰਗਦ ਦੇਵ ਜੀ ਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰਵਾਉਣ ਲਈ ਦਰਿਆ ਬਿਆਸ ਤੋਂ ਜਲ ਦੀ ਗਾਗਰ ਲਿਆਉਣ ਦੀ ਸੇਵਾ ਕੀਤੀ। ਉਨਾਂ ਨੇ ਨਿਥਾਵਿਆਂ ਦੀ ਥਾਂ, ਨਿਆਸਰਿਆਂ ਦਾ ਆਸਰਾ, ਨਿਓਟਿਆਂ ਦੀ ਓਟ ਵਰਗੀ ਉਪਮਾ ਦਾ ਵਰ ਪ੍ਰਾਪਤ ਕੀਤਾ।

ਗੁਰੂ ਅੰਗਦ ਦੇਵ ਸਾਹਿਬ ਜੀ ਨੇ ਗੁਰਮੁਖੀ ਲਿੱਪੀ ਨੂੰ ਬਣਾ ਸੰਵਾਰ ਕੇ ਗੁਰਬਾਣੀ ਲਿਖਣ ਲਈ ਪ੍ਰਪੱਕ ਇਜਾਦ ਕੀਤਾ। ਆਮ ਲੋਕਾਂ ਦੇ ਸਮਝਣ ਯੋਗ ਬਣਾਇਆ। ਸਿੱਖ ਆਪਣੇ ਧਾਰਮਿਕ ਗ੍ਰੰਥ ਬਿਨਾਂ ਕਿਸੇ ਸ਼ੰਕੇ ਦੇ ਸਮਝ ਸਕਣ, ਪ੍ਰਚਾਰ ਕਰ ਸਕਣ। ਧੁਰ ਕੀ ਬਾਣੀ ਗੁਰੂ ਨਾਨਕ ਦੇਵ ਸਾਹਿਬ ਜੀ ਅਤੇ ਸਮੇਂ ਦੇ ਭਗਤਾਂ ਦੀ ਬਾਣੀ ਇੱਕਤਰ ਕਰਕੇ ਪੋਥੀਆਂ ਅਤੇ ਗੁਟਕੇ ਤਿਆਰ ਕਰਕੇ ਦੂਰ ਦਰਾਜ ਭੇਜਣ ਦਾ ਕਾਰਜ ਆਰੰਭਿਆ। ਭਾਈ ਬਾਲਾ ਜੀ ਤੋਂ ਗੁਰੂ ਨਾਨਕ ਸਾਹਿਬ ਜੀ ਦਾ ਜੀਵਨ ਬਿਰਤਾਂਤ ਸੁਣਿਆ ਅਤੇ ਭਾਈ ਮੱਖੋ ਪੈੜੇ ਦੇ ਹੱਥੋਂ ਗੁਰਮੁਖੀ ਵਿਚ ਲਿਖਵਾਇਆ। ਬੱਚਿਆਂ ਲਈ ਬਾਲ ਬੋਧ ਤਿਆਰ ਕਰਵਾਏ। ਪੰਜਾਬੀ ਗੁਰਮੁਖੀ ਲਿੱਪੀ ਦੇ ਵਿਸਥਾਰ ਲਈ ਸਕੂਲ ਖੋਲੇ ਤਾਂ ਜੋ ਸਾਧਾਰਨ ਸੰਗਤ ਵੀ ਵਿਦਿਆ ਪ੍ਰਾਪਤ ਕਰਕੇ ਧਾਰਮਿਕ, ਰਾਜਨੀਤਕ, ਸਮਾਜਿਕ, ਵਿਵਹਾਰਕ, ਅਧਿਆਤਮਕ ਚੇਤਨਾ ਨਾਲ ਆਪਣਾ ਜੀਵਨ ਪੱਧਰ ਉੱਚਾ ਚੁੱਕ ਸਕੇ। ਜਿੱਥੇ ਆਪ ਜੀ ਨੇ ਗੁਰਬਾਣੀ ਇਕੱਤਰ ਕੀਤੀ, ਉਥੇ ਆਪ ਜੀ ਨੇ ਖੁਦ ਵੀ ਗੁਰਬਾਣੀ ਦੀ ਰਚਨਾ ਕੀਤੀ। ਆਦਿ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵਿਚ ਆਪ ਜੀ ਦੇ 62 ਸਲੋਕ 10 ਰਾਗਾਂ ਵਿਚ ਅੰਕਿਤ ਹਨ।

ਆਤਮਿਕ ਬਿਰਤੀ ਅਤੇ ਨਰੋਈ ਸਿਹਤ ਲਈ ਨਸ਼ਾ ਮੁਕਤ ਸਮਾਜ ਦੀ ਉਸਾਰੀ ਕੀਤੀ। ਗੁਰੂ ਜੀ ਨੇ ਕਸਰਤਾਂ ਕਰਨ ਲਈ ਮੱਲ ਅਖਾੜਾ ਬਣਵਾਇਆ। ਜਿੱਥੇ ਸੰਗਤਾਂ ਸਰੀਰਕ ਅਤੇ ਅਧਿਆਤਮਕ ਅਭਿਆਸ ਕਰਦੀਆਂ। ਉਨਾਂ ਕਿਹਾ ਸਿਹਤਮੰਦ ਸਰੀਰ ਵਿਚ ਹੀ ਸਿਹਤਮੰਦ ਮਨ ਵਸ ਸਕਦਾ ਹੈ। ਉਨਾਂ ਖੇਡਾਂ, ਕੁਸ਼ਤੀਆਂ ਅਤੇ ਸਰੀਰਕ ਕਸਰਤਾਂ ਰਾਹੀਂ ਬੱਚਿਆਂ ਅਤੇ ਨੌਜਵਾਨਾਂ ਨੂੰ ਦੇਹ ਅਰੋਗਤਾ, ਰਿਸ਼ਟ ਪੁਸ਼ਟ, ਤੰਦਰੁਸਤੀ, ਚੜਦੀ ਕਲਾ ਅਤੇ ਸਰਬੱਤ ਦੇ ਭਲੇ ਦਾ ਉਪਦੇਸ਼ ਦਿੱਤਾ।

ਬਰਾਬਰਤਾ ਦਾ ਅਹਿਸਾਸ ਦਿਵਾਉਣ ਲਈ ਲੰਗਰ ਦੀ ਪ੍ਰਥਾ ਨੂੰ ਆਪਣੀ ਨਿਗਰਾਨੀ ਹੇਠ ਚਲਾਇਆ। ਆਪ ਜੀ ਦੇ ਲੰਗਰਾਂ ਵਿਚ ਘਿਆਲੀ ਦੇਸੀ ਘਿਓ ਵਾਲੀ ਖੀਰ ਵਰਤਦੀ ਸੀ। ਮਾਤਾ ਖੀਵੀ ਜੀ ਆਪਣੇ ਹੱਥੀਂ ਲੰਗਰ ਵਰਤਾਇਆ ਕਰਦੇ ਸਨ। ਜਿਸ ਨਾਲ ਇਸਤਰੀਆਂ ਨੂੰ ਧਰਮ ਪ੍ਰਬੰਧ ਵਿਚ ਅਗਵਾਈ ਦੇ ਕੇ ਮਾਣ ਬਖਸ਼ਿਆ। ਗੁਰੂ ਜੀ ਨੇ ਆਪਣੀ ਕਮਾਈ ਦਾ ਦਸਵੰਧ ਲੋਕ ਭਲਾਈ ਦੇ ਕੰਮਾਂ ਵਿਚ ਲਗਾਉਣਾ, ਵੰਡ ਛਕਣਾ, ਨਿਸ਼ਕਾਮ ਸੇਵਾ, ਰੱਬ ਦੀ ਰਜ਼ਾ ਵਿਚ ਰਹਿਣਾ। ਦਿਖਾਵੇ ਤੋਂ ਦੂਰ ਰਹਿਣਾ, ਹਮੇਸ਼ਾ ਲੋੜਵੰਦਾਂ , ਬਿਮਾਰਾਂ ਦੀ ਸੇਵਾ ਵਿਚ ਰਹਿਣ ਦਾ ਉਪਦੇਸ਼ ਦਿੱਤਾ। ਗੁਰੂ ਜੀ ਨੇ ਬਾਦਸ਼ਾਹ ਹਿਮਾਂਯੂੰ ਦਾ ਹੰਕਾਰ ਤੋੜ ਕੇ ਨਿਮਰਤਾ ਵਿਚ ਰਹਿ ਕੇ ਧਰਮ ਅਤੇ ਨਿਆਂ ਤੇ ਚੱਲਣ ਦਾ ਅਹਿਸਾਸ ਕਰਵਾਇਆ।

ਗੁਰੂ ਅੰਗਦ ਦੇਵ ਜੀ ਨੇ ਧਰਮ ਪ੍ਰਚਾਰ ਵਿਚ ਉਨਾਂ ਸਾਰੇ ਸਥਾਨਾਂ ਤੇ ਪ੍ਰਚਾਰ ਕੀਤਾ ਜਿੱਥੇ ਜਿੱਥੇ ਗੁਰੂ ਨਾਨਕ ਦੇਵ ਸਾਹਿਬ ਜੀ ਵਿਚਰੇ ਸਨ। ਉਨਾਂ ਨੇ ਹੋਰ ਸੈਂਕੜੇ ਸਿੱਖ ਮੱਤ ਦੇ ਪ੍ਰਚਾਰ ਕੇਂਦਰ ਸਥਾਪਤ ਕੀਤੇ। ਉਨਾਂ ਦੀ ਕਾਰਜਸ਼ੈਲੀ ਵਿਚ ਸਭ ਤੋਂ ਮਹੱਤਵਪੂਰਨ ਪੱਖ ਇਹ ਹੈ ਕਿ ਉਨਾਂ ਨੇ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਵਿਚਾਰਧਾਰਾ ਅਤੇ ਹੁਨਰ ਨਿਪੁੰਨ ਨੂੰ ਅੱਗੇ ਤੋਰਿਆ। ਇਕ ਨਵੇਂ ਧਰਮ ਨੂੰ ਵਿਸਥਾਰ ਦੇ ਰਾਹ ਪਾਇਆ। ਜਿਸ ਨੇ ਸੰਸਾਰ ਭਰ ਵਿਚ ਆਪਣੀ ਪ੍ਰਭਾਵਸ਼ਾਲੀ ਪਛਾਣ ਬਣਾਈ ਹੈ। ਉਨਾਂ ਨੇ ਜੋਗੀਆਂ, ਸੰਨਿਆਸੀਆਂ ਨਾਲ ਗੋਸ਼ਟੀ ਕਰਕੇ ਸਿੱਖ ਮੱਤ ਦੇ ਨਿਖਾਰ ਨੂੰ ਪੇਸ਼ ਕੀਤਾ। ਗੁਰੂ ਨਾਨਕ ਸਾਹਿਬ ਜੀ ਦੇ ਆਰੰਭੇ ਧਾਰਮਿਕ ਅਤੇ ਅਧਿਆਤਮਕ ਗਿਆਨ ਪ੍ਰਾਪਤ ਕਰਕੇ ਅੱਗੇ ਤੀਸਰੇ ਗੁਰੂ ਅਮਰਦਾਸ ਸਾਹਿਬ ਜੀ ਨੂੰ ਸੌਂਪ ਦਿੱਤੇ। ਮਾਰਚ 29, 1552 ਨੂੰ ਜੋਤੀ ਜੋਤ ਸਮਾ ਗਏ। ਗੁਰਗੱਦੀ ਤੇ ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਸਾਹਿਬ ਜੀ ਨੂੰ ਬਿਰਾਜਮਾਨ ਕੀਤਾ। ਗੁਰੂ ਅੰਗਦ ਦੇਵ ਸਾਹਿਬ ਜੀ ਵਲੋਂ ਆਰੰਭੇ ਗੋਇੰਦਵਾਲ ਨੂੰ ਗੁਰੂ ਅਮਰਦਾਸ ਸਾਹਿਬ ਜੀ ਨੇ ਵਸਾਇਆ।

**ਅੰਤਿਕਾ** : ਜਿਸ ਪਿਆਰੇ ਨਾਲ ਪਿਆਰ ਹੋਵੇ, ਅਹੰਕਾਰ ਛੱਡ ਕੇ ਉਸ ਦੇ ਸਨਮੁਖ ਰਹਿਣਾ ਚਾਹੀਦਾ ਹੈ। ਸੰਸਾਰ ਵਿਚ ਉਸ ਤੋਂ ਬੇਮੁਖ ਹੋ ਕੇ ਜਿਉਣਾ- ਇਸ ਜੀਵਨ ਨੂੰ ਧਿਕਾਰ ਹੈ। ਅੰਗ 83

# 'ਸਿੰਘ ਸਭਾ ਲਹਿਰ'-1 ਅਕਤੂਬਰ 1873

- ਪ੍ਰਮਿੰਦਰ ਸਿੰਘ ਪ੍ਰਵਾਨਾ

29 ਮਾਰਚ, 1849 ਵਿਚ ਪੰਜਾਬ 'ਤੇ ਅੰਗਰੇਜ਼ਾਂ ਦਾ ਮੁਕੰਮਲ ਰਾਜ ਹੋ ਗਿਆ। ਅੰਮ੍ਰਿਤਸਰ, ਅਕਾਲ ਤਖਤ ਸਾਹਿਬ ਤਰਨ ਤਾਰਨ ਅਤੇ ਪ੍ਰਸਿੱਧ ਗੁਰਧਾਮ ਅੰਗਰੇਜ਼ ਸਰਕਾਰ ਦੇ ਪ੍ਰਬੰਧ ਹੇਠ ਚਲੇ ਗਏ। ਅੰਗਰੇਜ਼ਾਂ ਦਾ ਖੂਨੀ ਈਰਖਾਲੂ ਇਰਾਦਾ ਸਿੱਖ ਧਰਮ ਦਾ ਸੰਤੁਲਨ ਵਿਗਾੜਨ ਦਾ ਸੀ। ਸਿੱਖਾਂ ਦੀ ਗਿਣਤੀ ਘਟਣ ਲੱਗੀ। ਧਾਰਮਿਕ ਕਦਰਾਂ ਕੀਮਤਾਂ ਦਾ ਘਾਣ ਹੋਣ ਲੱਗਾ। ਸਿੱਖ ਮਰਯਾਦਾ ਨੂੰ ਈਸਾਈ, ਆਰੀਆ ਸਮਾਜੀ ਸੰਸਥਾਵਾਂ ਤੋਂ ਚੁਣੌਤੀ ਦਾ ਦੌਰ ਸੀ। ਕਿਉਂਕਿ ਅਜਿਹੀਆਂ ਸੰਸਥਾਵਾਂ ਦਾ ਪ੍ਰਚਾਰ ਬੜੀ ਤੇਜ਼ੀ ਨਾਲ ਵਧ ਰਿਹਾ ਸੀ। ਗੁਰੂ ਡੰਮ ਦਾ ਪ੍ਰਚਾਰ ਵਧੇਰੇ ਹੋਣ ਲੱਗਾ। ਉਪਰੰਤ ਬੇਦੀਆਂ, ਸੋਢੀਆਂ, ਭੱਲਿਆਂ ਅਤੇ ਮਹੰਤਾਂ ਨੂੰ ਅੰਗਰੇਜ਼ੀ ਸ਼ਹਿ ਦਾ ਥਾਪੜਾ ਸੀ। ਉਹ ਗੁਰਦੁਆਰਿਆਂ ਨੂੰ ਆਪਣੀ ਨਿੱਜੀ ਜਾਇਦਾਦ ਸਮਝ ਕੇ ਵਰਤਣ ਲੱਗੇ। ਸਿੱਖਾਂ ਦੀ ਧਾਰਮਿਕ ਲੁੱਟ ਹੋਣ ਲੱਗੀ। ਗੁਰਦੁਆਰੇ ਉਨਾਂ ਦੀ ਅਯਾਸ਼ੀ ਦੇ ਅੱਡੇ ਬਣ ਕੇ ਰਹਿ ਗਏ।

ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਆਸਣ, ਗੱਦੀਆਂ ਲਾਉਣ ਲੱਗੇ। ਗੁਰਮਤਿ ਦੇ ਪ੍ਰਚਾਰ ਕਰਨ ਲਈ ਬਾਬਾ ਦਿਆਲ ਸਿੰਘ ਜੀ ਨੇ ਪੋਠੋਹਾਰ ਤੋਂ ਨਿਰੰਕਾਰੀ ਲਹਿਰ ਚਲਾਈ। ਪਰ ਗੁਰੂ ਡੰਮ ਦਾ ਜ਼ੋਰ ਹੋਣ ਕਰਕੇ ਇਹ ਲਹਿਰ ਪੋਠੋਹਾਰ ਵਿਚ ਹੀ ਖਤਮ ਹੋ ਗਈ। ਬਾਬਾ ਰਾਮ ਸਿੰਘ ਜੀ ਨੇ ਭੈਣੀ ਸਾਹਿਬ ਲੁਧਿਆਣਾ ਤੋਂ ਨਾਮਧਾਰੀ ਲਹਿਰ ਚਲਾਈ। ਜਿਸ ਨੇ ਚੱਲ ਰਹੀਆਂ ਪ੍ਰਚਲਿਤ ਕੁਰੀਤੀਆਂ ਦਾ ਵਿਰੋਧ ਕਰਕੇ ਗੁਰਮਤਿ ਨਾਲ ਜੋੜਿਆ। ਨਾਮਧਾਰੀ ਲਹਿਰ ਨੇ ਗਊ ਹੱਤਿਆ ਦੀ ਨਿਖੇਧੀ ਕੀਤੀ। ਜਨਵਰੀ 14,15, 1872 ਨੂੰ ਮਲੇਰਕੋਟਲਾ ਵਿਚ ਬੁੱਚੜ ਵੱਢ ਮਾਰੇ। ਸਰਕਾਰ ਨੇ ਬਿਨਾਂ ਮੁਕੱਦਮਾ ਚਲਾਏ 49 ਨਾਮਧਾਰੀ ਸਿੱਖ ਤੋਪਾਂ ਨਾਲ ਉਡਾ ਦਿੱਤੇ। ਕੁਝ ਨੂੰ ਫਾਂਸੀ ਦੇ ਹੁਕਮ ਸੁਣਾ ਦਿੱਤੇ। ਇਸ ਤਰਾਂ 150 ਨਾਮਧਾਰੀ ਸਿੱਖ ਸ਼ਹੀਦ ਹੋ ਗਏ। ਬਾਬਾ ਰਾਮ ਸਿੰਘ ਜੀ ਨੂੰ ਜਲਾਵਤਨ ਕਰਕੇ ਰੰਗੂਨ ਭੇਜ ਦਿੱਤਾ। ਇਸ ਤਰਾਂ ਨਾਮਧਾਰੀ ਲਹਿਰ ਵੀ ਲੋਕ ਲਹਿਰ ਨਾ ਬਣ ਸਕੀ।

ਸਿੱਖ ਅਜੇ ਵੀ ਅਵੇਸਲੇ ਸਨ। ਇਸਾਈਆਂ ਨੇ ਪ੍ਰਚਾਰ ਲਈ ਮਿਸ਼ਨ ਸਕੂਲ ਖੋਲ ਲਏ। ਹਿੰਦੂ, ਮੁਸਲਮਾਨ ਵੀ ਆਪਣੇ ਪੈਰੋਕਾਰਾਂ ਦੀ ਗਿਣਤੀ ਵਧਾਉਣ ਲੱਗੇ। ਮਿਸ਼ਨ ਸਕੂਲ ਅੰਮ੍ਰਿਤਸਰ ਦੇ ਚਾਰ ਵਿਦਿਆਰਥੀ ਅੱਤਰ ਸਿੰਘ, ਸਾਧੂ ਸਿੰਘ, ਆਇਆ ਸਿੰਘ ਤੇ ਸੰਤੋਖ ਸਿੰਘ ਨੇ ਈਸਾਈ ਬਣਨ ਦਾ ਇਰਾਦਾ ਕਰ ਲਿਆ। ਬੜੇ ਯਤਨਾਂ ਨਾਲ ਉਨਾਂ ਨੂੰ ਰੋਕਿਆ ਗਿਆ। ਛੇਤੀ ਹੀ ਆਰੀਆ ਸਮਾਜੀ ਆਗੂਆਂ ਪੰਡਿਤ ਸ਼ਰਧਾ ਰਾਮ ਫਿਲੌਰ, ਗੁਰਦੱਤ, ਲੇਖਰਾਜ ਆਦਿ ਅੰਗਰੇਜ਼ੀ ਹਕੂਮਤ ਦੀ ਸ਼ਹਿ ਤੇ ਸਿੱਖ ਧਰਮ ਦੇ ਗੁਰੂਆਂ ਖਿਲਾਫ਼ ਬੋਲਣ ਲੱਗੇ। ਅਜਿਹੇ ਮਸਲਿਆਂ ਨੂੰ ਨਜਿੱਠਣ ਲਈ ਸਿੱਖਾਂ ਕੋਲ ਕੋਈ ਆਪਣੀ ਮਜ਼ਬੂਤ ਸੰਸਥਾ ਨਹੀਂ ਸੀ। ਸਰਦਾਰ ਠਾਕੁਰ ਸਿੰਘ ਸੰਧਾਵਾਲੀਆ, ਕੰਵਰ ਬਿਕਰਮ ਸਿੰਘ ਕਪੂਰਥਲਾ ਅਤੇ ਬਾਬਾ ਖੇਮ ਸਿੰਘ ਬੇਦੀ ਦੀ ਅਗਵਾਈ ਹੇਠ 30 ਜੁਲਾਈ 1873 ਨੂੰ ਗੁਰੂ ਕਾ ਬਾਗ ਅੰਮ੍ਰਿਤਸਰ ਵਿਚ ਭਾਰੀ ਇਕੱਠ ਹੋਇਆ। ਗੁਰਧਾਮਾਂ ਦੇ ਗਿਆਨੀ ਗ੍ਰੰਥੀ ਅਤੇ ਸਮਾਜ ਦੇ ਹਰ ਖਿੱਤੇ ਦੇ ਲੋਕ ਹਾਜ਼ਰ ਹੋਏ। ਤਦ ਹੀ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦਾ ਆਰੰਭ ਹੋਇਆ। ਸਰਦਾਰ ਠਾਕੁਰ ਸਿੰਘ ਸੰਧਾਵਾਲੀਆ ਪ੍ਰਧਾਨ, ਗਿਆਨੀ ਗਿਆਨ ਸਿੰਘ ਸਕੱਤਰ, ਸ. ਅਮਰ ਸਿੰਘ ਮੀਤ ਸਕੱਤਰ, ਭਾਈ ਧਰਮ ਸਿੰਘ ਜੀ ਮਜੀਠੇ ਬੁੰਗੇ ਖਜ਼ਾਨਚੀ ਥਾਪੇ ਗਏ। ਸਭਾ ਦਾ ਮਨੋਰਥ ਸੀ ਕਿ ਸਿੱਖ ਧਰਮ ਵਿਚ ਜੋ ਕੁਰੀਤੀਆਂ ਹਨ, ਨੂੰ ਦੂਰ ਕਰਕੇ ਸਿੱਖ ਧਰਮ ਦੀ ਮਰਯਾਦਾ ਨੂੰ ਪੁਨਰ ਕਾਇਮ ਕਰਨਾ ਸੀ। ਗੁਰਸਿੱਖੀ ਵਿਚ ਸਿੱਖਾਂ ਦਾ ਉਤਸ਼ਾਹ ਪੈਦਾ ਕਰਨਾ ਸੀ।

ਹਿੰਦੂਆਂ ਅਤੇ ਮੁਸਲਮਾਨਾ ਨੇ ਵੀ ਆਪਣੀਆਂ ਜਥੇਬੰਦੀਆਂ ਵੱਡੇ ਪੱਧਰ 'ਤੇ ਕਾਇਮ ਕਰ ਲਈਆਂ। ਸਿੱਖ ਆਗੂਆਂ ਨੇ ਸਭਾ ਵਿਚ ਬੜੀ ਦਿਲਚਸਪੀ ਵਿਖਾਈ। ਬਕਾਇਦਾ ਤੌਰ 'ਤੇ ਧਰਮ ਪ੍ਰਚਾਰ ਸ਼ੁਰੂ ਹੋਇਆ। ਪਰ ਇਸ ਦੇ ਮੋਢੀ ਆਗੂਆਂ ਵਿਚ ਮਤਭੇਦ ਸਨ। ਕੰਵਰ ਸਾਹਿਬ ਸੁਧਾਰਵਾਦੀ ਸਨ। ਬੇਦੀ ਸਾਹਿਬ ਸੁਧਾਰਵਾਦੀ ਦੇ ਨਾਲ ਦੇਹਧਾਰੀ ਗੁਰੂ ਵਿਚ ਵਿਸ਼ਵਾਸ ਰੱਖਦੇ ਸਨ। ਸ. ਠਾਕੁਰ ਸਿੰਘ ਸਿੱਖੀ ਗਰਮਖਿਆਲੀਏ ਅਤੇ ਅੰਗਰੇਜ਼ ਸਰਕਾਰ ਡੇਗਣ ਦੇ ਜ਼ੋਸ਼ ਵਿਚ ਸਨ। ਬਹੁਤ ਸਿੱਖ ਅੰਗਰੇਜ਼ ਸਰਕਾਰ ਦੇ ਵਿਰੋਧ ਹੋਣ ਦਾ ਠੀਕ ਸਮਾਂ ਨਹੀਂ ਸਮਝਦੇ ਸਨ। ਦੋ ਸਾਲ ਦੇ ਸਮੇਂ ਵਿਚ ਹੀ ਗੁਰਮਤਿ ਦੇ ਪ੍ਰਚਾਰ ਦਾ ਮਿਆਰ ਡਿੱਗਣ ਲੱਗਾ। ਸਭਾ ਦਾ ਕੰਮ ਵੀ ਨਾਮਾਤਰ ਜਿਹਾ ਹੋ ਗਿਆ।

ਸੰਨ 1876 ਵਿਚ ਭਾਈ ਗੁਰਮੁਖ ਸਿੰਘ ਜੀ ਨੇ ਆਪਣੀ ਸੂਝ ਅਤੇ ਲਗਨ ਨਾਲ ਸਭਾ ਵਿਚ ਨਵੀਂ ਜਾਨ ਪਾ ਦਿੱਤੀ। ਆਪਣੀ ਕਾਲਜ ਦੀ ਪੜਾਈ ਛੱਡ ਕੇ ਉਨਾਂ ਸਭਾ ਦੀ ਯੋਜਨਾਬੰਦੀ ਲਈ ਪ੍ਰੋਗਰਾਮ ਉਲੀਕ ਕੇ ਕੰਵਰ ਸਾਹਿਬ ਨਾਲ ਸਲਾਹ ਕੀਤੀ ਕਿ

1. ਸਿੱਖ ਧਰਮ ਦੀ ਵਿਸਰੀ ਮਰਯਾਦਾ ਦੀ ਸ਼ਾਨ ਨੂੰ ਮੁੜ ਬਹਾਲ ਕਰਨਾ। ਧਰਮ ਅਤੇ ਸਮਾਜ ਦੀਆਂ ਕੁਰੀਤੀਆਂ ਦੂਰ ਕਰਨਾ।
2. ਸਿੱਖੀ ਤੋਂ ਦੂਰ ਜਾ ਕੇ ਜਿਊਣ ਵਾਲਿਆਂ ਨੂੰ ਮੋੜ ਲਿਆਉਣਾ।
3. ਧਰਮ ਦੇ ਵਡਮੁੱਲੇ ਵਿਰਸੇ ਦਾ ਸਾਹਿਤ ਛਾਪ ਕੇ ਵੰਡਣਾ ਅਤੇ ਪ੍ਰਚਾਰ ਕਰਨਾ।
4. ਪੰਜਾਬੀ ਬੋਲੀ ਵਿਚ ਅਖ਼ਬਾਰ ਰਸਾਲੇ ਛਾਪਣਾ।
5. ਵਿਦਿਅਕ ਅਦਾਰੇ ਦੇ ਸਰਕਾਰੀ ਅਫ਼ਸਰਾਂ ਨੂੰ ਸਭਾ ਨਾਲ ਜੋੜਨਾ
6. ਸਿੱਖਾਂ ਨੂੰ ਅਧਿਆਤਮਕ, ਸਮਾਜਿਕ ਅਤੇ ਵਿਵਹਾਰਕ ਵਿਦਿਆ ਦੇ ਕੇ ਹਰਹ ਪੱਖ ਤੋਂ ਜਾਗ੍ਰਿਤ ਕਰਨਾ।
7. ਹਕੂਮਤ ਨਾਲ ਟਕਰਾਉ ਦੀ ਥਾਂ ਤੇ ਮਿਲ ਕੇ ਚੱਲਣਾ।

ਕੰਵਰ ਸਾਹਿਬ ਨੇ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਹਰ ਤਰਾਂ ਦੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਸੰਨ 1876 ਵਿਚ ਪੰਜਾਬ ਯੂਨੀਵਰਸਿਟੀ ਓਰੀਐਂਟਲ ਕਾਲਜ ਖੁੱਲਾ। ਡਾ. ਲਾਇਟਨਰ ਭਾਈ ਆਇਆ ਸਿੰਘ ਅਤੇ ਭਾਈ ਗੁਰਮੁਖ ਸਿੰਘ ਦੇ ਯਤਨਾਂ ਕਰਕੇ ਸੰਨ 1877 ਵਿਚ ਕਾਲਜ ਵਿਚ ਪੰਜਾਬੀ ਪੜਾਈ ਜਾਣ ਲੱਗੀ।

ਭਾਈ ਗੁਰਮੁਖ ਸਿੰਘ ਪ੍ਰੋਫੈਸਰ ਲੱਗੇ। ਜਿੱਥੇ ਉਨਾਂ ਨੇ ਵਿਦਿਆਰਥੀਆਂ ਨੂੰ ਗੁਰਮਤਿ ਤੇ ਗੁਰਸਿੱਖੀ ਵਿਰਸੇ ਤੋਂ ਜਾਣੂ ਕੀਤਾ ਅਤੇ ਸਿੱਖ ਧਰਮ ਲਈ ਉਤਸ਼ਾਹਤ ਕੀਤਾ। ਇਸ ਵਿਸ਼ੇ ਤੇ ਪੁਸਤਕਾਂ ਵੀ ਲਿਖੀਆਂ।

1. ਪੱਤਰਕਾਰੀ ਵਿਚ ਕੰਮ ਕੀਤਾ ਕਿ ਸੰਨ 1880 ਗੁਰਮੁਖੀ ਅਖ਼ਬਾਰ ਸ਼ੁਰੂ ਕੀਤਾ ਜਿਸ ਵਿਚ ਸਿੱਖ ਧਰਮ ਦਾ ਪ੍ਰਚਾਰ ਅਤੇ ਸਭਾ ਦੇ ਪ੍ਰੋਗਰਾਮਾਂ ਦਾ ਵੇਰਵਾਂ ਦਿੱਤਾ।
2. ਵਿਦਿਅਕ ਪੰਜਾਬ-ਵਿਦਿਆ ਸਬੰਧੀ ਪ੍ਰਚਾਰ ਹੋਇਆ।
3.ਸੰਨ. 1885 ਵਿਚ ਖ਼ਾਲਸਾ ਅਖ਼ਬਾਰ
4. ਸੰਨ. 1886 ਵਿਚ ਰਸਾਲਾ ਸੁਧਾਰਕ-ਗੁਰਮਤਿ ਪ੍ਰਚਾਰ ਹੋਇਆ।
5. ਸੰਨ 1886 ਵਿਚ ਖ਼ਾਲਸਾ ਗਜ਼ਟ ਜਿਸ ਵਿਚ ਝੂਠੇ ਕਰਮਕਾਂਡਾਂ ਦਾ ਵਿਰੋਧ ਸੀ, ਗੁਰਮਤਿ ਪ੍ਰਚਾਰ ਦਾ ਪ੍ਰਵਾਹ ਚੱਲਿਆ।

ਮੰਜੀ ਸਾਹਿਬ ਦਰਬਾਰ ਸਾਹਿਬ ਇਕੱਤਰਤਾਵਾਂ ਹੋਣ ਲੱਗੀਆਂ। ਸਿੱਖ ਧਰਮ ਇਤਿਹਾਸ ਦੀ ਖੋਜ ਲਈ ਵਿਦਵਾਨ ਦੂਰ ਦੂਰ ਤੋਂ ਅੰਮ੍ਰਿਤਸਰ ਇਕੱਠੇ ਹੋਣ ਲੱਗੇ। ਥੋੜੇ ਸਮੇਂ ਵਿਚ ਹੀ ਖੋਜ ਪੱਤਰ ਛਪਣ ਲੱਗੇ। ਕਿਤਾਬਚੇ ਜਾਰੀ ਹੋਣ ਲੱਗੇ। ਪੁਸਤਕਾਂ ਲਿਖੀਆਂ ਗਈਆਂ।

ਭਾਈ ਗੁਰਮੁਖ ਸਿੰਘ ਦੇ ਯਤਨਾਂ ਨਾਲ ਸ. ਠਾਕੁਰ ਸਿੰਘ ਸੰਧਾਵਾਲੀਏ ਤੇ ਕੰਵਰ ਬਿਕਰਮ ਸਿੰਘ ਜੀ ਨੇ ਇਕੱਠੇ ਹੋ ਕੇ ਸਭਾ ਦਾ ਕੰਮ ਆਰੰਭ ਦਿੱਤਾ। ਜਿਸ ਨਾਲ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਮੁੜ ਕੇ ਸਥਾਪਤੀ ਵੱਲ ਵਧੀ।

ਪ੍ਰਚਾਰ ਅਤੇ ਸਭਾ ਦਾ ਘੇਰਾ ਵਧਾਉਣ ਲਹੀ ਸੰਨ. 1879 ਵਿਚ ਸ੍ਰੀ ਗੁਰੂ ਸਿੰਘ ਸਭਾ ਲਹਿਰ ਕਾਇਮ ਕੀਤੀ ਗਈ।

12 ਨਵੰਬਰ 1879 ਈ. ਇਕ ਇਕੱਤਰਤਾ ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਹੋਈ ਜਿੱਥੇ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦਾ ਮੁੱਢ ਬੱਝਾ। ਜਿਸ ਨੂੰ ਸਰਕਾਰੀ ਸਰਪ੍ਰਸਤੀ ਵੀ ਮਿਲੀ। ਗੁਰਮੁਖ ਸਿੰਘ ਤੇ ਭਾਈ ਹਰਸਾ ਸਿੰਘ ਦੇ ਯਤਨਾਂ ਨਾਲ ਥੋੜੇ ਚਿਰ ਵਿਚ ਹੀ 268 ਮੈਂਬਰਾਂ ਦੀ ਗਿਣਤੀ ਹੋ ਗਈ। ਭਾਈ ਗੁਰਮੁਖ ਸਿੰਘ ਜੀ ਨੇ ਸੰਨ. 1880 ਵਿਚ ਲਾਹੌਰ ਤੋਂ 'ਸਪਤਾਹਿਕ ਗੁਰਮੁਖੀ ਅਖ਼ਬਾਰ' ਆਰੰਭ ਕੀਤੇ। ਗੁਰਮੁਖੀ ਅਖ਼ਬਾਰ ਰਾਹੀਂ ਸਿੱਖ ਧਰਮ ਦਾ ਸੁਨੇਹਾ ਪੰਜਾਬ ਦੇ ਕੋਨੇ ਕੋਨੇ ਪਹੁੰਚਣ ਲੱਗਾ। ਭਾਈ ਗੁਰਮੁਖ ਸਿੰਘ ਨੇ ਸਾਰੇ ਪੰਜਾਬ ਦਾ ਦੌਰਾ ਕੀਤਾ। ਸੰਗਤਾਂ ਨੂੰ ਪ੍ਰੇਰਿਆ ਜਿਸ ਨਾਲ ਹਰੇਕ ਸ਼ਹਿਰ, ਕਸਬੇ ਵਿਚ ਜਿੱਥੇ ਕਿਤੇ ਵੀ ਸਿੱਖਾਂ ਦੀ ਗਿਣਤੀ ਸੀ, ਸਭਾਵਾਂ ਬਣਨ ਲੱਗੀਆਂ ਅਤੇ ਅੰਮ੍ਰਿਤਸਰ ਤੇ ਲਾਹੌਰ ਸਭਾਵਾਂ ਨਾਲ ਜੁੜਨ ਲੱਗੀਆਂ।

ਭਾਵੇਂ ਅੰਮ੍ਰਿਤਸਰ ਅਤੇ ਲਾਹੌਰ ਦੀਆਂ ਸਭਾਵਾਂ ਦਾ ਇਕੋ ਹੀ ਮਨੋਰਥ ਸੀ, ਪਰ ਫਿਰ ਵੀ ਮੋਢੀਆਂ ਵਿਚ ਮਤਭੇਦ ਪੈਦਾ ਹੋ ਗਿਆ ਤਾਂ ਇਹ ਵੱਖ ਵੱਖ ਜਥੇਬੰਦੀਆਂ ਹੋ ਗਈਆਂ। ਸੰਨ. 1880 ਦੀ ਸਥਿਤੀ ਵਿਚ ਜਿੱਥੇ ਸਭਾ ਨੇ ਧਾਰਮਿਕ ਸੁਧਾਰ ਕੀਤੇ, ਉਥੇ ਗੁਰਧਾਮਾਂ ਦੀ ਸੰਭਾਲ ਲਈ ਪੁਜਾਰੀਆਂ ਦਾ ਵੀ ਸੁਧਾਰ ਕਰਨਾ ਸੀ ਜੋ ਮਰਯਾਦਾ ਨੂੰ ਭੰਗ ਕਰਦੇ ਸਨ। ਸਭਾ ਲਾਹੌਰ ਨੇ ਧਰਮ ਵੱਲ ਵਿਸ਼ੇਸ਼ ਧਿਆਨ ਦਿੱਤਾ। ਪਰ ਅੰਮ੍ਰਿਤਸਰ ਦੀ ਸਭਾ ਵਿਚ ਬਹੁ-ਗਿਣਤੀ ਪੁਜਾਰੀਆਂ, ਸੋਢੀਆਂ, ਬੇਦੀਆਂ, ਬਾਵਿਆਂ ਦੀ ਸੋਚ ਇਸ ਵਿਰੁਧ ਸੀ। ਮਤਭੇਦ ਦੂਰ ਨਾ ਹੁੰਦੇ ਵੇਖ ਕੇ ਇਕ ਵੱਡੀ ਸਭਾ ਕਾਇਮ ਕੀਤੀ ਗਈ। ਉਸ ਸਭਾ ਦੇ ਵੀ ਨਤੀਜੇ ਕਾਰਗਾਰ ਨਾ ਹੋ ਸਕੇ। ਸੰਨ. 1882 ਵਿਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਹੇਠ ਪੰਜਾਬੀ ਪ੍ਰਚਾਰ ਲਈ ਸਭਾ ਬਣਾਈ ਗਈ।

ਬਾਕੀ ਸਫ਼ਾ 27 'ਤੇ

# ਵਿਸ਼ਵ ਤੇ ਭਾਰਤ ਵਿਚ ਫੈਲ ਰਿਹਾ ਇਸਲਾਮਕ ਫੋਬੀਆ

**✪ ਯੂਰਪੀਅਨ ਦੇਸ਼ਾਂ ਵਿਚ ਵੀ ਸੱਜੇ-ਪੱਖੀ ਤਾਕਤਾਂ ਦਾ ਦਬਦਬਾ ਵਧਿਆ ✪ ਯੂਰਪ ਦੇ ਸੱਜੇਪੱਖੀ ਕੱਟੜਪੰਥੀ ਆਗੂ ਪ੍ਰਵਾਸੀ ਮੁਸਲਿਮਾਂ ਨੂੰ ਕੀੜੇ-ਮਕੌੜੇ, ਤੇ ਵਹਿਸ਼ੀ ਕਹਿੰਦੇ ਨੇ ✪ ਵਿਸ਼ਵ ਦੀਆਂ ਵੱਡੀਆਂ ਤਾਕਤਾਂ ਦੀਆਂ ਸਾਮਰਾਜੀ ਲਾਲਸਾਵਾਂ ਕਾਰਣ ਮੁਸਲਮਾਨ ਪੱਛੜੇਪਨ ਦਾ ਸ਼ਿਕਾਰ**



**- ਰਾਮ ਪੁਨਿਆਣੀ**

ਪੈਗੰਬਰ ਹਜ਼ਰਤ ਮੁਹੰਮਦ ਬਾਰੇ ਇਤਰਾਜ਼ਯੋਗ ਪੋਸਟਾਂ ਅਤੇ ਕੁਰਾਨ ਦੀਆਂ ਕਾਪੀਆਂ ਸਾੜਨ ਦੇ ਪ੍ਰਤੀਕਰਮ ਵਜੋਂ ਹਾਲ ਹੀ ਵਿਚ ਕਈ ਹਿੰਸਕ ਘਟਨਾਵਾਂ ਵਾਪਰੀਆਂ ਬੰਗਲੁਰੂ ਦੇ ਇੱਕ ਕਾਂਗਰਸੀ ਵਿਧਾਇਕ ਦੇ ਭਤੀਜੇ ਨਵੀਨ ਕੁਮਾਰ ਨੇ ਫੇਸਬੁੱਕ ਉੱਤੇ ਪੈਗੰਬਰ ਮੁਹੰਮਦ ਬਾਰੇ ਇੱਕ ਬਹੁਤ ਹੀ ਇਤਰਾਜ਼ਯੋਗ ਪੋਸਟ ਲਿਖੀ ।ਇਸ ਤੋਂ ਬਾਅਦ ਮੁਸਲਿਮ ਭਾਈਚਾਰੇ ਦੇ ਇਕ ਨੇਤਾ ਭੀੜ ਦੇ ਨਾਲ ਨਵੀਨ ਖਿਲਾਫ ਸ਼ਿਕਾਇਤ ਦਰਜ ਕਰਾਉਣ ਲਈ ਥਾਣੇ ਗਿਆ । ਪੁਲਿਸ ਨੇ ਐਫਆਈਆਰ ਦਰਜ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਸਮੇਂ ਦੌਰਾਨ ਭੀੜ ਭੜਕ ਗਈ ਅਤੇ ਭੰਨਤੋੜ ਕਰਨੀ ਸ਼ੁਰੂ ਕਰ ਦਿੱਤੀ। ਪੁਲਿਸ ਨੇ ਗੋਲੀਬਾਰੀ ਕੀਤੀ ਜਿਸ ਦੇ ਪ੍ਰਤੀਕਰਮ ਵਜੋਂ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ।

ਇੱਕ ਸੱਜੇਪੱਖੀ ਨੇਤਾ ਨੇ ਸਵੀਡਨ ਦੇ ਮੈਲਮੋ ਸ਼ਹਿਰ ਵਿੱਚ ਅਗਸਤ ਦੇ ਅਖੀਰ ਵਿੱਚ ਕੁਰਾਨ ਦੀ ਇੱਕ ਕਾਪੀ ਨੂੰ ਅੱਗ ਲਗਾ ਦਿੱਤੀ । ਇਹ ਭੜਕਾਊ ਘਟਨਾ ਉਸ ਜਗ੍ਹਾ 'ਤੇ ਵਾਪਰੀ ਹੈ ਜਿੱਥੇ ਮੁਸਲਿਮ ਪ੍ਰਵਾਸੀ ਰਹਿੰਦੇ ਹਨ। 'ਸਵੀਡਨ ਡੈਮੋਕ੍ਰੇਟਸ' ਨਾਮੀ ਨਵ-ਨਾਜੀ ਪਾਰਟੀ ਸਵੀਡਨ ਦੀ ਸੰਸਦ ਦੀ ਤੀਜੀ ਸਭ ਤੋਂ ਵੱਡੀ ਪਾਰਟੀ ਹੈ । ਇਸ ਪਾਰਟੀ ਦਾ ਮੰਨਣਾ ਹੈ ਕਿ ਸਵੀਡਨ ਦੀਆਂ ਸਾਰੀਆਂ ਮੁਸ਼ਕਲਾਂ ਦੀ ਜੜ੍ਹ ਉਥੇ ਵਸਦੇ ਮੁਸਲਿਮ ਸ਼ਰਨਾਰਥੀ ਹਨ। ਮੇਲਮੋ ਵਿੱਚ ਤਕਰੀਬਨ ਤਿੰਨ ਸੌ ਲੋਕਾਂ ਦੀ ਭੀੜ ਨੇ ਕੁਰਾਨ ਦੀ ਬੇਅਦਬੀ ਦਾ ਵਿਰੋਧ ਕਰਦੇ ਹੋਏ ਹਿੰਸਾ ਕੀਤੀ। ਸਵੀਡਨ ਦੀਆਂ ਸੱਜੇ-ਪੱਖੀ ਪਾਰਟੀਆਂ ਦਾ ਦੋਸ਼ ਹੈ ਕਿ ਨੋਰਡਿਕ ਦੇਸ਼ਾਂ ਦਾ ਇਸਲਾਮੀਕਰਨ ਕੀਤਾ ਜਾ ਰਿਹਾ ਹੈ ਅਤੇ ਇਨ੍ਹਾਂ ਦੇਸ਼ਾਂ ਵਿਚ ਵੱਧ ਰਹੇ ਅਪਰਾਧਾਂ ਦੇ ਪਿੱਛੇ ਉਹ ਮੁਸਲਮਾਨ ਹਨ ਜੋ ਸੀਰੀਆ ਦੀ ਜੰਗ ਤੋਂ ਬਾਅਦ ਇਥੇ ਆਏ ਸਨ।

ਇਸ ਦੌਰਾਨ ਕਈ ਯੂਰਪੀਅਨ ਦੇਸ਼ਾਂ ਵਿਚ ਵੀ ਸੱਜੇ-ਪੱਖੀ ਤਾਕਤਾਂ ਦਾ ਦਬਦਬਾ ਵਧਦਾ ਜਾ ਰਿਹਾ ਹੈ। ਏਐਫਜੀ (ਅਲਟਰਨੇਟਿਵ ਫਾਰ ਜਰਮਨੀ) ਇਕ ਅਜਿਹੀ ਹੀ ਸੱਜੇ-ਪੱਖੀ ਪਾਰਟੀ ਹੈ। ਅਜਿਹੀਆਂ ਸਾਰੀਆਂ ਪਾਰਟੀਆਂ ਦਾ ਵਿਚਾਰਧਾਰਕ ਆਧਾਰ ਫਾਸ਼ੀਵਾਦ ਹੈ । ਇਹ ਪਾਰਟੀਆਂ ਅਤਿ ਰਾਸ਼ਟਰਵਾਦ ਵਿਚ ਵਿਸ਼ਵਾਸ ਰੱਖਦੀਆਂ ਹਨ ਤੇ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾਉਦੀਆਂ ਹਨ। ਪੱਛਮੀ ਏਸ਼ੀਆ ਵਿੱਚ ਯੁੱਧ ਅਤੇ ਹਿੰਸਾ ਕਾਰਨ ਪ੍ਰਵਾਸੀ ਮੁਸਲਿਮ ਯੂਰਪੀਅਨ ਦੇਸ਼ਾਂ ਵਿੱਚ ਪਨਾਹ ਲੈ ਚੁੱਕੇ ਹਨ । ਇਸ ਯੁੱਧ ਅਤੇ ਹਿੰਸਾ ਦਾ ਕਾਰਨ ਵੱਧ ਰਹੀ ਇਸਲਾਮਿਕ ਕੱਟੜਪੰਥੀ ਰਾਜਨੀਤੀ ਹੈ । ਅਲ ਕਾਇਦਾ , ਆਈਐਸਆਈਐਸ ਅਤੇ ਆਈਐਸ ਇਸ ਹਿੰਸਾ ਨੂੰ ਫੈਲਾ ਰਹੇ ਹਨ । ਅਮਰੀਕਾ ਦੀ ਕੱਟੜਪੰਥੀ ਇਸਲਾਮ ਨੂੰ ਉਤਸ਼ਾਹਤ ਕਰਨ ਦੀ ਨੀਤੀ ਨੇ ਇਨ੍ਹਾਂ ਸੰਸਥਾਵਾਂ ਨੂੰ ਹੋਰ ਮਜ਼ਬੂਤ ਕੀਤਾ ਹੈ। ਸੱਚੀਂ ਗੱਲ ਕਰੀਏ ਤਾਂ ਤੇਲ ਦੀ ਲਾਲਸਾ ਇਸ ਖੇਤਰ ਵਿਚ ਅਮਰੀਕੀ ਦਖਲਅੰਦਾਜ਼ੀ ਦਾ ਮੁੱਖ ਕਾਰਨ ਹੈ।

ਇਕ ਹੋਰ ਘਟਨਾ ਵਿਚ, 'ਚਾਰਲੀ ਹੈਬਾਡੋ' ਨਾਂ ਦੇ ਇਕ ਫ੍ਰੈਂਚ ਕਾਰਟੂਨ ਰਸਾਲੇ ਨੇ ਪੈਗੰਬਰ ਹਜ਼ਰਤ ਮੁਹੰਮਦ ਨਾਲ ਸਬੰਧਤ ਕਾਰਟੂਨ ਨੂੰ ਉਸ ਸਮੇਂ ਦੁਬਾਰਾ ਛਾਪਿਆ , ਜਦੋਂ 2015 ਦੌਰਾਨ ਮੈਗਜ਼ੀਨ ਦੇ ਦਫ਼ਤਰ 'ਤੇ ਹਮਲਾ ਕਰਨ ਵਾਲੇ ਅੱਤਵਾਦੀਆਂ ਉਪਰ ਮੁਕਦਮਾ ਸ਼ੁਰੂ ਹੋਇਆ ਸੀ ।ਇਹ ਧਿਆਨ ਯੋਗ ਹੈ ਕਿ ਰਸਾਲੇ ਦੁਆਰਾ ਪ੍ਰਕਾਸ਼ਤ ਕੀਤੇ ਗਏ ਕਾਰਟੂਨ ਬਹੁਤ ਸਾਰੇ ਲੋਕਾਂ ਦੀਆਂ ਨਜ਼ਰਾਂ ਵਿਚ ਬਹੁਤ ਜ਼ਿਆਦਾ ਇਤਰਾਜ਼ਯੋਗ ਸਨ। ਇਸ ਅੱਤਵਾਦੀ ਹਮਲੇ ਵਿਚ ਕਈ ਮੈਗਜ਼ੀਨ ਦੇ ਕਾਰਟੂਨਿਸਟ ਮਾਰੇ ਗਏ ਸਨ। ਇਸ ਘਟਨਾ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ ਅਤੇ ਉਹ ਇਸ ਸਮੇਂ ਅਦਾਲਤ ਦੇ ਕਟਹਿਰੇ ਵਿਚ ਹਨ। ਫਰਾਂਸ ਵਿਚ 2007 ਦੌਰਾਨ ਹਿੰਸਾ ਫੈਲ ਗਈ ਜਦੋਂ ਪੁਲਿਸ ਮੁਲਾਜ਼ਮਾਂ ਨੇ ਦੋ ਮੁਸਲਿਮ ਪ੍ਰਵਾਸੀ ਨੌਜਵਾਨਾਂ ਨੂੰ ਮਾਰ ਦਿੱਤਾ । ਇਹ ਘਟਨਾ ਪੁਲਿਸ ਦੁਆਰਾ ਇੱਕ ਗੋਰੇ ਨਾਗਰਿਕ ਦੇ ਕਤਲ ਦੀ ਜਾਂਚ ਦੌਰਾਨ ਕੀਤੀ ਗਈ । ਇਹ ਨੌਜਵਾਨ ਗੈਰਕਾਨੂੰਨੀ ਪ੍ਰਵਾਸੀ ਸਨ ਅਤੇ ਇਸ ਲਈ ਲੁਕ ਕੇ ਰਹਿ ਰਹੇ ਸਨ। ਉਸ ਦੀ ਹੱਤਿਆ ਤੋਂ ਬਾਅਦ ਫਰਾਂਸ ਵਿਚ ਕਈ ਹਿੰਸਕ ਘਟਨਾਵਾਂ ਵਾਪਰੀਆਂ। ਫਰਾਂਸ ਵਿਚ ਵਸਦੇ ਬਹੁਤੇ ਪਰਵਾਸੀ ਮੋਰੋਕੋ, ਟਿਟਨੀਸ਼ੀਆ, ਮਾਲੀ, ਸੇਨੇਗਲ ਅਤੇ ਅਲਜੀਰੀਆ ਸਣੇ ਅਜਿਹੇ ਦੇਸ਼ਾਂ ਤੋਂ ਆਏ ਹਨ ਜੋ ਕਿਸੇ ਸਮੇਂ ਫ੍ਰੈਂਚ ਸਾਮਰਾਜ ਦਾ ਹਿੱਸਾ ਸਨ। ਉਹ ਸਾਰੇ 1950 ਅਤੇ 1960 ਦੇ ਦਹਾਕੇ ਵਿਚ ਫਰਾਂਸ ਵਿਚ ਸੈਟਲ ਹੋਏ ਸਨ। ਇਹ ਸਾਰੇ ਮੁਸਲਮਾਨ ਅਤੇ ਕਾਲੇ ਹਨ ਅਤੇ ਪੈਰਿਸ ਅਤੇ ਫਰਾਂਸ ਦੇ ਹੋਰ ਸ਼ਹਿਰਾਂ ਵਿਚ ਬਹੁਤ ਹੀ ਤਰਸਯੋਗ ਸਥਿਤੀ ਵਿਚ ਜੀਉ ਰਹੇ ਹਨ.

ਜਿਸ ਤਰ੍ਹਾਂ ਭਾਰਤ ਦੇ ਮੁਸਲਮਾਨਾਂ ਨੂੰ ਉਨ੍ਹਾਂ ਦੇ ਪਛੜੇਪਣ ਅਤੇ ਵੱਡੇ ਪਰਿਵਾਰਾਂ ਲਈ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ, ਉਸੇ ਤਰ੍ਹਾਂ ਯੂਰਪ ਵਿਚ, ਸੱਜੇਪਖੀ ਮੰਨਦੇ ਹਨ ਕਿ ਮੁਸਲਮਾਨਾਂ ਨੂੰ ਉਨ੍ਹਾਂ ਦੇ ਦੇਸ਼ਾਂ ਦੀ ਸੰਸਕ੍ਰਿਤੀ ਵਿਚ ਨਹੀਂ ਆਉਣਾ ਚਾਹੀਦਾ , ਕਿਉਂਕਿ ਇਹ ਆਪਣੀ ਵੱਖਰੀ ਪਛਾਣ ਬਣਾਈ ਰੱਖਣਾ ਚਾਹੁੰਦੇ ਹਨ। ਕੁਝ ਯੂਰਪ ਦੇ ਸੱਜੇਪੱਖੀ ਕੱਟੜਪੰਥੀ ਆਗੂ ਪ੍ਰਵਾਸੀ ਮੁਸਲਿਮਾਂ ਨੂੰ ਵੇਖਦੇ ਹਨ ਅਤੇ ਉਨ੍ਹਾਂ ਨੂੰ ਕੀੜੇ-ਮਕੌੜੇ, ਦੁਰਾਚਾਰੀ ਅਤੇ ਵਹਿਸ਼ੀ ਕਹਿੰਦੇ ਹਨ।

ਅੱਜ ਅਸੀਂ ਇਕ ਅਜਿਹੇ ਸਮੇਂ ਵਿਚ ਜੀਅ ਰਹੇ ਹਾਂ ਜਿਸ ਵਿਚ ਧਾਰਮਿਕ ਪਛਾਣ ਆਪਣਾ ਘਿਣਾਉਣਾ ਚਿਹਰਾ ਨੰਗਾ ਕਰ ਰਹੀ ਹੈ। ਪਛਾਣ ਦੀ ਰਾਜਨੀਤੀ ਦਾ ਸਭ ਤੋਂ ਪ੍ਰਮੁੱਖ ਸ਼ਿਕਾਰ ਮੁਸਲਮਾਨ ਬਣੇ ਹਨ। ਭਾਰਤ ਵਿਚ ਇਸ ਕਿਸਮ ਦੀ ਸੋਚ ਦਾ ਮੁੱਖ ਸਰੋਤ ਭਾਰਤ ਦੀ ਵੰਡ ਹੈ , ਜਿਸ ਕਾਰਨ ਅਮੀਰ ਮੁਸਲਮਾਨ ਪਾਕਿਸਤਾਨ ਚਲੇ ਗਏ ਅਤੇ ਵੱਡੀ ਗਿਣਤੀ ਵਿਚ ਗਰੀਬ ਅਤੇ ਹਾਸ਼ੀਏ ਵਾਲੇ ਮੁਸਲਮਾਨ ਇਥੇ ਹੀ ਰਹੇ। ਇਸ ਕਾਰਣ ਉਨ੍ਹਾਂ ਦੀ ਸਮਾਜਿਕ-ਆਰਥਿਕ ਸਥਿਤੀ ਵਿਚ ਵਿਗਾੜ ਆ ਗਿਆ। ਉਹਨਾਂ ਉਪਰ ਫਿਰਕੂ ਤਾਕਤਾਂ ਨੇ ਹਿੰਸਕ ਹਮਲੇ ਵੀ ਕੀਤੇ। ਯੂਰਪ ਵਿਚ ਇਸਲਾਮ ਫੋਬੀਆ ਦਾ ਇਕ ਹੋਰ ਕਾਰਨ ਹੈ ਕਿ ਪੱਛਮੀ ਏਸ਼ੀਆ ਵਿਚ ਅਕਸਰ ਹੋ ਰਹੀਆਂ ਲੜਾਈਆਂ ਦੇ ਕਾਰਨ ਮੁਸਲਮਾਨ ਯੂਰਪ ਦੇ ਦੇਸ਼ਾਂ ਵਿਚ ਸ਼ਰਨਾਰਥੀ ਬਣ ਕੇ ਵਸ ਗਏ ਸਨ। ਸਵੀਡਨ ਉਨ੍ਹਾਂ ਦੇਸ਼ਾਂ ਵਿੱਚੋਂ ਇੱਕ ਹੈ ਜਿਨ੍ਹਾਂ ਨੇ ਇਨ੍ਹਾਂ ਸ਼ਰਨਾਰਥੀ ਮੁਸਲਮਾਨਾਂ ਨੂੰ ਪਨਾਹ ਦਿੱਤੀ ਹੈ। ਇਨ੍ਹਾਂ ਵਿੱਚੋਂ ਬਹੁਤਿਆਂ ਨੂੰ ਕੋਈ ਰੁਜ਼ਗਾਰ ਨਹੀਂ ਮਿਲ ਸਕਿਆ, ਕਿਉਂਕਿ ਉਹ ਲਗਭਗ ਅਨਪੜ੍ਹ ਸਨ। ਉਹ ਪੂਰੀ ਤਰ੍ਹਾਂ ਇਨ੍ਹਾਂ ਪੱਛਮੀ ਦੇਸ਼ਾਂ ਵਿਚ ਸਮਾਜਿਕ ਸੁਰੱਖਿਆ 'ਤੇ ਨਿਰਭਰ ਸਨ। ਨਵ-ਨਾਜ਼ੀ ਪਾਰਟੀਆਂ ਇਨ੍ਹਾਂ ਮੁੱਦਿਆਂ ਨੂੰ ਆਧਾਰ ਬਣਾਕੇ ਸ਼ਰਨਾਰਥੀ ਮੁਸਲਮਾਨਾਂ ਨੂੰ ਨਿਸ਼ਾਨਾ ਬਣਾ ਰਹੀਆਂ ਹਨ। ਅਮਰੀਕਾ ਦੀਆਂ ਸਾਮਰਾਜਵਾਦੀ ਨੀਤੀਆਂ ਪੂਰੀ ਦੁਨੀਆਂ ਵਿੱਚ ਇਸਲਾਮਕ ਫੋਬੀਆ ਨੂੰ ਹੁਲਾਰਾ ਦੇ ਰਹੀਆਂ ਹਨ । ਅਮਰੀਕਾ ਦੀਆਂ ਨੀਤੀਆਂ ਨੇ ਇਸ ਕਿਸਮ ਦੀ ਰਾਜਨੀਤੀ ਨੂੰ ਸਿਰਜਿਆ ਹੈ ਜੋ ਵਿਸ਼ਵ ਦੇ ਇੱਕ ਵੱਡੇ ਹਿੱਸੇ ਦੀ ਕਿਸਮਤ ਨੂੰ ਨਿਰਧਾਰਤ ਕਰਦੀ ਹੈ। ਪਾਕਿਸਤਾਨ ਵਿਚ ਅਲ ਕਾਇਦਾ ਨੂੰ ਮਦਰੱਸਿਆਂ ਰਾਹੀਂ ਸਿਖਲਾਈ ਦਿੱਤੀ ਗਈ ਸੀ । ਇਸ ਦੇ ਨਾਲ ਹੀ, ਤੇਲ ਪੈਦਾ ਕਰਨ ਵਾਲੇ ਖੇਤਰ ਵਿੱਚ ਹਿੰਸਾ ਦੇ ਬੀਜ ਬੀਜੇ ਗਏ । ਅਮਰੀਕਾ ਨੇ ਕੱਟੜਪੰਥੀ ਮੁਸਲਮਾਨਾਂ ਨੂੰ ਉਤਸ਼ਾਹਤ ਕੀਤਾ। ਪਰ 9/11 ਦੇ ਹਮਲੇ ਨੇ ਸਭ ਕੁਝ ਬਦਲ ਦਿੱਤਾ। ਅਮਰੀਕਾ ਨੂੰ ਅਹਿਸਾਸ ਹੋਇਆ ਕਿ ਉਸ ਨੇ ਇੱਕ ਭਸਮਾਸੁਰ ਨੂੰ ਜਨਮ ਦਿੱਤਾ ਸੀ ਜੋ ਕਿ ਉਸਦੇ ਖੂਨ ਉਪਰ ਪਲ ਰਿਹਾ ਹੈ । ਇਸ ਹਮਲੇ ਤੋਂ ਬਾਅਦ ਅਮਰੀਕੀ ਮੀਡੀਆ ਨੇ 'ਇਸਲਾਮਿਕ ਅੱਤਵਾਦ' ਸ਼ਬਦ ਤਿਆਰ ਕੀਤਾ ਤੇ ਮੁਸਲਮਾਨਾਂ ਵਿਰੁੱਧ ਜ਼ਹਿਰ ਘੋਲਣਾ ਸ਼ੁਰੂ ਕੀਤਾ। ਦੁਨੀਆ ਦੀਆਂ ਕਈ ਹੋਰ ਕੌਮਾਂ ਦੇ ਮੀਡੀਆ ਨੇ ਇਸ ਪ੍ਰਚਾਰ ਨੂੰ ਹੋਰ ਅੱਗੇ ਤੋਰਿਆ। ਭਾਰਤ ਵੀ ਇਸ ਮਾਮਲੇ ਵਿੱਚ ਪਿੱਛੇ ਨਹੀਂ ਰਿਹਾ। ਬ੍ਰਿਟੇਨ ਦੀ 'ਵੰਡੋ ਅਤੇ ਰਾਜ ਕਰੋ' ਨੀਤੀ ਪਹਿਲਾਂ ਹੀ ਫ਼ਿਰਕਾਪ੍ਰਸਤੀ ਲਈ ਉਪਜਾਊ ਜ਼ਮੀਨ ਤਿਆਰ ਕਰ ਚੁੱਕੀ ਸੀ। ਇਸ ਦੌਰਾਨ, ਜਿਥੇ ਬਹੁਤ ਸਾਰੇ ਮੁਸਲਿਮ ਦੇਸ਼ ਵੱਖ-ਵੱਖ ਢੰਗ ਨਾਲ ਧਰਮ ਨਿਰਪੱਖਤਾ ਵੱਲ ਕਦਮ ਵਧਾਉਣੇ ਸ਼ੁਰੂ ਕੀਤੇ ਹਨ , ਉਥੇ ਦੁਨੀਆ ਦੇ ਤੇਲ ਉਤਪਾਦਕ ਦੇਸ਼ ਕੱਟੜਵਾਦ ਦੇ ਚੁੰਗਲ ਵਿਚ ਫਸ ਗਏ ਹਨ। ਤੁਰਕੀ, ਜੋ ਕਿ 1920 ਦੇ ਲਗਭਗ ਧਰਮ ਨਿਰਪੱਖਤਾ ਦਾ ਗੜ੍ਹ ਬਣ ਗਿਆ ਸੀ , ਹੁਣ ਕੱਟੜਵਾਦੀ ਤਾਕਤਾਂ ਦਾ ਮਜ਼ਬੂਤ ਕੇਂਦਰ ਬਣ ਗਿਆ ਹੈ। ਸੂਡਾਨ ਵਿਚ ਰਾਜ ਅਤੇ ਧਰਮ ਵਿਚ ਕੋਈ ਸੰਬੰਧ ਨਹੀਂ ਹੈ। ਇੰਡੋਨੇਸ਼ੀਆ ਅਤੇ ਮਲੇਸ਼ੀਆ ਦੋ ਮੁਸਲਿਮ ਬਹੁ-ਗਿਣਤੀ ਵਾਲੇ ਦੇਸ਼ ਹਨ ਜੋ ਆਪਣੇ ਆਪ ਨੂੰ ਕੱਟੜਵਾਦੀ ਵਿਚਾਰਧਾਰਾ ਤੋਂ ਦੂਰ ਕਰ ਰਹੇ ਹਨ। ਇਸ ਦੇ ਉਲਟ, ਪੱਛਮੀ ਏਸ਼ੀਆ ਦੇ ਦੇਸ਼ ਕੱਟੜਵਾਦ ਦਾ ਕੇਂਦਰ ਬਣ ਗਏ ਹਨ । ਇਹ ਬਹੁਤ ਸਪੱਸ਼ਟ ਹੈ ਕਿ ਜੇ ਭਾਰਤ, ਪੱਛਮੀ ਏਸ਼ੀਆ ਅਤੇ ਯੂਰਪ ਦੇ ਦੇਸ਼ਾਂ ਵਿਚ ਵਸਦੇ ਮੁਸਲਮਾਨ ਪੱਛੜੇਪਨ ਦਾ ਸ਼ਿਕਾਰ ਹਨ, ਤਾਂ ਉਸ ਦਾ ਕਾਰਣ ਇਸਲਾਮ ਨਹੀਂ ਹੈ। ਇਸ ਦਾ ਅਸਲ ਕਾਰਨ ਵਿਸ਼ਵ ਦੀਆਂ ਵੱਡੀਆਂ ਤਾਕਤਾਂ ਦੀਆਂ ਸਾਮਰਾਜੀ ਲਾਲਸਾਵਾਂ ਹਨ, ਜੋ ਇਸਲਾਮ ਦਾ ਸਹਾਰਾ ਲੈ ਕੇ ਆਪਣੇ ਆਰਥਿਕ ਹਿੱਤਾਂ ਦੀ ਪੂਰਤੀ ਕਰ ਰਹੀਆਂ ਹਨ। ਸਚ ਇਹ ਹੈ ਕਿ ਮੁਸਲਮਾਨਾਂ ਦਾ ਉਹ ਹਿੱਸਾ ਜੋ ਆਪਣੀ ਧਾਰਮਿਕ ਪਹਿਚਾਣ ਨੂੰ ਪਹਿਲ ਦਿੰਦਾ ਹੈ ਅਸਲ ਵਿੱਚ ਉਹ ਇੱਕ ਅੰਤਰਰਾਸ਼ਟਰੀ ਰਾਜਨੀਤਿਕ ਚੱਕਰਵਿਊ ਵਿਚ ਫਸਿਆ ਹੋਇਆ ਹੈ ।

# ਸਾਈਬਰ ਅਪਰਾਧੀ ਦੁਨੀਆ ਲਈ ਗੰਭੀਰ ਸਿਰਦਰਦੀ ਬਣੇ

**- ਨਰਿੰਦਰ**

ਕੁਝ ਸਾਲ ਪਹਿਲਾਂ ਇਕ ਦਿਨ ਯੂਕ੍ਰੇਨ ਦੀ ਰਾਜਧਾਨੀ ਕੀਵ ਵਿਚ ਇਕ ਬੜੀ ਹੀ ਰਹੱਸਮਈ ਘਟਨਾ ਵਾਪਰੀ। ਇਕ ਏ.ਟੀ.ਐਮ. ਅਚਾਨਕ ਆਪਣੇ ਆਪ ਕਰੰਸੀ ਉਗਲਣ ਲੱਗਾ। ਜਿਸ ਨੇ ਵੀ ਇਹ ਵੇਖਿਆ ਉਹ ਹੈਰਾਨ ਰਹਿ ਗਿਆ ਕਿ ਆਖਰ ਮਾਜਰਾ ਕੀ ਹੈ ? ਇਸ ਨੂੰ ਸਮਝਣ ਲਈ ਰੂਸੀ ਕੰਪਨੀ ਕਾਸਪਰਸਕਾਈ ਦੇ ਮਾਹਿਰਾਂ ਨੂੰ ਸੱਦਿਆ ਗਿਆ। ਇਨਾਂ ਸਾਈਬਰ ਮਾਹਿਰਾਂ ਨੇ ਜੋ ਵਜਾ ਦੱਸੀ, ਲੋਕ ਉਸ ਨੂੰ ਸੁਣ ਕੇ ਹੈਰਾਨ ਰਹਿ ਗਏ। ਦਰਅਸਲ, ਏ.ਟੀ.ਐਮ. ਐਵੇਂ ਹੀ ਆਪਣੇ ਆਪ ਕਰੰਸੀ ਨਹੀਂ ਉਗਲਣ ਲੱਗਾ ਸੀ। ਇਸ ਦੇ ਪਿੱਛੇ ਸਾਈਬਰ ਅਪਰਾਧੀਆਂ ਭਾਵ ਹੈਕਰਾਂ ਦਾ ਹੱਥ ਸੀ। ਮਾਹਿਰਾਂ ਅਨੁਸਾਰ ਸਾਈਬਰ ਅਪਰਾਧੀ ਏ.ਟੀ.ਐਮ. ਨੂੰ ਇਸ ਢੰਗ ਨਾਲ ਪ੍ਰੋਗਰਾਮ ਕਰ ਸਕਦੇ ਹਨ ਕਿ ਉਹ ਇਕ ਨਿਸਚਿਤ ਸਮੇਂ 'ਤੇ ਖੁਦ-ਬ-ਖੁਦ ਆਪਣੇ ਅੰਦਰੋਂ ਕਰੰਸੀ ਬਾਹਰ ਕੱਢਣ ਲੱਗ ਪਵੇ।

ਭਾਵੇਂ ਸਾਡੇ ਵਿਚੋਂ ਕਈਆਂ ਨੂੰ ਚੋਰੀ ਦੇ ਇਸ ਤਰੀਕੇ 'ਤੇ ਹੈਰਾਨੀ ਹੋਵੇ ਪਰ ਇਹ ਤਰੀਕਾ ਹੈਰਾਨ ਕਰਨ ਵਾਲਾ ਨਹੀਂ ਹੈ। ਕਿਉਂਕਿ ਅੱਜ ਜਦੋਂ ਬਨਾਉਟੀ ਉਪਗ੍ਰਹਿਆਂ ਰਾਹੀਂ ਧਰਤੀ ਤੋਂ ਕਰੋੜਾਂ ਕਿਲੋਮੀਟਰ ਦੂਰ ਸਥਿਤ ਰੋਵਰਾਂ ਦੀ ਮੁਰੰਮਤ ਕੀਤੀ ਜਾ ਸਕਦੀ ਹੈ, ਉਨਾਂ ਨੂੰ ਗਤੀਸ਼ੀਲ ਕੀਤਾ ਜਾ ਸਕਦਾ ਹੈ ਤਾਂ ਫਿਰ ਕਿਤੇ ਦੂਰ ਬੈਠ ਕੇ ਕਿਸੇ ਏ.ਟੀ. ਐਮ. ਨੂੰ ਚਲਾਉਣਾ ਕਿਹੜਾ ਮੁਸ਼ਕਿਲ ਕੰਮ ਹੈ ? ਤਕਨੀਕ ਨੇ ਜਿੱਥੇ ਸਹੂਲਤਾਂ ਦਾ ਵਿਸਥਾਰ ਕੀਤਾ ਹੈ, ਉੱਥੇ ਇਸ ਨੇ ਕੁਝ ਪਹਿਲਾਂ ਤੋਂ ਜ਼ਿਆਦਾ ਜਟਿਲ ਅਤੇ ਸੰਵੇਦਨਸ਼ੀਲ ਖਤਰੇ ਵੀ ਪੈਦਾ ਕੀਤੇ ਹਨ। ਐਂਟੀਵਾਇਰਸ ਬਣਾਉਣ ਵਾਲੀ ਰੂਸੀ ਕੰਪਨੀ ਕਾਸਰਸਕਾਈ ਅਨੁਸਾਰ ਹੈਕਰ ਆਉਣ ਵਾਲੇ ਸਮੇਂ ਵਿਚ ਦੁਨੀਆ ਦਾ ਸਭ ਤੋਂ ਵੱਡਾ ਸਿਰਦਰਦ ਹੋਣਗੇ। ਜਿਸ ਤਰਾਂ ਨਾਲ ਪਿਛਲੇ ਦਿਨੀਂ ਅਜੇ ਤੱਕ ਕੁਝ ਅਗਿਆਤ (ਹਾਲਾਂਕਿ 4 ਨੌਜਵਾਨ ਫੜੇ ਵੀ ਗਏ ਹਨ ਪਰ ਅਜੇ ਤੱਕ ਤੈਅ ਨਹੀਂ ਹੋ ਸਕਿਆ ਕਿ ਸੱਚਮੁੱਚ ਹੀ ਇਹੀ ਅਪਰਾਧੀ ਹਨ) ਹੈਕਰਾਂ ਨੇ ਦੁਨੀਆ ਭਰ ਦੇ ਸਭ ਤੋਂ ਤਾਕਤਵਰ ਲੋਕਾਂ ਦੇ ਟਵਿੱਟਰ ਖਾਤੇ ਹੈਕ ਕਰ ਲਏ ਹਨ। ਇਹ ਬੇਹੱਦ ਡਰਾਉਣਾ ਮਾਮਲਾ ਹੈ। ਉਂਜ ਤਾਂ ਹਮੇਸ਼ਾ ਹੀ ਅਪਰਾਧੀ ਸੁਰੱਖਿਆ ਏਜੰਸੀਆਂ ਤੋਂ ਕਿਤੇ ਜ਼ਿਆਦਾ ਚਲਾਕ ਰਹੇ ਹਨ। ਪਰ ਹੁਣ ਤੋਂ ਪਹਿਲਾਂ ਤੱਕ ਅਪਰਾਧੀ ਭਾਵੇਂ ਕਿੰਨਾ ਵੀ ਚਲਾਕ ਹੋਵੇ ਪਰ ਉਸ ਨੂੰ ਪਰਦੇ ਪਿੱਛੇ ਰਹਿ ਕੇ ਅਪਰਾਧ ਕਰਨ ਦੀ ਅਜਿਹੀ ਸਹੂਲਤ ਨਹੀਂ ਸੀ, ਜਿਵੇਂ ਦੀ ਸਹੂਲਤ ਮੌਜੂਦਾ ਦੌਰ ਦੇ ਸਾਈਬਰ ਨੈੱਟਵਰਕ ਨੇ ਪ੍ਰਦਾਨ ਕੀਤੀ ਹੈ। ਪਹਿਲਾਂ ਅਪਰਾਧੀਆਂ ਨੂੰ ਅਪਰਾਧ ਲਈ ਜ਼ਬਰਦਸਤ ਜੋਖ਼ਮ ਮੁੱਲ ਲੈਣਾ ਪੈਂਦਾ ਸੀ। ਇਸ ਤੋਂ ਬਾਅਦ ਵੀ ਕੋਈ ਗਾਰੰਟੀ ਨਹੀਂ ਸੀ ਕਿ ਉਨਾਂ ਦੀ ਮਨੋਕਾਮਨਾ ਪੂਰੀ ਹੋਵੇਗੀ ਜਾਂ ਨਹੀਂ। ਅੱਜ ਅਪਰਾਧੀਆਂ ਨੂੰ ਮਹਿਜ਼ ਤਕਨੀਕ ਦੀ ਬੇਹੱਦ ਸ਼ਾਤਰ ਢੰਗ ਨਾਲ ਵਰਤੋਂ ਕਰਨੀ ਆਉਂਦੀ ਹੋਣੀ ਚਾਹੀਦੀ ਹੈ, ਇਸ ਤੋਂ ਇਲਾਵਾ ਉਨਾਂ ਨੂੰ ਆਪਣੇ ਅਪਰਾਧ ਲਈ ਕਿਸੇ ਹੋਰ ਤਰਾਂ ਦੇ ਜੋਖ਼ਮ ਦੀ ਲੋੜ ਨਹੀਂ ਪੈਂਦੀ।

ਇਸ ਕੋਰੋਨਾ ਦੇ ਭਿਆਨਕ ਸਮੇਂ ਵਿਚ ਜਦੋਂ ਜ਼ਿਆਦਾਤਰ ਰਵਾਇਤੀ ਅਪਰਾਧੀ ਖਾਮੋਸ਼ ਹਨ, ਠੀਕ ਉਸੇ ਸਮੇਂ ਇਹ ਅਦਿੱਖ ਰਹਿ ਕੇ ਕੰਮ ਕਰਨ ਵਾਲੇ ਸਾਈਬਰ ਅਪਰਾਧੀ ਭਾਵ ਹੈਕਰ ਸਭ ਤੋਂ ਜ਼ਿਆਦਾ ਸਰਗਰਮ ਹਨ। ਇਸ ਕੋਰੋਨਾ ਸੰਕਟ ਦਰਮਿਆਨ ਇਨਾਂ ਅਪਰਾਧੀਆਂ ਨੇ ਆਪਣੇ ਅਪਰਾਧ ਦੀ ਦਰ ਵਿਚ 5 ਤੋਂ 10 ਫੀਸਦੀ ਤੱਕ ਵਾਧਾ ਕੀਤਾ ਹੈ। ਜਦੋਂਕਿ ਵੇਖਣ ਵਾਲੀ ਗੱਲ ਇਹ ਹੈ ਕਿ ਪਿਛਲੇ 4-5 ਮਹੀਨਿਆਂ ਤੋਂ ਪੂਰੀ ਦੁਨੀਆ ਵਿਚ ਜ਼ਿਆਦਾਤਰ ਕੰਮਕਾਜ ਠੱਪ ਹਨ। ਸਾਰੇ ਲੋਕ ਕਈ ਮਹੀਨਿਆਂ ਤੋਂ ਆਪਣੇ ਦਫਤਰ ਨਹੀਂ ਗਏ। ਅਜਿਹੇ ਸਮੇਂ ਵਿਚ ਰਵਾਇਤੀ ਅਪਰਾਧੀਆਂ



ਦਾ ਜਿੱਥੇ ਅਪਰਾਧ ਲਈ ਘਰੋਂ ਨਿਕਲਣਾ ਔਖਾ ਹੈ, ਉੱਥੇ ਇਹ ਖੁਦ ਵੀ ਦੂਜੇ ਆਮ ਲੋਕਾਂ ਦੀ ਤਰਾਂ ਡਰੇ ਹੋਏ ਹਨ। ਕਿਉਂਕਿ ਇਨਾਂ ਕੋਲ ਅਜਿਹੀ ਤਕਨੀਕ ਨਹੀਂ ਹੈ ਜਿਸ ਨਾਲ ਇਨਾਂ ਨੂੰ ਭਰਮ ਹੋ ਸਕੇ ਕਿ ਉਹ ਕੁਝ ਵੀ ਕਰ ਲੈਣਗੇ ਅਤੇ ਦੁਨੀਆ ਦੇ ਸਾਹਮਣੇ ਨਹੀਂ ਆਉਣਗੇ।

ਪਰ ਹੈਕਰ ਹੀ ਅਜਿਹਾ ਕੁਝ ਕਰ ਰਹੇ ਹਨ। ਇਸ ਕੋਰੋਨਾ ਦੀ ਦਹਿਸ਼ਤ ਦੇ ਦੌਰ ਵਿਚ ਇਨਾਂ ਚਲਾਕ ਅਪਰਾਧੀਆਂ ਨੇ ਹਜ਼ਾਰਾਂ ਬੈਂਕਾਂ ਅਤੇ ਕੰਪਨੀਆਂ 'ਤੇ ਹਮਲਾ ਕਰ ਦਿੱਤਾ ਹੈ। ਕਈ ਤਰੀਕਿਆਂ ਨਾਲ ਇਨਾਂ ਅਪਰਾਧੀਆਂ ਨੇ ਪਿਛਲੇ ਕੁਝ ਦਿਨਾਂ ਤੋਂ ਦੁਨੀਆ ਨੂੰ ਆਪਣੀਆਂ ਅਪਰਾਧਕ ਸਰਗਰਮੀਆਂ ਨਾਲ ਹਿਲਾ ਦਿੱਤਾ ਹੈ। ਜੇਕਰ ਮਾਹਿਰਾਂ ਦੇ ਅੰਕੜਿਆਂ 'ਤੇ ਭਰੋਸਾ ਕਰੀਏ ਤਾਂ ਤਾਲਾਬੰਦੀ ਦੇ ਦਿਨਾਂ ਵਿਚ ਦੁਨੀਆ ਵਿਚ 50 ਫ਼ੀਸਦੀ ਤੱਕ ਡਿਜੀਟਲ ਅਪਰਾਧ ਵਧਿਆ ਹੈ। ਇਹੀ ਵਜਾ ਹੈ ਕਿ ਅੱਜ ਦੀ ਤਰੀਕ ਵਿਚ ਕੋਰੋਨਾ ਤੋਂ ਜ਼ਿਆਦਾ ਤਾਂ ਨਹੀਂ ਪਰ ਕਰੀਬ ਕਰੀਬ ਕੋਰੋਨਾ ਵਰਗੇ ਹੀ ਸਾਈਬਰ ਅਪਰਾਧੀਆਂ ਦਾ ਖੌਫ ਦੁਨੀਆ ਵਿਚ ਛਾ ਰਿਹਾ ਹੈ। 15 ਜੁਲਾਈ 2020 ਨੂੰ ਕੁਝ ਹੀ ਘੰਟਿਆਂ ਵਿਚ ਅਦਿੱਖ ਅਪਰਾਧੀਆਂ ਨੇ ਮਹਿਜ਼ ਢਾਈ ਤਿੰਨ ਘੰਟੇ ਵਿਚ ਕਈ ਲੋਕਾਂ ਤੋਂ ਕਰੀਬ 88 ਲੱਖ ਰੁਪਏ ਠੱਗ ਲਏ ਸਨ ਅਤੇ ਇਹ ਕੋਈ ਸਾਧਾਰਨ ਲੋਕਾਂ ਤੋਂ ਨਹੀਂ ਠੱਗੇ ਗਏ ਸਨ ਸਗੋਂ ਨਿਊਯਾਰਕ ਵਿਚ ਰਹਿਣ ਵਾਲੇ ਲੋਕਾਂ ਨੇ ਵੀ ਇਨਾਂ ਨੂੰ ਕਾਫੀ ਚੋਖਾ ਪੈਸਾ ਦਿੱਤਾ ਸੀ ਕਿਉਂਕਿ ਇਨਾਂ ਦੀ ਸਿੱਧੀ ਧਮਕੀ ਸੀ ਕਿ ਜੇਕਰ ਉਨਾਂ ਨੂੰ ਮੂੰਹ ਮੰਗੀ ਫਿਰੌਤੀ ਨਹੀਂ ਦਿੱਤੀ ਗਈ ਤਾਂ ਉਹ ਬਹੁਤ ਸਾਰੀਆਂ ਚੀਜ਼ਾਂ ਦਾ ਭਾਂਡਾ ਭੰਨ ਦੇਣਗੇ। ਹਾਲਾਂਕਿ 15 ਜੁਲਾਈ 2020 ਨੂੰ ਕੁਝ ਵੱਡੇ ਲੋਕਾਂ ਦੇ ਟਵਿੱਟਰ ਖਾਤੇ ਸਿਰਫ ਕੁਝ ਹੀ ਘੰਟੇ ਲਈ ਬੰਦ ਰਹੇ ਸਨ ਪਰ ਇਹ ਥੋੜਾ ਜਿਹਾ ਸਮਾਂ ਹੀ ਅਪਰਾਧੀਆਂ ਦੇ ਹੌਸਲੇ ਬੁਲੰਦ ਹੋਣ ਦਾ ਸਬੂਤ ਸਨ। ਇਕ ਸਰਵੇਖਣ ਅਨੁਸਾਰ ਅੱਜ ਦੁਨੀਆ ਦੇ ਕਰੀਬ 76 ਫੀਸਦੀ ਲੋਕ ਮੋਬਾਈਲ ਫੋਨ ਦੀ ਵਰਤੋਂ ਕਰਦੇ ਹਨ ਅਤੇ ਇਨਾਂ ਵਿਚੋਂ ਅੱਧੇ ਲੋਕ ਵੀ ਆਪਣੇ ਮੋਬਾਈਲ ਨੂੰ ਕਿਸੇ ਤਰੀਕੇ ਦੀ ਸੁਰੱਖਿਆ ਵਿਚ ਨਹੀਂ ਰੱਖਦੇ ਅਤੇ ਨਾ ਹੀ ਉਹ ਸੁਰੱਖਿਆ ਦੇ ਬਾਰੇ ਵਿਚ ਬਿਹਤਰ ਢੰਗ ਨਾਲ ਜਾਣਦੇ ਹਨ। ਇਹੀ ਵਜਾ ਹੈ ਕਿ ਸਾਈਬਰ ਅਪਰਾਧੀਆਂ ਲਈ ਆਉਣ ਵਾਲੇ ਕਈ ਸਾਲ ਬਹੁਤ ਵਧੀਆ ਹਨ। ਸਾਈਬਰ ਸਕਿਉਰਟੀ ਮਾਰਕਿਟ ਅਨੁਸਾਰ ਸਾਲ 2023 ਤੱਕ ਦੁਨੀਆ ਵਿਚ 18.61 ਲੱਖ ਕਰੋੜ ਰੁਪਏ ਦਾ ਸਾਈਬਰ ਸਕਿਉਰਟੀ ਬਾਜ਼ਾਰ ਹੋਵੇਗਾ।

**ਬਾਕੀ ਸਫ਼ਾ 27 'ਤੇ**

# ਨਵੀਂ ਸਵੇਰ

- ਅੰਮ੍ਰਿਤ ਕੌਰ ਸ਼ੇਰਗਿੱਲ

ਓਏ ਕੌਣ ਐ ਬਈ ...? ਬਲਵੰਤ ਸਿੰਘ ਨੂੰ ਲੱਗਿਆ ਜਿਵੇਂ ਕੋਈ ਉਹਨਾਂ ਦੇ ਬੂਹੇ ਅੱਗੇ ਆ ਕੇ ਰੁਕਿਆ ਹੋਵੇ।

ਅਸੀਂ ਆਂ ਚਾਚਾ ਜੱਗੇ ਹੁਰੀਂ, ਤੇਰੇ ਕੋਲ ਕੰਮ ਆਏ ਆਂ। ਬਾਹਰੋਂ ਆਵਾਜ਼ ਆਈ।

ਬਲਵੰਤ ਸਿੰਘ ਨੇ ਬਾਹਰਲਾ ਬਲਬ ਜਗਾ ਦਿੱਤਾ।

ਐਨੀ ਰਾਤ ਨੂੰ ਕੀ ਕੰਮ ਪੈ ਗਿਆ ਭਾਈ ?ਬਲਵੰਤ ਸਿੰਘ ਨੇ ਬੂਹਾ ਖੋਲਦਿਆਂ ਪੁੱਛਿਆ ਤੇ ਜੱਗੇ ਦੇ ਨਾਲ ਖੜੇ ਮੁੰਡੇ ਵੱਲ ਗਹੁ ਨਾਲ ਤੱਕਿਆ।

ਇਹ ਮੇਰੀ ਭੂਆ ਦਾ ਮੁੰਡਾ ਵਿਕਰਮ ਆ। ਕਹਿੰਦਾ ਸੀ ਮੈਂ ਵੀ ਦੇਖਣੈ ਨਾਨਕੇ ਪਿੰਡ ਵੋਟਾਂ ਕਿਵੇਂ ਪੈਂਦੀਆਂ ਨੇ। ਜੱਗੇ ਨੇ ਮੁਸਕਰਾਉਂਦਿਆਂ ਕਿਹਾ। ਐਨੇ ਨੂੰ ਅੱਧਖੜ ਉਮਰ ਦਾ ਬੰਦਾ ਹਰਦੇਵ ਸਿੰਘ ਵੀ ਉਨਾਂ ਨਾਲ ਆ ਰਲਿਆ।

ਬਲਵੰਤ ਸਿੰਘ ਨੇ ਬੜੇ ਅਦਬ ਨਾਲ ਉਨਾਂ ਨੂੰ ਅੰਦਰ ਬੁਲਾਇਆ। ਉਹ ਬਹੁਤ ਕਾਹਲੀ ਵਿੱਚ ਸਨ। ਬਿਨਾਂ ਕੁਝ ਕਹੇ ਹੀ ਉਨਾਂ ਨੇ ਦੋ ਬੋਤਲਾਂ ਮੇਜ਼ ਉੱਤੇ ਰੱਖ ਦਿੱਤੀਆਂ। ਇੱਕ ਸ਼ਰਾਬ ਦੀ, ਦੂਜੀ ਕੋਕਾ ਕੋਲਾ।

ਕੱਲ ਨੂੰ ਖਿਆਲ ਰੱਖਣਾ ਬਲਵੰਤ ਸਿਆਂ, ਵੋਟ ਲਾਲ ਸਿੰਘ ਨੂੰ ਪਾਉਣੀ ਐ ਆਪਾਂ। ਕਿਸੇ ਹੋਰ ਚੀਜ਼ ਦੀ ਲੋੜ ਐ ਤਾਂ ਦੱਸ ਦੇਈਂ। ਹਰਦੇਵ ਸਿੰਘ ਨੇ ਕਿਹਾ।

ਬਲਵੰਤ ਸਿੰਘ ਦੇ ਕੰਨਾਂ ਵਿੱਚ ਦੀ ਸੇਕ ਨਿਕਲਣ ਲੱਗਾ। ਲਾਲ ਸਿੰਘ ਹਮੇਸ਼ਾ ਪੁੱਠੇ ਸਿੱਧੇ ਤੌਰ ਤਰੀਕੇ ਵਰਤਦਾ ਸੀ। ਪਹਿਲਾਂ ਪੰਚ ਬਣਦਾ ਰਿਹਾ, ਪਿਛਲੀ ਵਾਰ ਸਰਪੰਚ ਬਣਿਆ। ਹੁਣ ਫਿਰ ਸਰਪੰਚੀ ਦਾ ਉਮੀਦਵਾਰ ਸੀ। ਉਸ ਦੀ ਸਰਪੰਚੀ ਦੌਰਾਨ ਪਿੰਡ ਵਿੱਚ ਨਸ਼ਿਆਂ ਦੀ ਆਮਦ ਵਧ ਗਈ। ਲੋਕ ਕਹਿੰਦੇ ਸਨ ਕਿ ਸਰਕਾਰੀ ਲੀਡਰਾਂ ਦੀ ਗੰਢ ਤੁੱਪ ਨਾਲ ਨਸ਼ੇ ਚੱਲਦੇ ਸਨ।

ਚੱਕੋ ਬੋਤਲਾਂ ... ਮੈਂ ਕਿਹਾ ਬੋਤਲਾਂ ਚੱਕੋ। ਬਲਵੰਤ ਸਿੰਘ ਨੇ ਗੁੱਸੇ ਵਿੱਚ ਆ ਕੇ ਕਿਹਾ। ਉਸ ਨੇ ਆਪਣੇ ਗਾਤਰੇ ਪਾਈ ਕ੍ਰਿਪਾਨ ਅੱਗੇ ਕਰਦਿਆਂ ਕਿਹਾ, ਓਏ ...ਥੋਨੂੰ ਆਹ ਨੀ ਦਿਸੀ ? ਇਹ ਪਾ ਕੇ ਵੀ ਲੋਕ ਬਥੇਰਾ ਕੁਛ ਕਰੀ ਜਾਂਦੇ ਨੇ ਚਾਚਾ। ... ਕਿਸੇ ਰਿਸ਼ਤੇਦਾਰ ਦੇ ਕੰਮ ਆ ਜਾਂਦੀ। ਜੱਗੇ ਨੇ ਦੱਬਵੀਂ ਆਵਾਜ਼ ਵਿੱਚ ਕਿਹਾ। ਗੱਲ ਵਧਣ ਦੇ ਡਰੋਂ ਉਨਾਂ ਨੇ ਸ਼ਰਾਬ ਦੀ ਬੋਤਲ ਚੁੱਕ ਲਈ, ਦੂਜੀ ਬੋਤਲ ਬਲਵੰਤ ਸਿੰਘ ਨੇ ਚੁੱਕ ਕੇ ਫੜਾ ਦਿੱਤੀ। ਬਿਨਾਂ ਕੁਝ ਬੋਲਿਆਂ ਉਸ ਨੇ ਹੱਥ ਜੋੜ ਕੇ ਜਾਣ ਦਾ ਇਸ਼ਾਰਾ ਕਰ ਦਿੱਤਾ।

ਮੈਂ ਇਹਨਾਂ ਨੂੰ ਕਿਹਾ ਸੀ ਬਈ ਪੰਜੇ ਉਂਗਲਾਂ ਬਰਾਬਰ ਨਹੀਂ ...। ਹਰਦੇਵ ਸਿੰਘ ਬੂਹੇ ਦੇ ਬਾਹਰ ਹੁੰਦਿਆਂ ਬਲਵੰਤ ਸਿੰਘ ਦੇ ਮੋਢੇ ’ਤੇ ਹੱਥ ਰੱਖ ਕੇ ਕਹਿਣ ਲੱਗਾ ਹੀ ਸੀ ਕਿ ਉਸ ਨੇ ਬੜੇ ਅਦਬ ਨਾਲ ਉਸ ਦਾ ਹੱਥ ਪਰੇ ਕਰ ਦਿੱਤਾ, ਦੋਵੇਂ ਹੱਥ ਜੋੜੇ ਤੇ ਠਾਹ ਦੇਣੇ ਬੂਹਾ ਬੰਦ ਕਰ ਦਿੱਤਾ।

ਹੁਣ ਕੀਹਤੋਂ ਬੇਇੱਜ਼ਤੀ ਕਰਾਉਣੀ ਐ ਚਾਚਾ ? ਜੱਗੇ ਨੇ ਮੁਸਕੜੀਏਂ ਹੱਸਦੇ ਧੀਮੀ ਆਵਾਜ਼ ਵਿੱਚ ਪੁੱਛਿਆ।

ਵੋਟਾਂ ਲੈਣ ਵਾਸਤੇ ਸਾਰਾ ਕੁਛ ਝੱਲਣਾ ਪੈਂਦਾ ਹੈ ਜੱਗਿਆ। ਉਸ ਨੇ ਜੰਟੇ ਦੇ ਘਰ ਦਾ ਬੂਹਾ ਖੜਕਾਉਂਦਿਆਂ ਕਿਹਾ।

ਸ਼ਾਇਦ ਅੰਦਰ ਕਿਸੇ ਨੂੰ ਸੁਣਿਆ ਨਹੀਂ ਸੀ। ਉਸ ਨੇ ਜੰਟੇ ਨੂੰ ਫੋਨ ਕੀਤਾ। ਥੋੜੀ ਦੇਰ ਬਾਅਦ ਬੂਹਾ ਖੁੱਲਿਆ। ਜੰਟੇ ਦੇ ਮੂੰਹ ਵਿੱਚੋਂ ਸ਼ਰਾਬ ਦੀ ਬੂ ਆ ਰਹੀ ਸੀ। ਸਾਰੇ ਜਣੇ ਅੰਦਰ ਲੰਘ ਗਏ। ਜੰਟਾ ਤੂੜੀ ਵਾਲੇ ਕੋਠੇ ਵੱਲ ਚਲਾ ਗਿਆ। ਜੰਟੇ ਦੀ ਬੇਬੇ ਨੇ ਸਭ ਨੂੰ ਬੈਠਣ ਲਈ ਕਿਹਾ।

ਨਾ ਜੀ, ਬੈਠਣਾ ਨੀ ਅਸੀਂ, ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਦੱਸਿਓ। ਜੰਟੇ ਦੀ ਮਾਂ ਤਾਂ ਕੁਝ ਨਾ ਬੋਲੀ, ਪਰ ਉਸ ਦੇ ਘਰਵਾਲੀ ਬੋਲ ਪਈ, ਐਤਕੀਂ ਸ਼ਰਾਬ ਦੀਆਂ ਬੋਤਲਾਂ ਨੀਂ ਲੈ ਕੇ ਆਏ ਚਾਚਾ ਜੀ ? ਪਿਛਲੀ ਵਾਰ ਤਾਂ ਥੋਡੀ ਦਿੱਤੀ ਮੁਖਤ ਦੀ ਸ਼ਰਾਬ ਪੀ ਕੇ ਏਹਦੀ ਇੱਕ ਲੱਤ ਟੁੱਟੀ ਤੀ, ਹੁਣ ਦੂਜੀ ਵੀ ਤੁੜਾ ਲਵੇ, ਫੇਰ ਮੈਂ ਏਹਨੂੰ ਰੇੜੀ ਵਿੱਚ ਬਠਾ ਕੇ ਮੰਗਣ ਵਗ ਜਿਹਾ ਕਰੂੰ।

ਹੈ ਕਮਲ਼ੀ, ਮੰਗਣ ਕਿਉਂ ਵਗ ਜਿਹਾ ਕਰੇਂਗੀ ? ਤਾਂ ਹੀ ਤਾਂ ਕਹਿ ਰਹੇ ਆਂ ਭਾਈ ਕਿਸੇ ਚੀਜ਼ ਦੀ ਲੋੜ ਹੋਵੇ ਦੱਸਿਓ। ਹਰਦੇਵ ਸਿੰਘ ਹਿੰਮਤ ਜਿਹੀ ਇਕੱਠੀ ਕਰ ਕੇ ਬੋਲਿਆ।

ਢੇਰ ਰੁਪਇਆਂ ਦਾ ਏਹਦੀ ਲੱਤ ’ਤੇ ਲੱਗ ਗਿਆ, ਅਜੇ ਵੀ ਲੰਗੜਾ ਤੁਰਦੈ। ਪੰਜ ਸਾਲ ਹੋਗੇ ਰੋਜ਼ ਪੀਂਦੈ ਦਾਰੂ। ਜ਼ਮੀਨ ਜਿਹੜੀ ਹੈਗੀ ਭੋਰਾ ਓਹਨੂੰ ਵਾਢਾ ਧਰ ਲਿਆ ਬੇਚਣ ਨੂੰ। ਕਰਜ਼ੇ ਨਾਲ ਬਾਲ ਬਾਲ ਬਿੰਨਿਆ ਪਿਆ ਹੈ ਸਾਡਾ। ਕੰਮ ਏਹਤੋਂ ਨੀਂ ਹੁੰਦਾ। ਇਹ ਨਿਆਮ ਮਿਲਿਐ ਮੁਖਤ ਦੀ ਪੀ ਕੇ। ਨਾਲ਼ੇ ਪਹਿਲਾਂ ਭੋਰਾ ਨੀਂ ਪੀਂਦਾ ਤੀ ...। ਹੁਣ ਦੇਖ ਲੋ ਕੀ ਕਰ ਸਕਦੇ ਓਂ ਤੁਸੀਂ। ਸ਼ਾਇਦ ਵਰਿਆਂ ਦੀ ਤਕਲੀਫ਼ ਉਸਦੇ ਅੰਦਰ ਭਰੀ ਹੋਈ ਸੀ।

ਇਹ ਤਾਂ ਕਿਸਮਤ ਦੀਆਂ ਖੇਡਾਂ ਨੇ, ਤੂੰ ਚੁੱਪ ਕਰ ਕੁੜੇ।ਜੰਟੇ ਦੀ ਬੇਬੇ ਨੇ ਹਉਕਾ ਲੈਂਦਿਆਂ ਕਿਹਾ।

ਚੰਗਾ ਬੇਬੇ, ਏਹਨਾਂ ਨੂੰ ਕਹਿ ਦੇ ਨਸ਼ਿਆਂ ਦੀ ਥਾਂ ’ਤੇ ਏਹਾ ਜਾ ਜ਼ਹਿਰ ਵੰਡਿਆ ਕਰਨ ਜਿਹੜਾ ਇੱਕ ਬਾਰੀ ਖਾ ਕੇ ਖਤਮ ਹੋ ਜੇ ਬੰਦਾ ...। ਉਸ ਦਾ ਰੋਣ ਨਿਕਲ ਗਿਆ, ਉਹ ਅੰਦਰ ਚਲੀ ਗਈ।

ਹੁਣ ਤਾਂ ਅਹੇ ਜੇ ਨਸ਼ੇ ਵੀ ਚੱਲ ਰਹੇ ਨੇ, ਰੋਜ਼ ਮਰਦੇ ਨੇ ਮਾਵਾਂ ਦੇ ਪੁੱਤ। ਜਿਹੜੇ ਸਿਹਰੇ ਸਿਰਾਂ ‘ਤੇ ਸਜਣੇ ਹੁੰਦੇ ਨੇ, ਉਹ ਅਰਥੀਆਂ ਨਾਲ ਬੰਨੇ ਜਾਂਦੇ ਨੇ ...। ਬਹਿ ਜੇ ਬੇੜੀ ਨਸ਼ੇ ਬੇਚਣ ਵਾਲਿਆਂ ਦੀ ...। ਜੰਟੇ ਦੀ ਮਾਂ ਦੇ ਅੰਦਰੋਂ ਬਦ ਦੁਆ ਨਿਕਲੀ।

ਜੱਗੇ ਬਾਈ, ਮੈਂ ਬਾਹਰ ਜਾ ਕੇ ਖੜਦਾਂ ...। ਵਿੱਕੀ ਨੇ ਜੱਗੇ ਦੇ ਮੋਢੇ ’ਤੇ ਹੱਥ ਰੱਖ ਕੇ ਕਿਹਾ। ਸ਼ਾਇਦ ਉਸ ਕੋਲੋਂ ਇਹ ਸਾਰਾ ਕੁਝ ਦੇਖਿਆ ਨਹੀਂ ਸੀ ਜਾ ਰਿਹਾ। ਸਾਰੇ ਪਾਸੇ ਸੰਨਾਟਾ ਛਾ ਗਿਆ। ਕਿਸੇ ਵਿੱਚ ਵੀ ਬੋਲਣ ਦੀ ਹਿੰਮਤ ਨਹੀਂ ਸੀ।

ਕੋਈ ਨਾ ਚਾਚਾ, ਪਾ ਦਿਆਂਗੇ ਵੋਟ, ਸਾਡਾ ਕਿਹੜਾ ਜ਼ੋਰ ਲੱਗਣੈ। ਜੰਟਾ ਪਰਨੇ ਨਾਲ ਕੱਪੜਿਆਂ ‘ਤੇ ਲੱਗੀ ਤੂੜੀ ਝਾੜਦਿਆਂ ਬੋਲਿਆ।

ਚੰਗਾ,ਹੁਣ ਦਾਰੂ ਪੀਣੀ ਛੱਡ ਦੇ,ਸਿਆਣਾ ਬਣ। ਉਸ ਦੇ ਮੋਢੇ ਤੇ ਹੱਥ ਧਰਦਿਆਂ ਹਰਦੇਵ ਸਿੰਘ ਬੋਲਿਆ।

ਜੇ ਏਹਨੇ ਦਾਰੂ ਪੀਣੀ ਛੱਡ ਤੀ, ਫੇਰ ਉਹਨੂੰ ਕੌਣ ਪੀਊ, ਜਿਹੜੀ ਤੂੜੀ ਵਿੱਚ ਲੁਕੋ ਕੇ ਆਇਐ। ਜੰਟੇ ਦੇ ਘਰਵਾਲੀ ਫਿਰ ਬਾਹਰ ਆ ਗਈ। ਉਹ ਕਾਹਲੇ ਕਦਮੀਂ ਤੂੜੀ ਵਾਲੇ ਕੋਠੇ ਵੱਲ ਗਈ। ਤੰਗਲ਼ੀ ਚੁੱਕੀ ਤੇ ਤੂੜੀ ਫਰੋਲਣ ਲੱਗ ਪਈ। ਛੇਤੀ ਹੀ ਸ਼ਰਾਬ ਦੀਆਂ ਦੋ ਬੋਤਲਾਂ ਉਸ ਦੇ ਹੱਥ ਲੱਗ ਗਈਆਂ।

ਰੁਕ ਜੋ ਚਾਚਾ ਜੀ, ਆਹ ਲੈ ਜੋ ਆਪਣੀਆਂ ...। ਉਸ ਨੇ ਦੋਵੇਂ ਬੋਤਲਾਂ ਹਰਦੇਵ ਸਿੰਘ ਦੇ ਹੱਥਾਂ ਵਿੱਚ ਫੜਾ ਦਿੱਤੀਆਂ। ਉਨਾਂ ਦੇ ਬਾਹਰ ਹੁੰਦਿਆਂ ਹੀ ਉਸ ਨੇ ਦਰਵਾਜ਼ਾ ਬੰਦ ਕਰ ਦਿੱਤਾ।

ਚਾਚਾ, ਆਪਾਂ ਦਿੱਤੀ ਤਾਂ ਇੱਕ ਬੋਤਲ ਸੀ। ਜੱਗੇ ਨੇ ਕਿਹਾ।

ਚੁੱਪ ਕਰ ਓਏ, ਉਹਨੇ ਤਾਂ ਸਹੁਰੀ ਨੇ ਊਈਂ ਬਲੱਡ ਵਧਾ ਲਿਆ।

ਬੇਬੇ, ਇਹਨੇ ਤਾਂ ਮੇਰੀ ਬੋਤਲ ਵੀ ਚੱਕ ਕੇ ਫੜਾ ‘ਤੀ ਮੈਨੂੰ ਲਗਦੈ। ਜੰਟੇ ਨੇ ਆਪਣੀ ਮਾਂ ਨੂੰ ਕਿਹਾ।

ਹੁਣ ਨਾ ਕਹੀਂ ਉਹਨੂੰ ਕੁਛ। ਕੀ ਕਰੇ ਬਚਾਰੀ, ਉਹ ਵੀ ਤਪੀ ਪਈ ਐ। ਜਦੋਂ ਆਈ ਸੀ ਐਸ ਘਰ ਵਿੱਚ, ਕਦੇ ਊਚੀ ‘ਵਾਜ ਵਿੱਚ ਗੱਲ ਨੀਂ ਸੀ ਕਰਦੀ ...ਤੇ ਹੁਣ ...।

ਬੋਤਲਾਂ ਵੰਡਣ ਵਾਲਿਆਂ ਨੇ ਅਗਲੇ ਘਰ ਦਾ ਦਰਵਾਜ਼ਾ ਜਾ ਖੜਕਾਇਆ, ਪਰ ਪਤਾ ਨਹੀਂ ਕਿਉਂ ਉਹਨੀਂ ਪੈਰੀਂ ਵਾਪਸ ਮੁੜ ਪਏ। ਕੁਝ ਘਰ ਛੱਡ ਦਿੱਤੇ।

ਇਹ ਘਰ ਕਿਉਂ ਛੱਡ ‘ਤੇ ਬਾਈ ? ਵਿਕਰਮ ਨੇ ਜੱਗੇ ਨੂੰ ਪੁੱਛਿਆ।

ਏਹਨਾਂ ਦਾ ਮੁੰਡਾ ਵੀ ਖੜੈ ਸਰਪੰਚੀ ਵਿੱਚ, ਹਰਜੀਤ। ਮੁੰਡਾ ਤਾਂ ਬਹੁਤ ਸਿਆਣੈ, ਪਰ ਪਤਾ ਨਹੀਂ ਕਿਉਂ ਤੁਰ



ਪਿਆ ਪੁੱਠੇ ਪਾਸੇ। ਜੱਗੇ ਨੇ ਕਿਹਾ।

ਜੇ ਸਿਆਣੇ ਸਮਝਦਾਰ ਲੋਕ ਐਸ ਪਾਸੇ ਆਉਣਗੇ ਤਾਂ ਹੀ ਸੁਧਾਰ ਹੋ ਸਕਦਾ ਹੈ। ਵਿੱਕੀ ਨੇ ਕਿਹਾ।

ਹੋਰ ਅੱਗੇ ਗਏ, ਦਰਵਾਜ਼ਾ ਖੁੱਲਾ ਸੀ। ਪੈਰਾਂ ਦਾ ਖੜਕਾ ਕਰਕੇ ਅਤੇ ਖੰਘੂਰੇ ਮਾਰ ਕੇ ਆਪਣੇ ਆਉਣ ਦੀ ਸੂਚਨਾ ਇਨਾਂ ਘਰ ਵਾਲਿਆਂ ਨੂੰ ਦਿੱਤੀ। ਇੱਕ ਬਜ਼ੁਰਗ ਸਾਹਮਣੇ ਬੈਠਾ ਸੀ। ਸਾਰਿਆਂ ਨੇ ਉਸ ਨੂੰ ਹੱਥ ਜੋੜ ਕੇ ਫਤਿਹ ਬੁਲਾਈ ਤੇ ਗੋਡਿਆਂ ਨੂੰ ਹੱਥ ਲਾਏ। ਬਜ਼ੁਰਗ ਨੇ ਅਸੀਸਾਂ ਦਿੱਤੀਆਂ, ਜਿਉਂਦੇ ਵਸਦੇ ਰਹੋ, ਜਵਾਨੀਆਂ ਮਾਣੋ ...।

ਹੋਰ ਤਾਇਆ ... ਸਰੀਰ ਨੂੰ ਕੈਮ ਰੱਖਣ ਲਈ ਦੇਵਾਂ ਭੋਰਾ। ਜੱਗੇ ਨੇ ਖੀਸੇ ਵਿੱਚ ਹੱਥ ਪਾਉਂਦਿਆਂ ਕਿਹਾ।

ਨਾ ਨਾ ... ਇਹਦੀ ਲੋੜ ਨੀਂ ਆਪਾਂ ਨੂੰ। ਹੁਣ ਜਿਸਦੇ ਕੋਲ ਜਾਣੈ, ਉਹਦੇ ਨਾਮ ਦਾ ਨਸ਼ਾ ਚਾਹੀਦੈ ਬੱਸ। ਬਜ਼ੁਰਗ ਨੇ ਕੰਬਦੇ ਹੱਥ ਜੋੜਦਿਆਂ ਆਖਿਆ।

ਕੱਲ ਨੂੰ ਮੈਂ ਪੁਆ ਲਿਆਊਂ ਵੋਟ ਥੋਡੀ। ਜੱਗੇ ਨੇ ਥੋੜਾ ਕੋਲ ਹੁੰਦਿਆਂ ਕਿਹਾ।

ਅੱਛਾ! ... ਤੇਰੀ ਤਾਈ ਨੂੰ ਮੁੱਕਿਆਂ ਕਈ ਸਾਲ ਹੋ ਗੇ, ਕਹਿੰਦੇ ਨੇ ਵੋਟ ਉਹ ਵੀ ਪਾ ਜਾਂਦੀ ਐ। ਬਜ਼ੁਰਗ ਨੇ ਵਿਅੰਗਮਈ ਹਾਸਾ ਹੱਸਦਿਆਂ ਕਿਹਾ।

ਸੱਚੀਂ ਵੋਟਾਂ ਵਾਲੀ ਸੂਚੀ ਵਿੱਚ ਕਈ ਜਿਉਂਦਿਆਂ ਦੇ ਨਾਮ ਕੱਟੇ ਹੋਏ ਸਨ ਤੇ ਮੁਰਦਿਆਂ ਦੇ ਚੱਲ ਰਹੇ ਸਨ ਤੇ ਮੁਰਦੇ ਵੋਟ ਵੀ ਪਾ ਜਾਂਦੇ ਸਨ। ਉਹਨਾਂ ਬਜ਼ੁਰਗ ਨਾਲ ਗੱਲ ਕਰਨੀ ਚਾਹੀ ਪਰ ਬਜ਼ੁਰਗ ਨੇ ਉਹਨਾਂ ਦੀਆਂ ਗੱਲਾਂ ਦੀ ਕੋਈ ਹਾਮੀ ਨਾ ਭਰੀ।

ਚੰਗਾ ਤਾਇਆ ਫੇਰ ਚਲਦੇ ਆਂ। ਸਭ ਨੇ ਹੱਥ ਜੋੜੇ।

ਚਾਚਾ, ਹੁਣ ਚੱਲੀਏ ਘਰਾਂ ਨੂੰ ? ਜੱਗੇ ਨੇ ਹਰਦੇਵ ਸਿੰਘ ਨੂੰ ਪੁੱਛਿਆ।

ਆਹ ਬੋਤਲਾਂ ਤਾਂ ਅਜੇ ਸਾਰੀਆਂ ਪਈਆਂ ਨੇ। ਹੋਰ ਦੇਖ ਲੋ ਜੀਹਨੂੰ ਦੇਣੀ ਐ, ਫਿਰ ਅਗਲਿਆਂ ਆਖਣਾ ਵੋਟਾਂ ਪੱਕੀਆਂ ਨੀਂ ਹੋਈਆਂ। ਹਰਦੇਵ ਸਿੰਘ ਨੇ ਕਿਹਾ।

ਬੋਤਲ ਇੱਕ ਵਧਗੀ ਚਾਚਾ। ਐਤਕੀਂ ਨੀ ਸ਼ਰਾਬ ਨਾਲ ਵੋਟਾਂ ਪੈਣੀਆਂ, ਰੱਬ ਆਸਰੇ ਛੱਡ ਦਿਓ ਹੁਣ ਤਾਂ ...। ਜੱਗੇ ਨੇ ਬੋਤਲਾਂ ਵਾਲਾ ਝੋਲਾ ਸੰਭਾਲਦਿਆਂ ਕਿਹਾ।

ਰਾਤ ਦੇ ਗਿਆਰਾਂ ਵੱਜ ਚੁੱਕੇ ਸਨ। ਵਿੱਕੀ ਨੂੰ ਇਹ ਸਾਰਾ ਕੁਝ ਦੇਖ ਕੇ ਹੈਰਾਨੀ ਤੇ ਤਕਲੀਫ਼ ਹੋ ਰਹੀ ਸੀ।

ਯਾਰ ਵੀਰੇ ਤੁਸੀਂ ਇਹ ਸਾਰਾ ਕੁਛ ਕਿਵੇਂ ਕਰ ਲੈਂਦੇ ਓ। ਲੋਕ ਸ਼ਰਾਬ ਦੀਆਂ ਬੋਤਲਾਂ ਲੈਣੀਆਂ ਨੀਂ ਚਾਹੁੰਦੇ, ਤੁਸੀਂ ਧੱਕੇ ਨਾਲ ਈ ...। ਆਪਣੀ ਬੇਇੱਜ਼ਤੀ ਕਰਵਾਈ ਜਾਨੇ ਓ। ਵਿੱਕੀ ਨੇ ਜੱਗੇ ਨੂੰ ਪੁੱਛਿਆ।

ਐਤਕੀਂ ਪਤਾ ਨਹੀਂ ਕੀ ਹੋ ਗਿਆ, ਪਹਿਲਾਂ ਤਾਂ ਮੰਗ ਮੰਗ ਕੇ ਲੈਂਦੇ ਸੀ। ਹੁਣ ਜਨਾਨੀਆਂ ਮੂਹਰੇ ਹੋ ਹੋ ਜਵਾਬ ਦਿੰਦੀਆਂ ਨੇ। ਆਹ, ਠੰਢੇ ਦੀਆਂ ਬੋਤਲਾਂ ਜਨਾਨੀਆਂ ਨੂੰ ਖੁਸ਼ ਕਰਨ ਲਈ ਮੰਗਵਾਈਆਂ ਨੇ ਸਾਰੀਆਂ। ਜੱਗੇ ਨੇ ਕਿਹਾ।

ਔਰਤਾਂ ਹੀ ਸਭ ਤੋਂ ਵੱਧ ਦੁੱਖ ਭੋਗਦੀਆਂ ਨੇ ਪਰਿਵਾਰ ਦਾ ਜੇ ਕੋਈ ਜੀਅ ਨਸ਼ੇੜੀ ਹੋ ਜੇ। ਇਸ ਲਈ ਅੱਜ ਤੁਹਾਡੇ ਸਾਹਮਣੇ ਡਟ ਕੇ ਖੜ ਗਈਆਂ। ...ਮੈਂ ਤਾਂ ਇੱਕ ਗੱਲ ਕਹਿਨਾਂ, ਜੇ ਪਿੰਡ ਵਾਸੀਆਂ ਦੀ ਹਰ ਸਮੱਸਿਆ ਦਾ ਹੱਲ ਹੁੰਦਾ ਰਹੇ, ਕਰਜ਼ਾਈ ਕਿਸਾਨਾਂ ਤੇ ਮਜ਼ਦੂਰਾਂ ਦਾ ਇੰਨਾ ਕੁ ਖਿਆਲ ਰੱਖਿਆ ਜਾਵੇ ਕਿ ਕੋਈ ਉਹਨਾਂ ਨੂੰ ਇੰਨਾ ਜ਼ਲੀਲ ਨਾ ਕਰੇ ਕਿ ਉਹ ਆਤਮ-ਹੱਤਿਆ ਕਰਨ ਲਈ ਮਜਬੂਰ ਹੋ ਜਾਣ। ਪਿੰਡ ਵਾਸੀਆਂ ਨੂੰ ਦਿਖਾਵੇ ਦੀ ਦੁਨੀਆਂ ਵਿੱਚੋਂ ਬਾਹਰ ਕੱਢਿਆ ਜਾਵੇ। ਖੇਤੀ ਤੋਂ ਇਲਾਵਾ ਲਾਹੇਵੰਦ ਕਿੱਤੇ ਅਪਨਾਉਣ ਦੀ ਸਿਖਲਾਈ ਦਾ ਪ੍ਰਬੰਧ ਕੀਤਾ ਜਾਵੇ, ਸਰਕਾਰੀ ਯੋਜਨਾਵਾਂ ਦਾ ਪੂਰਾ ਫਾਇਦਾ ਲਿਆ ਜਾਵੇ ਤਾਂ ਜੋ ਕਿਸਾਨ ਤੇ ਮਜ਼ਦੂਰ ਇੱਜ਼ਤ ਦੀ ਜ਼ਿੰਦਗੀ ਜਿਉਂ ਸਕਣ ...। ਜੇ ਇਹ ਸਾਰੇ ਕੰਮ ਹੁੰਦੇ ਰਹਿਣ ਤਾਂ ਲੋਕ ਸਰਬ ਸੰਮਤੀ ਨਾਲ ਹੀ ਚੁਣ ਲੈਂਦੇ ਐ।

ਤੇਰੀਆਂ ਗੱਲਾਂ ਤਾਂ ਭਾਈ ਬਹੁਤ ਚੰਗੀਆਂ ਲੱਗਦੀਆਂ ਨੇ, ਪਰ ... ਹੈ ਬਹੁਤ ਔਖਾ ਕੰਮ। ਹਰਦੇਵ ਸਿੰਘ ਨੇ ਕਿਹਾ।

ਕੋਈ ਔਖਾ ਕੰਮ ਨਹੀਂ ਜੀ, ਬੁਰੇ ਕੰਮ ਕਰਨੇ ਔਖੇ ਨੇ। ਜਿਵੇਂ ਹੁਣ ਰਾਤ ਦੇ ਹਨੇਰੇ ਵਿੱਚ ਆਪਾਂ ਫਿਰਦੇ ਆਂ ਚੋਰਾਂ ਵਾਂਗ। ... ਜੇ ਪਿੰਡ ਦੀ ਪੰਚਾਇਤ ਚਾਹੇ ਤਾਂ ਪਿੰਡ ਨੂੰ ਸ਼ਾਨਦਾਰ ਬਣਾਇਆ ਜਾ ਸਕਦਾ ਹੈ। ਲੋੜ ਹੈ ਪਾਰਟੀਬਾਜ਼ੀ ਤੇ ਸੁਆਰਥਪੁਣੇ ਨੂੰ ਛੱਡ ਕੇ ਕੰਮ ਕਰਨ ਦੀ, ਸਾਰੇ ਪਿੰਡ ਵਾਸੀਆਂ ਨੂੰ ਆਪਣੇ ਪਰਿਵਾਰ ਦੇ ਜੀਅ ਸਮਝਣ ਦੀ। ਕਈ ਪਿੰਡ ਨਮੂਨੇ ਦੇ ਪਿੰਡ ਬਣ ਚੁੱਕੇ ਹਨ। ਸਰਬ-ਸੰਮਤੀ ਨਾਲ ਸਰਪੰਚ ਬਣਾ ਕੇ ਸਰਕਾਰ ਵੱਲੋਂ ਮਿਲੀ ਗਰਾਂਟ ਨਾਲ ਪਿੰਡ ਦਾ ਕੁਝ ਸੁਆਰ ਲੈਂਦੇ ਨੇ। ਹੁਣ ਲੋਕ ਬਹੁਤ ਸਿਆਣੇ ਹੋਗੇ।

ਹੁਣ ਤਾਂ ਮੈਂ ਵੀ ਸੋਚਦਾਂ ਬਈ ਆਹ ਫੋਕੀ ਫੂੰ ਫਾਂ ਛੱਡ ਕੇ ਕੋਈ ਚੱਜ ਦਾ ਕੰਮ ਕਰਦੇ। ਜਿਹੜੇ ਆਹ ਪਿੰਡ ਦੇ ਮੁੰਡੇ ਨਸ਼ੇ ਕਰਨ ਲੱਗੇ ਨੇ, ਬਹੁਤੇ ਤਾਂ ਛੋਟੀਆਂ ਵੱਡੀਆਂ ਵੋਟਾਂ ਵਿੱਚ ਵੰਡੇ ਨਸ਼ਿਆਂ ਕਰਕੇ ਲੱਗੇ ਨੇ। ਹੁਣ ਉੱਤੋਂ ਦੀ ਪੈ ਗਈ ਨਸ਼ਿਆਂ ਦੀ ਬਿਮਾਰੀ, ਸੰਭਾਲਿਆ ਨੀਂ ਸੰਭਲਦੀ। ਪਹਿਲਾਂ ਲੋਕਾਂ ਦੇ ਲਾਏ ਨਸ਼ਿਆਂ ‘ਤੇ, ਹੁਣ ਡਰ ਲਗਦਾ ਹੈ, ਕਿਤੇ ਆਪਣੇ ਵੀ ...। ਹਰਦੇਵ ਸਿੰਘ ਗੱਲ ਪੂਰੀ ਕੀਤੇ ਬਿਨਾਂ ਹੀ ਚੁੱਪ ਹੋ ਗਿਆ ਜਾਂ ਫਿਰ ਇਸ ਕਰਕੇ ਚੁੱਪ ਹੋ ਗਿਆ ਕਿ ਆਪਣਿਆਂ ਦੇ ਨਸ਼ੇੜੀ ਹੋਣ ਬਾਰੇ ਸੋਚਣਾ ਵੀ ਕੰਬਾ ਕੇ ਰੱਖ ਦਿੰਦਾ ਹੈ, ਕਹਿਣਾ ਤਾਂ ਦੂਰ ਦੀ ਗੱਲ ਹੈ।

ਕਿੰਨਾ ਚਿਰ ਬਚਾ ਸਕੋਗੇ ਆਪਣਿਆਂ ਨੂੰ। ਹਾਂ, ਇੱਕ ਉਮੀਦ ਹੈ ਕਿ ਪੰਚ ਸਰਪੰਚ ਇਹੋ ਜਿਹੇ ਬਣਾਓ ਜਿਹੜੇ ਨਸ਼ਾ ਮੁਕਤ ਪਿੰਡ ਬਣਾ ਸਕਣ। ਤੁਸੀਂ ਆਪ ਹੀ ਨਸ਼ੇ ਵੰਡਦੇ ਓ ਤੇ ਉਮੀਦ ਕਰਦੇ ਓ ਤੁਹਾਡੇ ਆਪਣੇ ਘਰ ਬਚੇ ਰਹਿਣ ...। ਜੋ ਬੀਜੋਗੇ, ਉਹੀ ਤਾਂ ਵੱਢੋਗੇ ਨਾ।

ਵਿਕਰਮ ਦੀਆਂ ਗੱਲਾਂ ਨੇ ਹਰਦੇਵ ਸਿੰਘ ਤੇ ਜੱਗੇ ਨੂੰ ਅੰਦਰ ਤਕ ਝੰਜੋੜ ਕੇ ਰੱਖ ਦਿੱਤਾ।

ਅਸੀਂ ਤਾਂ ਕਾਹਨੂੰ ਬੀਜਦੇ ਆਂ ਭਾਣਜਿਆ, ਸਾਡੀ ਤਾਂ ਡਿਊਟੀ ਲਾ ਦਿੰਦੇ ਨੇ। ਹਰਦੇਵ ਸਿੰਘ ਨੂੰ ਵਿੱਕੀ ਦੀਆਂ ਗੱਲਾਂ ਸੁਣ ਕੇ ਸ਼ਰਮਿੰਦਗੀ ਮਹਿਸੂਸ ਹੋਈ।

ਉਹ ਤਿੰਨੇ ਪਿੰਡ ਦੀ ਸੱਥ ਵਿੱਚ ਪੁਰਾਣੇ ਢੱਠੇ ਖੂਹ ’ਤੇ ਬੈਠੇ ਗਏ। ਖੂਹ ਦੇ ਉੱਤੇ ਵੱਡੇ ਵੱਡੇ ਫੱਟੇ ਕਿੱਲ ਗੱਡ ਕੇ ਕੱਸੇ ਹੋਏ ਸਨ। ਪਿੰਡ ਦੇ ਲੋਕਾਂ ਨੇ ਸ਼ਾਇਦ ਕਿਸੇ ਵਹਿਮ ਕਰਕੇ ਖੂਹ ਮਿੱਟੀ ਨਾਲ ਨਹੀਂ ਸੀ ਪੂਰਿਆ। ਵਿਕਰਮ ਤੇ ਹਰਦੇਵ ਸਿੰਘ ਗੱਲਾਂ ਕਰ ਰਹੇ ਸਨ। ਜੱਗਾ ਕੁਝ ਨਹੀਂ ਸੀ ਬੋਲ ਰਿਹਾ। ਅੱਧੀ ਤੋਂ ਵੱਧ ਰਾਤ ਬੀਤ ਚੁੱਕੀ ਸੀ। ਖੂਹ ਵਿੱਚੋਂ ਥੋੜੀ ਦੇਰ ਬਾਅਦ ਕੋਈ ਆਵਾਜ਼ ਆਉਂਦੀ। ਇੱਕ ਵਾਰੀ ਤਾਂ ਹਰਦੇਵ ਸਿੰਘ ਡਰ ਕੇ ਖੜਾ ਹੋ ਗਿਆ।

ਬਹਿ ਜਾ ਚਾਚਾ ਦੋ ਮਿੰਟ, ਚੱਲਦੇ ਆਂ। ਜੱਗੇ ਨੇ ਕਿਹਾ।

ਵਿਕਰਮ ਬੈਠਾ ਰਿਹਾ, ਥੋੜੀ ਦੇਰ ਬਾਅਦ ਜੱਗਾ ਖੜਾ ਹੋ ਗਿਆ।

ਨਿੱਬੜਗੀਆਂ ਸਾਰੀਆਂ ...? ਵਿੱਕੀ ਨੇ ਪੁੱਛਿਆ।

ਤੈਨੂੰ ਕਿਵੇਂ ਪਤਾ ਲੱਗਿਆ ...? ਜੱਗੇ ਨੇ ਸਵਾਲ ਕੀਤਾ।

ਕੀ ਹੋ ਗਿਆ ...? ਹਰਦੇਵ ਸਿੰਘ ਨੇ ਵੀ ਸਵਾਲ ਕੀਤਾ।

ਚਾਚਾ ਬੋਤਲਾਂ ਖੂਹ ਵਿੱਚ ਸਿੱਟਤੀਆਂ। ਅਗਲਿਆਂ ਨੇ ਆਪਾਂ ਨੂੰ ਵੰਡਣ ਲਈ ਦਿੱਤੀਆਂ, ਚੰਗਾ ਹੋਇਆ ਕਿਸੇ ਨੇ ਨਹੀਂ ਲਈਆਂ। ਕਿਉਂਕਿ ਵਿੱਕੀ ਨੇ ਆਪਣਾ ਭਾਸ਼ਣ ਤਾਂ ਦੇਣਾ ਈ ਸੀ, ਮਾਸਟਰ ਜੁ ਹੋਇਆ ਭਾਵੇਂ ਪ੍ਰਾਈਵੇਟ ਈ ਐ।

ਬਾਕੀ ਸਫ਼ਾ 27 ’ਤੇ

# ਸ਼੍ਰੋਮਣੀ ਕਮੇਟੀ ਬਜਟ ਇਜਲਾਸ ਵਿਚੋਂ ਉਭਰੀਆਂ ਸਾਕਾਰਾਤਮਕ ਸੰਭਾਵਨਾਵਾਂ

**-ਤਲਵਿੰਦਰ ਸਿੰਘ ਬੁੱਟਰ**

ਅੱਜ ਸ਼੍ਰੋਮਣੀ ਕਮੇਟੀ ਦੇ ਸਾਲਾਨਾ ਬਜਟ ਇਜਲਾਸ ਦੌਰਾਨ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦਾ ਮਾਮਲਾ ਗਰਮਾਇਆ ਰਿਹਾ, ਉੱਥੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਪ੍ਰੀਤ ਸਿੰਘ ਰੰਧਾਵਾ ਵਲੋਂ ਉਠਾਏ ਗਏ ਦੋ ਮਹੱਤਵਪੂਰਨ ਮੁੱਦੇ ਸਮੁੱਚੇ ਸਿੱਖ ਪੰਥ ਤੋਂ ਗਹਿਰ-ਗੰਭੀਰਤਾ ਦੀ ਮੰਗ ਕਰਦੇ ਹਨ। ਉਨਾਂ ਪਹਿਲਾ ਮੁੱਦਾ ਇਹ ਚੁੱਕਿਆ ਕਿ ਸ਼੍ਰੋਮਣੀ ਕਮੇਟੀ ਦੇ ਸਮੁੱਚੇ ਮੈਂਬਰਾਂ ਅਤੇ ਉਨਾਂ

ਦੇ ਪਰਿਵਾਰਾਂ ਦੀ ਸ਼ਨਾਖਤ ਕਰਕੇ ਇਹ ਪਤਾ ਲਗਾਇਆ ਜਾਵੇ ਕਿ ਕਿੰਨੇ ਮੈਂਬਰਾਂ ਦੇ ਬੱਚੇ ਅਤੇ ਪਰਿਵਾਰ ਪਤਿਤ ਹਨ। ਉਨਾਂ ਕਿਹਾ ਕਿ ਜਿਹੜੇ ਮੈਂਬਰ ਆਪਣੇ ਬੱਚਿਆਂ ਨੂੰ ਹੀ ਸਿੱਖੀ ਧਾਰਾ ਵਿਚ ਲਿਆ ਨਹੀਂ ਸਕੇ, ਉਨਾਂ ਦਾ ਕੀਤਾ ਪ੍ਰਚਾਰ ਆਮ ਸਿੱਖਾਂ 'ਤੇ ਕੀ ਅਸਰ ਕਰੇਗਾ ? ਦੂਜਾ ਮੁੱਦਾ ਉਨਾਂ ਇਹ ਚੁੱਕਿਆ ਕਿ ਸ਼੍ਰੋਮਣੀ ਕਮੇਟੀ ਦੇ ਹਰੇਕ ਮੈਂਬਰ ਕੋਲੋਂ ਉਸ ਦੇ ਕਾਰਜਕਾਲ ਦੌਰਾਨ ਕੀਤੇ ਧਰਮ ਪ੍ਰਚਾਰ ਦਾ ਲੇਖਾ-ਜੋਖਾ ਮੰਗਣਾ ਚਾਹੀਦਾ ਹੈ ਤਾਂ ਜੋ ਇਹ ਸਾਹਮਣੇ ਆ ਸਕੇ ਕਿ ਸ਼੍ਰੋਮਣੀ ਕਮੇਟੀ ਮੈਂਬਰ ਸਿੱਖੀ ਦੇ ਪ੍ਰਚਾਰ-ਪ੍ਰਸਾਰ ਦੇ ਜਿਹੜੇ ਕੰਮਾਂ ਲਈ ਚੁਣੇ ਜਾਂਦੇ ਹਨ, ਉਸ ਕਾਰਜ ਵਿਚ ਕਿੰਨੇ ਕੁ ਸਰਗਰਮ ਹਨ। ਤਸੱਲੀ ਦੀ ਗੱਲ ਇਹ ਰਹੀ ਕਿ ਗੁਰਪ੍ਰੀਤ ਸਿੰਘ ਰੰਧਾਵਾ ਵਲੋਂ ਚੁੱਕੇ ਇਨਾਂ ਦੋਵਾਂ ਮਸਲਿਆਂ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਹਾਂ-ਪੱਖੀ ਹੁੰਗਾਰਾ ਦਿੱਤਾ। ਇਸ ਤੋਂ ਪਹਿਲਾਂ ਵੀ ਸਮੇਂ-ਸਮੇਂ ਸ਼੍ਰੋਮਣੀ ਕਮੇਟੀ ਪ੍ਰਧਾਨਾਂ ਵਲੋਂ ਸੰਸਥਾ ਦੇ ਮੈਂਬਰਾਂ ਤੇ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਸਿੱਖੀ ਵਿਚ ਪ੍ਰਪੱਕ ਬਣਾਉਣ ਦੀ ਗੱਲ ਆਖੀ ਜਾਂਦੀ ਰਹੀ ਹੈ ਪਰ ਅਮਲਾਂ ਦੇ ਮਾਮਲੇ 'ਚ ਹਮੇਸ਼ਾ ਗੱਲ ਕੱਚੀ ਰਹਿ ਜਾਂਦੀ ਰਹੀ। ਜਥੇਦਾਰ ਅਵਤਾਰ ਸਿੰਘ ਮੱਕੜ ਦੇ ਵੇਲੇ ਵੀ ਇਹ ਗੱਲ ਉੱਠੀ ਸੀ ਕਿ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਸਿੱਖੀ ਵਿਚ ਪ੍ਰਪੱਕ ਕੀਤਾ ਜਾਵੇ। ਪਤਿਤ ਬੱਚਿਆਂ ਵਾਲੇ ਮੁਲਾਜ਼ਮਾਂ ਤੋਂ ਸ਼੍ਰੋਮਣੀ ਕਮੇਟੀ ਦੁਆਰਾ ਦਿੱਤੇ ਰਿਹਾਇਸ਼ੀ ਕੁਆਰਟਰ ਖਾਲੀ ਕਰਵਾਉਣ ਤੇ ਕਈ ਹੋਰ ਸਹੂਲਤਾਂ ਵਿਚ ਕਟੌਤੀ ਦੀ ਗੱਲ ਵੀ ਚੱਲਦੀ ਰਹੀ ਪਰ ਸਿਆਸੀ ਦਖ਼ਲਅੰਦਾਜ਼ੀ ਕਾਰਨ ਤਾਣੀ ਸੁਲਝ ਨਾ ਸਕੀ। ਦਰਅਸਲ ਸ਼੍ਰੋਮਣੀ ਕਮੇਟੀ ਦੇ ਬਹੁਤੇ ਮੈਂਬਰ ਸ਼੍ਰੋਮਣੀ ਕਮੇਟੀ ਨੂੰ ਸਿਰਫ਼ ਸਿਆਸਤ ਦਾ ਪ੍ਰਵੇਸ਼ ਦੁਆਰ ਸਮਝ ਕੇ ਹੀ ਇਧਰ ਆਉਂਦੇ ਹਨ। ਉਨਾਂ ਦੀ ਨਾ ਤਾਂ ਧਾਰਮਿਕ ਬਿਰਤੀ ਹੁੰਦੀ ਹੈ ਤੇ ਨਾ ਧਾਰਮਿਕ ਖੇਤਰ ਨਾਲ ਕੋਈ ਸਰੋਕਾਰ। ਜਦੋਂ ਸ਼੍ਰੋਮਣੀ ਕਮੇਟੀ ਚੋਣ ਨੇੜੇ ਆਉਂਦੀ ਹੈ ਤਾਂ ਕਈ ਮੈਂਬਰ ਤਾਂ ਟਿਕਟਾਂ ਮਿਲਣ ਤੋਂ ਬਾਅਦ ਹੀ ਅੰਮ੍ਰਿਤ ਛਕਦੇ ਹਨ। ਮੈਂਬਰ ਬਣ ਕੇ ਵੀ ਉਨਾਂ ਦੀ ਰੁਚੀ ਸਿਆਸਤ ਵਿਚ ਹੀ ਰਹਿੰਦੀ ਹੈ। ਇਹ ਹਾਲ ਸਿਰਫ਼ ਸ਼੍ਰੋਮਣੀ ਕਮੇਟੀ ਵਿਚ ਸੱਤਾ ਪੱਖ ਅਕਾਲੀ ਦਲ ਬਾਦਲ ਦੇ ਮੈਂਬਰਾਂ ਦਾ ਹੀ ਨਹੀਂ, ਬਾਕੀ ਪੰਥਕ ਧਿਰਾਂ ਦੇ ਮੈਂਬਰਾਂ ਦਾ ਵੀ ਇਹੋ ਹਾਲ ਹੈ। ਇਸ ਮੁੱਦੇ 'ਤੇ ਚਰਚਾ ਬੜਾ ਵਿਸਥਾਰ ਮੰਗਦੀ ਹੈ, ਜੋ ਫਿਰ ਕਦੇ ਕਰਾਂਗੇ ਪਰ ਬਜਟ ਇਜਲਾਸ ਵਿਚੋਂ ਇਕ ਗੱਲ ਸਾਹਮਣੇ ਆਈ ਹੈ ਕਿ ਜੇਕਰ ਸ਼੍ਰੋਮਣੀ ਕਮੇਟੀ ਦੇ ਸਾਲ ਵਿਚ ਦੋ ਵਾਰ; ਪਹਿਲਾ ਬਜਟ ਇਜਲਾਸ ਅਤੇ ਦੂਜੇ ਪ੍ਰਧਾਨਗੀ ਚੋਣ ਇਜਲਾਸ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰਾਂ ਵਲੋਂ ਕੀਤੇ ਸਾਲ ਭਰ ਦੇ ਕਾਰਜਾਂ ਦਾ ਲੇਖਾ-ਜੋਖਾ, ਦਰਪੇਸ਼ ਚੁਣੌਤੀਆਂ ਤੇ ਸਮੱਸਿਆਵਾਂ ਦੀ ਸ਼ਨਾਖਤ ਕਰਕੇ ਭਵਿੱਖ ਦੀ ਵਿਉਂਤਬੰਦੀ 'ਤੇ ਵਿਚਾਰ-ਵਟਾਂਦਰਾ, ਸਿੱਖਾਂ ਦੇ ਧਾਰਮਿਕ, ਵਿਦਿਅਕ, ਰਾਜਨੀਤਕ, ਸਮਾਜਿਕ , ਆਰਥਿਕਤ ਤੇ ਸਿਹਤ ਨਾਲ ਜੁੜੇ ਸਰੋਕਾਰਾਂ 'ਤੇ ਵੀ ਸਮੀਖਿਆ ਕਰਨ ਦੀ ਪਿਰਤ ਪਾਈ ਜਾਵੇ ਤਾਂ ਸਾਕਾਰਾਤਮਕ ਨਤੀਜੇ ਹਾਸਲ ਕੀਤੇ ਜਾ ਸਕਦੇ ਹਨ। ਵਿਧਾਨ ਸਭਾ ਤੇ ਲੋਕ ਸਭਾ ਵਾਂਗ ਸ਼੍ਰੋਮਣੀ ਕਮੇਟੀ ਦੇ ਦੋ ਸਾਲਾਨਾ ਸ਼ੈਸਨ ਇਕ-ਇਕ ਦਿਨ ਦੇ ਹੋਣ ਦੀ ਥਾਂ ਦੋ ਜਾਂ ਤਿੰਨ ਦਿਨਾਂ ਦੇ ਹੋਣੇ ਚਾਹੀਦੇ ਹਨ। ਆਪਸ ਵਿਚ ਸੰਵਾਦ ਦੀ ਪਰੰਪਰਾ ਵਿਕਸਿਤ ਹੋਣੀ ਚਾਹੀਦੀ ਹੈ। ਅੱਜ ਤੋਂ ਪਹਿਲੇ ਸ਼੍ਰੋਮਣੀ ਕਮੇਟੀ ਦੇ ਇਜਲਾਸਾਂ ਵਿਚ ਵਿਰੋਧੀ ਧਿਰਾਂ ਦੇ ਮੈਂਬਰਾਂ ਨੂੰ ਬੋਲਣ ਲਈ ਸਮਾਂ ਨਾ ਦਿੱਤੇ ਜਾਣ ਕਾਰਨ, ਮੈਂਬਰਾਂ ਵਲੋਂ ਰੌਲਾ-ਰੱਪਾ ਪਾਏ ਜਾਣ ਕਾਰਨ ਨਾ ਤਾਂ ਬਜਟ ਇਜਲਾਸ ਮੌਕੇ ਸੰਜੀਦਾ ਮਾਹੌਲ ਬਣਦਾ ਰਿਹਾ ਤੇ ਨਾ ਪ੍ਰਧਾਨਗੀ ਚੋਣ ਇਜਲਾਸ ਮੌਕੇ। ਅੱਜ ਵਿਰੋਧੀ ਧਿਰਾਂ ਦੇ ਮੈਂਬਰਾਂ ਨੂੰ ਬੋਲਣ ਲਈ ਪੂਰਾ-ਪੂਰਾ ਸਮਾਂ ਦੇਣ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਪਹਿਲਕਦਮੀ ਇਕ ਚੰਗੀ ਤੇ ਸਿਹਤਮੰਦ ਪਿਰਤ ਪਾਉਣ ਦਾ ਮੁਢਲਾ ਯਤਨ ਸੀ। ਜੇਕਰ ਇਸ ਤਰਾਂ ਦੀ ਪਿਰਤ ਵਿਕਸਿਤ ਕੀਤੀ ਜਾਵੇ ਤਾਂ ਸਿੱਖਾਂ ਦੀਆਂ ਆਪਸੀ ਧੜੇਬੰਦਕ ਦੂਰੀਆਂ ਘੱਟ ਸਕਦੀਆਂ ਹਨ ਅਤੇ ਪੰਥ ਮਿਲ ਕੇ ਨਵੀਂ ਦਿਸ਼ਾ ਤੈਅ ਕਰਨ ਦੇ ਸਮਰੱਥ ਹੋ ਸਕਦਾ ਹੈ।

ਅਕਾਲੀ ਦਲ ਡੈਮੋਕ੍ਰੇਟਿਕ ਦੇ ਜਥੇਦਾਰ ਸੇਵਾ ਸਿੰਘ ਸੇਖਵਾਂ ਵੀ ਪ੍ਰੌੜ ਵਿਚਾਰ ਲੈ ਕੇ ਬੋਲੇ। ਕਰਨੈਲ ਸਿੰਘ ਪੰਜੋਲੀ ਵਲੋਂ ਅਕਾਲੀ ਦਲ ਨੂੰ ਬੁਨਿਆਦੀ ਸਿਧਾਂਤਾਂ, ਵਿਚਾਰਧਾਰਾ ਅਤੇ ਰਵਾਇਤੀ ਪੰਥਕ ਸਰੂਪ ਵਿਚ ਵਾਪਸ ਲਿਆਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਸੇਧ ਦੇਣ ਦਾ ਕੀਤਾ ਤਰਲਾ ਦਿਲਟੁੰਭਵਾਂ ਸੀ। ਸੱਤਾ ਪੱਖ ਵਲੋਂ ਬੀਬੀ ਜਗੀਰ ਕੌਰ ਸੰਬੋਧਨ ਕਰਨ ਵੇਲੇ ਤੇ ਇਜਲਾਸ 'ਚ ਵਿਰੋਧੀ ਧਿਰਾਂ ਦੇ ਮੈਂਬਰਾਂ ਨੂੰ ਸ਼ਾਂਤ ਕਰਨ ਵਿਚ ਵਿਸ਼ੇਸ਼ ਤੌਰ 'ਤੇ ਸਰਗਰਮ ਦਿਖਾਈ ਦਿੱਤੇ। ਕਈ ਵਿਰੋਧੀ ਮੈਂਬਰਾਂ ਤੇ ਕੁਝ ਸੱਤਾਸੀਨ ਮੈਂਬਰਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪਾਇਆ ਰੌਲਾ-ਰੱਪਾ ਦੁਖਦਾਈ ਸੀ। ਜਿਹੜੇ ਸ਼੍ਰੋਮਣੀ ਕਮੇਟੀ ਮੈਂਬਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਅਤੇ ਅਦਬ ਦੇ ਮਾਮਲੇ 'ਚ ਹਮਲਾਵਰ ਸੁਰ 'ਚ ਸ਼੍ਰੋਮਣੀ ਕਮੇਟੀ ਦੀ ਸੱਤਾਸ਼ੀਨ ਧਿਰ ਖ਼ਿਲਾਫ਼ ਬੋਲੇ ਉਨਾਂ ਵਲੋਂ ਸਮਾਪਤੀ ਤੋਂ ਪਹਿਲਾਂ ਅਨੰਦ ਸਾਹਿਬ ਦੇ ਪਾਠ ਅਤੇ ਅਰਦਾਸ ਤੇ ਸੁਖ ਆਸਨ ਹੋਣ ਤੋਂ ਪਹਿਲਾਂ ਹੀ ਤੇਜਾ ਸਿੰਘ ਸਮੁੰਦਰੀ ਹਾਲ ਅੰਦਰੋਂ ਉੱਠ ਕੇ ਚਲੇ ਜਾਣਾ ਵੀ ਵਾਜਬ ਨਹੀਂ ਸੀ। ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਲੌਂਗੋਵਾਲ ਉੱਠ ਕੇ ਜਾਣ ਵਾਲੇ ਮੈਂਬਰਾਂ ਨੂੰ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਘੱਟੋ-ਘੱਟ ਅਰਦਾਸ ਤੱਕ ਰੁਕਣ ਲਈ ਨਸੀਹਤਾਂ ਦਿੰਦੇ ਰਹੇ। ਅਜਿਹਾ ਨਹੀਂ ਸੀ ਹੋਣਾ ਚਾਹੀਦਾ। ਸ਼੍ਰੋਮਣੀ ਕਮੇਟੀ ਸਿੱਖਾਂ ਦੀ ਪਾਰਲੀਮੈਂਟ ਹੈ। ਇਸ ਦੀ ਇਕ ਆਪਣੀ ਮਰਯਾਦਾ ਹੈ ਜਿਸ ਨੂੰ ਬਹਾਲ ਰੱਖਣਾ ਸਾਰੇ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਨੈਤਿਕ ਫਰਜ਼ ਬਣਦਾ ਹੈ। ਜੋ ਮੁੱਦੇ ਸਿੱਖ ਪੰਥ ਦੇ ਸਾਂਝੇ ਹਨ ਉਨਾਂ 'ਤੇ ਸਿਆਸਤ ਤੋਂ ਉੱਪਰ ਉੱਠ ਕੇ ਸਾਰੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਗੰਭੀਰ ਹੋਣਾ ਚਾਹੀਦਾ ਹੈ। ਪਹਿਲਾਂ ਦੂਜੇ ਦੀ ਗੱਲ ਸੁਣਨ ਤੇ ਫਿਰ ਆਪਣੀ ਕਹਿਣ ਦੀ ਆਦਤ ਪਾਉਣੀ ਪਵੇਗੀ।

---

## ਪੰਜਾਬ ਦੇ 600 ਅਰਬ ਡਾਲਰ ਮੁੱਲ ਦੇ...

(e)ਬਾਈਪਾਸ ਸੁਰੰਗ ,

(f)ਸਤਲੁਜ ਦਰਿਆ ਦੇ ਸੱਜੇ ਪਾਸੇ ਦੇਹਰ ਬਿਜਲੀ ਘਰ ਵਿੱਚ 165 M.W. ਦੀ ਸਮਰੱਥਾ ਵਾਲੀਆਂ ਚਾਰ ਬਿਜਲੀ-ਉਤਪਾਦਕ ਇਕਾਈਆਂ ,

(g)ਭਾਖੜਾ ਦੇ ਸੱਜੇ ਕਿਨਾਰੇ ਉੱਤੇ ਬਿਜਲੀ ਘਰ ਵਿੱਚ 120 M.W. ਦੀ ਸਮਰੱਥਾ ਵਾਲੀ ਪੰਜਵੀਂ ਇਕਾਈ ,

(h) ਟਰਾਂਸਮਿਸ਼ਨ ਲਾਈਨਾਂ ,

(i) ਸੰਤੁਲਨ ਵਾਸਤੇ ਜਲ-ਭਡਾਰ (balancing reservoir) ;

(⇦⇦) ਪੌਂਗ ਡੈਮ ਪ੍ਰੋਜੈਕਟ (ਯੂਨਿਟ-2 ) ਵਿੱਚ ਹੇਠਲੇ ਪ੍ਰੋਜੈਕਟ ਸ਼ਾਮਿਲ ਹਨ :

(▲)ਪੌਂਗ ਡੈਮ ਅਤੇ ਨਾਲ ਹੋਰ ਛੋਟੇ ਮੋਟੇ ਜ਼ਰੂਰੀ ਕਰਨ ,

(✫)ਨਿਕਾਸੀ ਨਾਲ ਸੰਬੰਧਿਤ ਕੰਮ ,

(✵) ਪੈਨਸਟਾੱਕ ਟਨਲ (ਹੜ ਨਿਕਾਸੀ ਸੁਰੰਗ) ,

(➢) 60$.➾. ਦੀ ਸਮਰੱਥਾ ਵਾਲੀਆਂ ਚਾਰ ਬਿਜਲੀ ਉਤਪਾਦਕ ਇਕਾਈਆਂ ਦਾ ਬਿਜਲੀ ਘਰ ;

(⇦⇦⇦) ਅਜਿਹੇ ਹੋਰ ਕੰਮ ਜੋ ਉਪਰੋਕਤ ਕੰਮਾਂ ਲਈ ਸਹਾਇਕ ਹਨ ਅਤੇ ਰਾਜਾਂ ਦੇ ਸਾਂਝੇ ਹਿੱਤ ਹਨ;

2 "ਭਾਖੜਾ-ਨੰਗਲ ਪ੍ਰਾਜੈਕਟ" ਤੋਂ ਭਾਵ ਹੈ :

(▲) ਭਾਖੜਾ ਡੈਮ , ਜਲ-ਭੰਡਾਰ (☛✥↔✥☛✂✿⇦☛) ਅਤੇ ਹੋਰ ਸਹਾਇਕ ਛੋਟੇ-ਮੋਟੇ ਜ਼ਰੂਰੀ ਕੰਮ

(✫) ਨੰਗਲ ਡੈਮ ਅਤੇ ਨੰਗਲ ਹਾਈਡਲ ਚੈਨਲ

(✵) ਭਾਖੜਾ ਮੇਨ ਲਾਈਨ ਅਤੇ ਨਹਿਰੀ ਪ੍ਰਣਾਲੀ

(➢) ਭਾਖੜਾ ਦੇ ਖੱਬੇ ਕਿਨਾਰੇ ਬਿਜਲੀ ਘਰ, ਗੰਗੂਵਾਲ ਬਿਜਲੀ ਘਰ ਅਤੇ ਕੋਟਲਾ ਬਿਜਲੀ ਘਰ, ਸਵਿਚ-ਯਾਰਡ, ਸਬ-ਸਟੇਸ਼ਨ ਅਤੇ ਟਰਾਂਸਮਿਸ਼ਨ ਲਾਈਨਾਂ

(✥) ਭਾਖੜਾ ਦੇ ਖੱਬੇ ਕਿਨਾਰੇ 120 $.➾. ਦੀ ਸਮਰੱਥਾ ਦੀਆਂ ਚਾਰ ਬਿਜਲੀ ਉਤਪਾਦਕ ਇਕਾਈਆਂ ਵਾਲਾ ਬਿਜਲੀ ਘਰ

ਉਪਰੋਕਤ ਪ੍ਰਾਵਧਾਨ ਦੋ ਗੱਲਾਂ 'ਤੇ ਜ਼ੋਰ ਦਿੰਦੇ ਹਨ, ਪਹਿਲੀ ਇਹ ਕਿ ਸਿਰਫ ਬਿਆਸ ਪ੍ਰੋਜੈਕਟ ਦਾ ਪਾਣੀ ਹੀ ਵੰਡਿਆ ਜਾਵੇਗਾ, ਅਤੇ ਦੂਜੀ ਇਹ ਕਿ ਇਹ ਨਿਯੰਤਰਣ ਸਿਰਫ ਬਿਆਸ ਪ੍ਰੋਜੈਕਟ ਦੇ ਉਦੇਸ਼ਾਂ ਨੂੰ ਪੂਰਾ ਕਰਨ ਦੇ ਮੰਤਵ ਨਾਲ ਹੋਵੇਗਾ। ਬਿਆਸ ਪ੍ਰੋਜੈਕਟ ਦੇ ਉਦੇਸ਼ ਸਪੱਸ਼ਟ ਤੌਰ 'ਤੇ ਪਰਿਭਾਸ਼ਿਤ ਕੀਤੇ ਗਏ ਹਨ। ਹੇਠਾਂ ਦੱਸਿਆ ਗਿਆ ਹੈ ਕਿ ਬਿਆਸ ਪ੍ਰੋਜੈਕਟ ਦੇ ਨਿਰਧਾਰਤ ਉਦੇਸ਼ਾਂ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਗਿਆ ਅਤੇ ਪੂਰੀ ਤਰਾਂ ਨਾਲ ਨਵੇਂ ਉਦੇਸ਼ਾਂ ਦੀ ਸਿਰਜਣਾ ਕੀਤੀ ਹੈ ਜੋ ਪ੍ਰੋਜੈਕਟ ਦੇ ਦਾਇਰੇ ਅਤੇ ਸੈਕਸ਼ਨ 78 ਤੋਂ ਕਿਤੇ ਬਾਹਰ ਹਨ:

(▲) ਜਿਵੇਂ ਕਿ ਸੈਕਸ਼ਨ 78(4) ਵਿੱਚ ਦੱਸਿਆ ਗਿਆ ਹੈ ਕਿ "ਬਿਆਸ ਪ੍ਰਾਜੈਕਟ" ਤੋਂ ਭਾਵ ਨਵੀ ਉਸਾਰੀ ਅਧੀਨ ਜਾਂ ਨਵੇਂ ਉਸਾਰੇ ਜਾਣ ਵਾਲੇ ਉਹ ਸਾਰੇ ਕੰਮ ਹਨ ਜੋ ਬਿਆਸ-ਸਤਲੁਜ ਲਿੰਕ ਪ੍ਰਾਜੈਕਟ (ਯੂਨਿਟ-1 ) ਅਤੇ ਬਿਆਸ ਦਰਿਆ ਉੱਤੇ ਪੌਂਗ ਡੈਮ ਪ੍ਰਾਜੈਕਟ(2 ) ਦਾ ਹਿੱਸਾ ਹੋਣਗੇ। ਇਨਾਂ ਦੋਵਾਂ ਯੂਨਿਟਾਂ ਵਿਚੋਂ ਸਿਰਫ ਬਿਆਸ ਦਾ ਪਾਣੀ ਹੀ ਹੈ ਜੋ ਧਾਰਾ 78 (3) (ਏ) ਅਧੀਨ ਵੰਡਿਆ ਜਾ ਸਕਦਾ ਹੈ। "ਬਿਆਸ ਪ੍ਰਾਜੈਕਟ" ਦਾ ਨਿਰਮਾਣ, ਜਿਵੇਂ ਉੱਪਰ ਦਰਸਾਇਆ ਗਿਆ ਹੈ, ਬੜੀ ਸਖਤੀ ਨਾਲ ਪਾਲਣਾ ਕਰਦੇ ਹੋਏ ਹੋਣਾ ਚਾਹੀਦਾ ਸੀ। "ਬਿਆਸ ਪ੍ਰਾਜੈਕਟ" ਨੂੰ ਬੜੇ ਸਾਫ ਅਤੇ ਸਪੱਸ਼ਟ ਤਰੀਕੇ ਨਾਲ ਪ੍ਰਭਾਸ਼ਿਤ ਕੀਤਾ ਗਿਆ ਹੈ , ਜਿਸ ਅਨੁਸਾਰ 'ਰਾਵੀ-ਬਿਆਸ ਲਿੰਕ' ਵਰਗੇ ਢਾਂਚੇ (ਜੋ ਕਿ ਬਿਆਸ ਪ੍ਰੋਜੈਕਟ ਸ਼ੁਰੂ ਹੋਣ ਤੋਂ ਪਹਿਲਾਂ ਹੀ ਮੌਜੂਦ ਸਨ) ਇਸ ਵਿੱਚ ਸ਼ਾਮਿਲ ਨਹੀਂ ਹਨ. ਬਿਆਸ ਪ੍ਰੋਜੈਕਟ ਵਿਚ ਸਿਰਫ ਉਹ ਕੰਮ ਸ਼ਾਮਲ ਹਨ ਹਨ ਜੋ 'ਨਿਰਮਾਣ ਅਧੀਨ ਹਨ' ਜਾਂ ਨਿਰਮਾਣ ਕੀਤੇ ਜਾਣੇ ਹਨ9

ਅਤੇ 'ਥੀਨ ਡੈਮ' (ਜੋ ਰਾਵੀ ਦੇ ਪਾਣੀ ਨੂੰ ਜਮਾਂ ਕਰਦਾ ਹੈ) ਵਰਗੇ ਨਿਰਮਾਣ ਸਪੱਸ਼ਟ ਤੌਰ ਉੱਤੇ "ਬਿਆਸ ਪ੍ਰਾਜੈਕਟ" ਵਿੱਚੋਂ ਬਾਹਰ ਹਨ । ਇਸ ਅਨੁਸਾਰ ਰਾਵੀ ਦਾ ਸਾਰਾ ਪਾਣੀ ਸੈਕਸ਼ਨ 78 ਜਾਂ ਬਿਆਸ ਪ੍ਰੋਜੈਕਟ ਦੇ ਦਾਇਰੇ ਤੋਂ ਬਾਹਰ ਹੈ ਕਿਉਂਕਿ ਇਸ ਸੈਕਸ਼ਨ ਜਾਂ ਪ੍ਰਾਜੈਕਟ ਵਿੱਚ ਰਾਵੀ ਦੇ ਪਾਣੀਆਂ ਬਾਰੇ ਜਾਂ ਪਾਣੀਆਂ ਨਾਲ ਸਬੰਧਤ ਕਿਸੇ ਵੀ ਨਵੇਂ-ਪੁਰਾਣੇ ਨਿਰਮਾਣ ਬਾਰੇ ਕੋਈ ਵੀ ਜ਼ਿਕਰ ਨਹੀਂ ਹੈ। ਸੈਕਸ਼ਨ 78(4) ਵਿੱਚ ਦਰਸਾਏ ਗਏ "ਬਿਆਸ ਪ੍ਰਾਜੈਕਟ" ਦੇ ਦੋਵੇਂ ਯੂਨਿਟਾਂ (ਯੂਨਿਟ 1 × 2 ) ਦਾ ਸੰਬੰਧ ਸਿਰਫ ਬਿਆਸ ਦੇ ਪਾਣੀ ਨਾਲ ਹੈ ਤੇ ਉਹ ਵੀ ਸਿਰਫ ਉਸ ਹਿੱਸੇ ਨਾਲ ਜਿਸ ਜੋ ਯੂਨਿਟ (1 ▯ 2 ) ਅਧੀਨ ਆਉਂਦੇ ਹਾਂ ਸੋ ਪਾਣੀ ਦਾ ਸਿਰਫ ਉਹ ਹਿੱਸਾ ਹੀ ਸੈਕਸ਼ਨ 78(3) ਦੇ ਅਧੀਨ ਵੰਡਿਆ ਅਤੇ ਨਿਯੰਤਰਿਤ ਕੀਤਾ ਜਾ ਸਕਦਾ ਹੈ । ਸੋ ਇਸ ਅਨੁਸਾਰ ਰਾਵੀ ਅਤੇ ਬਿਆਸ ਦਾ ਸਾਰਾ ਪਾਣੀ ਵੰਡਣਾ ਪੂਰੀ ਤਰਾਂ ਨਾਲ ਗੈਰ ਕਾਨੂੰਨੀ ਹੈ ਅਤੇ ਸੈਕਸ਼ਨ 78 ਦੇ ਦਾਇਰੇ ਤੋਂ ਬਾਹਰ ਹੈ । ਬਿਆਸ ਪ੍ਰੋਜੈਕਟ ਵਿਚ ਦੱਸੇ ਅਨੁਸਾਰ ਇਸਦੇ ਦੋਵਾਂ ਯੂਨਿਟਾਂ ਦਾ ਉਦੇਸ਼ 3.2 $16 ਹਰੀਕੇ ਵਿਖੇ ਅਤੇ 2.2 $16 ਰੋਪੜ ਵਿਖੇ ਸਪਲਾਈ ਦੇਣਾ ਹੈ । ਇਹ 6.44 $16 ਬਣਦਾ ਹੈ। ਇਸ ਤਰਾਂ ਪਾਣੀ ਦੀ ਕੇਵਲ ਇਸ ਮਾਤਰਾ ਨੂੰ ਹੀ ਸੈਕਸ਼ਨ 78(1) ਅਤੇ (3)(▲) ਦੇ ਅਧੀਨ ਵੰਡਿਆ ਅਤੇ ਨਿਯੰਤਰਿਤ ਕੀਤਾ ਜਾ ਸਕਦਾ ਹੈ। ਇਸ ਲਈ 17.17$16 ਤੱਕ ਪਾਣੀ ਵੰਡਣਾ ਗ਼ੈਰ ਕਾਨੂੰਨੀ ਹੈ

(✫) ਦੂਜਾ ਧਾਰਾ 78 (1) ਦੇ ਤਹਿਤ ਪਰਿਭਾਸ਼ਿਤ ਬਿਆਸ ਪ੍ਰੋਜੈਕਟ ਦੇ ਅਧਿਕਾਰਾਂ ਅਤੇ ਲਾਭਾਂ ਨੂੰ ਸਿਰਫ ਪੰਜਾਬ ਵਿਚੋਂ ਨਿਕਲੇ ਨਵੇਂ ਬਣੇ ਰਾਜਾਂ ਪੰਜਾਬ, ਹਰਿਆਣਾ ਅਤੇ ਚੰਡੀਗੜ ਰਾਜਾਂ ਵਿਚਕਾਰ ਹੀ ਵੰਡਿਆ ਜਾ ਸਕਦਾ ਹੈ, ਇਸ ਤਰਾਂ ਰਾਜਸਥਾਨ ਜਾਂ ਦਿੱਲੀ ਨੂੰ ਫਾਇਦਿਆਂ ਅਤੇ ਪਾਣੀਆਂ ਦੀ ਵੰਡ ਕਰਨਾ ਗੈਰਕਾਨੂੰਨੀ ਹੈ9 ਗ਼ੈਰ-ਉੱਤਰਾਧਿਕਾਰੀ ਰਾਜਾਂ ਨੂੰ ਅਲਾਟਮੈਂਟ ਕਰਨਾ ਧਾਰਾ 78 ਦੇ ਦਾਇਰੇ ਤੋਂ ਬਾਹਰ ਹੈ.

(✵) ਤੀਜੀ ਗੱਲ, ਦਸੰਬਰ, 1981 ਦੇ ਸਮਝੌਤੇ ਵਿਚ ਰਾਜਸਥਾਨ ਦੀ ਭਾਗੀਦਾਰੀ ਧਾਰਾ 78 (1) ਦੇ ਪ੍ਰਸਤਾਵ ਦੇ ਦਾਇਰੇ ਤੋਂ ਬਾਹਰ ਹੈ, ਜਿਸ ਦੇ ਤਹਿਤ ਸਿਰਫ ਉੱਤਰਾਧਿਕਾਰੀ ਰਾਜ (ਪੰਜਾਬ ਵਿਚੋਂ ਨਵੇਂ ਬਣੇ ਰਾਜ) ਹੀ ਕੋਈ ਆਪਸੀ ਸਮਝੌਤਾ ਕਰ ਸਕਦੇ ਹਨ. ਇਸ ਲਈ, ਰਾਜਸਥਾਨ ਦੀ ਭਾਗੀਦਾਰੀ ਅਤੇ ਇਸ ਨੂੰ ਪਾਣੀਆਂ ਦੀ ਵੰਡ ਕਰਨਾ, ਸਾਰੇ ਸਮਝੌਤੇ ਅਤੇ ਇਸ ਨਾਲ ਸਬੰਧਤ ਪ੍ਰਕਿਰਿਆ ਨੂੰ ਰੱਦ ਕਰ ਦਿੰਦੀ ਹੈ.

(➢) ਚੌਥੀ ਗੱਲ .....♥⬆✶ ਨਹਿਰ , ਜਿਸਦਾ ਨਿਸ਼ਚਤ ਸਮੇਂ ਵਿੱਚ ਨਿਰਮਾਣ 1981 ਦੇ ਸਮਝੌਤੇ ਦਾ ਹਿੱਸਾ ਬਣਿਆ , ਉਹ ਸੈਕਸ਼ਨ 78 ਅਨੁਸਾਰ ਦਰਸਾਏ ਗਏ ਬਿਆਸ ਪ੍ਰਾਜੈਕਟ ਦੇ ਦਾਇਰੇ ਤੋਂ ਬਾਹਰ ਹੈ। ਅਸਲ ਵਿੱਚ ਇਸ ਨਹਿਰ ਦਾ ਕੰਮ 1959, 1961 ਅਤੇ 1966 ਦੇ ਮੂਲ ਅਤੇ ਪ੍ਰਵਾਨ ਕੀਤੇ ਗਏ ਬਿਆਸ ਪ੍ਰਾਜੈਕਟ ਦੇ ਉਦੇਸ਼ਾਂ ਤੋਂ ਵੀ ਕਿਤੇ ਦੂਰ ਹੈ। ਬਿਆਸ ਪ੍ਰਾਜੈਕਟ ਵਿੱਚ ਵੰਡ ਦੇ ਹਰੇਕ ਬਿੰਦੂ ਉੱਤੇ ਪਾਣੀ ਦੀ ਉਪਲੱਬਧਤਾ, ਸਿੰਜਾਈ ਵਾਸਤੇ ਖੇਤਰ ਅਤੇ ਪੁਟਾਈ ਵਾਸਤੇ ਚੈਨਲਾਂ ਆਦਿ ਬਾਰੇ ਪੂਰੇ ਵਿਸਥਾਰ ਨਾਲ ਦੱਸਿਆ ਗਿਆ ਸੀ ਪਰੰਤੂ ਉਸ ਵਿੱਚ ♥⬆✶ ਜਾਂ ਇਸ ਵਰਗੀ ਕਿਸੇ ਵੀ ਹੋਰ ਨਹਿਰ ਦਾ ਕੋਈ ਵੀ ਜ਼ਿਕਰ ਨਹੀਂ ਆਉਂਦਾ ਜਿਹੜੀ 3.5 $16 ਪਾਣੀ ਲੈ ਕੇ ਜਾਣ ਵਾਸਤੇ ਬਣਾਉਣੀ ਹੋਵੇ। ਦਰਅਸਲ ਕਿਸੇ ਵੀ ਬਿੰਦੂ 'ਤੇ 3.5 $16 ਪਾਣੀ ਦੀ ਉਪਲਬਧਤਾ ਦੀ ਕੋਈ ਗੁੰਜਾਇਸ਼ ਹੀ ਨਹੀਂ ਹੈ, ਕਿਉਂਕਿ ਬਿਆਸ ਪ੍ਰੋਜੈਕਟ ਦੇ ਸਾਰੇ ਪਾਣੀ ਨੂੰ ਵੱਖ-ਵੱਖ ਖੇਤਰਾਂ ਅਤੇ ਵੰਡ ਦੇ ਬਿੰਦੂਆਂ ਨੂੰ ਪਹਿਲੋਂ ਹੀ ਨਿਰਧਾਰਤ ਕੀਤਾ ਗਿਆ ਹੈ। ਅਸਲ ਵਿੱਚ ਨੰਗਲ ਤੋਂ ਸ਼ੁਰੂ ਹੋ ਕੇ 3.5 $16 ਪਾਣੀ ਹਰਿਆਣੇ ਲੈ ਕੇ ਜਾਣ ਵਾਲੀ ਇਹ ♥⬆✶ ਨਹਿਰ ਦਾ ਪ੍ਰੋਜੈਕਟ ਹਰਿਆਣਾ ਰਾਜ ਵੱਲੋਂ 1966 ਵਿੱਚ ਹੋਏ ਪੁਨਰਗਠਨ ਤੋਂ ਬਾਅਦ ਵਿੱਚ ਸੋਚਿਆ ਅਤੇ ਤਿਆਰ ਕੀਤਾ ਗਿਆ ਸੀ। ♥⬆✶ ਦਾ ਇਹ ਕੰਮ ਨਾ ਤਾਂ 1966 ਵਿੱਚ ਉਸਾਰੀ ਅਧੀਨ ਸੀ , ਨਾਂ ਹੀ ਬਾਅਦ ਵਿੱਚ ਉਸਾਰੇ ਜਾਣ ਵਾਲੇ ਪ੍ਰੋਜੈਕਟਾਂ ਵਿੱਚ ਸੀ ਅਤੇ ਨਾ ਹੀ ਬਿਆਸ ਪ੍ਰੋਜੈਕਟ ਦੇ ਘਾੜਿਆਂ ਦੇ ਖਿਆਲ ਵਿੱਚ ਹੀ ਸੀ। ਇਸ ਤਰਾਂ ਇਹ ਨਿਰਮਾਣ ਸੈਕਸ਼ਨ 78 ਵਿੱਚ ਦਰਸਾਏ ਗਏ ਬਿਆਸ ਪ੍ਰੋਜੈਕਟ ਅਤੇ 1966 ਵਿੱਚ ਪੇਸ਼ ਅਤੇ ਮਨਜ਼ੂਰ ਕੀਤੇ ਪ੍ਰੋਜੈਕਟ ਦੇ ਦਾਇਰੇ , ਨਤੀਜਿਆਂ ਅਤੇ ਉਦੇਸ਼ਾਂ ਤੋਂ ਕਿਤੇ ਪਰੇ ਹੈ। ਇਸ ਤਰਾਂ ਇਹ ਪੂਰੀ ਤਰਾਂ ਹੀ ਇਕ ਨਵਾਂ ਪ੍ਰਾਜੈਕਟ ਹੈ ਜੋ ਹਰਿਆਣਾ ਦੁਆਰਾ 1966 ਤੋਂ ਬਾਅਦ ਤਿਆਰ ਕੀਤਾ ਗਿਆ ਸੀ ਨਹੀਂ ਤਾਂ ਇਹ ਕਿਵੇਂ ਹੋ ਸਕਦਾ ਸੀ ਕਿ ਇਸ ਦੀ ਸਮਰੱਥਾ ਅਤੇ ਪਾਣੀ ਦੀ ਵੰਡ ਆਦਿ ਨਿਰਧਾਰਤ ਅਤੇ ਵਿਖਿਆਤ ਕਰਨੋਂ ਰਹਿ ਗਈ ਹੋਵੇ ।

(✥) ਪੰਜਵਾਂ, ਬਿਆਸ ਪ੍ਰੋਜੈਕਟ ਵਿੱਚ ਹਰੀਕੇ ਦੀ ਕਿਸੇ ਨਹਿਰ ਦੁਆਰਾ 3.2 $16 ਦੀ ਸਪਲਾਈ ਵਿਚੋਂ ਹਰਿਆਣਾ ਨੂੰ ਪਾਣੀ ਦੀ ਸਪਲਾਈ ਕਰਨ ਦੀ ਯੋਜਨਾ ਨਹੀਂ ਹੈ. ਇਹ ਪੂਰਾ ਪਾਣੀ ਪੰਜਾਬ ਖੇਤਰ ਨੂੰ ਸਪਲਾਈ ਕਰਨ ਦਾ ਪ੍ਰੋਜੈਕਟ ਹੈ। ਰੋਪੜ ਵਿਖੇ ਸਪਲਾਈ ਕੀਤੇ ਜਾਣ ਵਾਲੇ 2.2 ਐਮ. ਏ.ਐਫ. ਵਿਚੋਂ ਸਿਰਫ 0.9 ਐਮ.ਏ.ਐਫ. ਨੂੰ ਹੀ ਹਰਿਆਣਾ ਦੇ ਖੇਤਰ ਵਿਚ ਜਾਵੇਗਾ, ਜੋ ਕਿ ਪਹਿਲਾਂ ਕੀਤੀ ਵੰਡ ਵਿਚ ਨਿਰਧਾਰਤ ਕੀਤਾ ਗਿਆ ਸੀ. ਪੰਜਾਬ ਦੇ ਅਨੁਸਾਰ, ਪ੍ਰੋਜੈਕਟ ਦੇ ਹਿਸਾਬ ਨਾਲ ਹਰਿਆਣੇ ਦੇ ਹਿੱਸੇ 0.9 ਐਮਏਐਫ ਆਵੇਗਾ. ਜੇ ਕੋਈ ਹਿਸਾਬ ਦੀ ਕੋਈ ਗਲਤੀ ਸੀ ਤਾਂ ਕੇਂਦਰ ਰੋਪੜ ਵਿਖੇ 2.22 ਐਮਏਐਫ ਪਾਣੀ ਦੀ ਵੰਡ ਲਈ ਪ੍ਰਾਜੈਕਟ ਵਿਚ ਪਰਿਭਾਸ਼ਤ ਕੀਤੇ ਉਦੇਸ਼ਾਂ ਅਨੁਸਾਰ ਉਨਾਂ ਗਣਨਾਵਾਂ ਦੀ ਮੁੜ ਜਾਂਚ ਕਰ ਸਕਦਾ ਹੈ. ਪਰ ਜਿਵੇਂ ਕਿ ਹੇਠਾਂ ਦੱਸਿਆ ਗਿਆ ਹੈ, 1976 ਦੇ ਫੈਸਲੇ ਵਿਚ ਕੇਂਦਰ ਦੁਆਰਾ ਪ੍ਰਾਜੈਕਟ ਦੇ ਉਦੇਸ਼ਾਂ ਅਤੇ ਧਾਰਾ 78 ਦੇ ਪ੍ਰਾਵਧਾਨਾਂ ਨੂੰ ਪੂਰੀ ਤਰਾਂ ਨਜ਼ਰਅੰਦਾਜ਼ ਕੀਤਾ.ਗਿਆ 9

(✚) ਗੈਰ-ਰਿਪੇਰੀਅਨ ਹਰਿਆਣਾ ਨੂੰ ਨੰਗਲ ਤੋਂ 3.5.6 ਐਮ.ਏ.ਐਫ. ਪਾਣੀ ਦਿੱਤਾ ਗਿਆ ਹੈ, ਜਦੋਂਕਿ ਪ੍ਰੋਜੈਕਟ ਅਨੁਸਾਰ ਹਰੀਕੇ ਵਿਖੇ ਪਾਣੀ ਦੀ ਸਪਲਾਈ 3.22 ਐਮ. ਏ.ਐਫ. ਹੈ ਅਤੇ ਇਸ ਵਿੱਚੋ ਕੋਈ ਵੀ ਨਹਿਰ ਹਰਿਆਣੇ ਲਈ ਨਿਰਧਾਰਿਤ ਨਹੀਂ ਕੀਤੀ ਗਈ, ਅਤੇ ਇਹ ਪ੍ਰੋਜੈਕਟ ਰੋਪੜ ਵਿਖੇ 2.2 ਐਮ.ਏ.ਐਫ. ਪਾਣੀ ਦਰਸਾਉਂਦਾ ਹੈ ਜਿਸ ਵਿਚੋਂ ਪੰਜਾਬ ਅਤੇ ਹਰਿਆਣਾ ਦੋਵੇਂ ਰਾਜਾਂ ਦੀਆਂ ਨਹਿਰਾਂ ਨੂੰ ਸਪਲਾਈ ਮਿਲੇਗੀ। ਬਿਆਸ ਪ੍ਰੋਜੈਕਟ ਦੇ ਤਹਿਤ, ਪੰਜਾਬ ਨੇ ਪਹਿਲਾਂ ਹੀ ਅਜਿਹੇ ਚੈਨਲਾਂ ਦਾ ਨਿਰਮਾਣ ਕਰ ਲਿਆ ਸੀ ਜੋ ਪ੍ਰਾਜੈਕਟਾਂ ਤਹਿਤ ਆਉਂਦੇ ਪੰਜਾਬ ਦੇ ਖੇਤਰਾਂ ਵਿੱਚ ਪਾਣੀ ਦੀ ਸਪਲਾਈ ਕਰਨ ਲਈ ਤਿਆਰ ਹਨ. ਆਰਜ਼ੀ ਸਪਲਾਈ ਪਹਿਲਾਂ ਹੀ ਦਿੱਤੀ ਜਾ ਰਹੀ ਹੈ, ਪਰ ਪੱਕੇ ਤੌਰ ਤੇ ਸਪਲਾਈ ਸਿਰਫ ਕੇਂਦਰੀ ਫੈਸਲੇ ਤੋਂ ਬਾਅਦ ਕੀਤੀ ਜਾ ਸਕਦੀ ਹੈ. ਪਰ ਹੁਣ ਪੰਜਾਬ ਨੂੰ ਅਨੁਮਾਨਿਤ ਪੱਕੀ ਸਪਲਾਈ ਕਿਵੇਂ ਕੀਤੀ ਜਾ ਸਕਦੀ ਹੈ, ਜਦੋਂ ਨਿਰਧਾਰਿਤ ਕੀਤੇ 0.9 ਐਮਏਐਫ ਦੀ ਬਜਾਏ, 3.5 ਐਮਏਐਫ ਹਰਿਆਣਾ ਦੇ ਉਨਾਂ ਖੇਤਰਾਂ ਲਈ ਅਲਾਟ ਕਰ ਦਿੱਤਾ ਗਿਆ ਹੈ ਜੋ ਯੋਜਨਾ ਜਾਂ ਪ੍ਰਾਜੈਕਟ ਦੇ ਉਦੇਸ਼ਾਂ ਤੋਂ ਬਾਹਰ ਹਨ ? ਪ੍ਰਾਜੈਕਟ ਦਾ ਉਦੇਸ਼ ਪੰਜਾਬ ਨੂੰ ਲਗਭਗ 4.54 ਐਮਏਐਫ (ਹਰੀਕੇ ਵਿਖੇ 3.22 ਅਤੇ ਰੋਪੜ ਵਿਖੇ 1.32 ਐਮਏਐਫ) ਅਤੇ ਹਰਿਆਣੇ ਨੂੰ ਤਕਰੀਬਨ 0.90 ਐਮਏਐਫ ਸਪਲਾਈ ਕਰਨਾ ਸੀ। ਪਰ ਕੇਂਦਰ ਦੇ ਫੈਸਲਿਆਂ ਨੇ ਪ੍ਰੋਜੈਕਟ ਦੇ ਉਦੇਸ਼ਾਂ ਨੂੰ ਪੂਰੀ ਤਰਾਂ ਨਜ਼ਰਅੰਦਾਜ਼ ਕੀਤਾ. ਦਰਅਸਲ, ਹਰਿਆਣੇ ਨੂੰ 3.5 ਐਮ. ਏ.ਐਫ ਦੀ ਅਲਾਟਮੈਂਟ ਤੋਂ ਬਾਅਦ, ਪੂਰਾ ਪ੍ਰੋਜੈਕਟ ਢਹਿਢੇਰੀ ਹੋ ਗਿਆ ਹੈ. ਪ੍ਰਾਜੈਕਟ ਤਹਿਤ ਬਣੀਆਂ ਪੰਜਾਬ ਵਿੱਚ ਬਣੀਆਂ ਨਹਿਰਾਂ ਵੱਡੇ ਪੱਧਰ 'ਤੇ ਬੇਕਾਰ ਹੋ ਗਈਆਂ ਹਨ। ਪੰਜਾਬ ਅਤੇ ਕਰੋੜਾਂ ਪੰਜਾਬੀਆਂ ਦੀ ਆਰਥਿਕਤਾ ਅਤੇ ਭਵਿੱਖ 'ਤੇ ਸੱਟ ਮਾਰਨ ਦੇ ਇਰਾਦੇ ਨਾਲ ਇਸ ਪ੍ਰਾਜੈਕਟ ਦੇ ਉਦੇਸ਼ਾਂ ਨੂੰ ਪੂਰੀ ਤਰਾਂ ਬਦਲਿਆ ਗਿਆ। ਸੈਕਸ਼ਨ 78 ਦੇ ਅਧੀਨ, ਪਰਿਭਾਸ਼ਿਤ ਕੀਤੇ ਬਿਆਸ ਪ੍ਰੋਜੈਕਟ ਦੇ ਉਦੇਸ਼ਾਂ ਤੋਂ ਇਲਾਵਾ ਕੇਂਦਰ ਸਰਕਾਰ ਕੋਲ ਨਿਯਮ ਘੜਨ ਅਤੇ ਨਿਯੰਤਰਣ ਦੀ ਹੋਰ ਕੋਈ ਵੀ ਪਾਵਰ ਨਹੀਂ ਹੈ ਜੋ ਪ੍ਰੋਜੈਕਟ ਦੇ ਉਦੇਸ਼ਾਂ ਤੋਂ ਬਾਹਰ ਹੋਵੇ।

**ਮੂਲ ਲੇਖਕ- ਦਲਜੀਤ ਸਿੰਘ**

**ਅਨੁਵਾਦ-ਰੋਬਿਨਦੀਪ ਸਿੰਘ, ਗੁਰਪ੍ਰੀਤ ਸਿੰਘ**

# ਭਾਜਪਾ ਦਾ ਪ੍ਰਭਾਵਸ਼ਾਲੀ ਖੇਤਰੀ ਸ਼ਕਤੀਆਂ ਨਾਲੋਂ ਸੰਬੰਧ ਟੁਟਿਆ

**✪ ਭਾਜਪਾ ਦੇ ਦੋ ਸਭ ਤੋਂ ਪੁਰਾਣੇ ਸਹਿਯੋਗੀ ਸ਼ਿਵ ਸੈਨਾ ਅਤੇ ਅਕਾਲੀ ਦਲ ਇਕ ਤੋਂ ਬਾਅਦ ਇਕ ਗੱਠਜੋੜ ਤੋਂ ਬਾਹਰ ਆਏ ✪ ਆਂਧਰਾ ਪ੍ਰਦੇਸ਼ ਵਿਚ ਭਾਜਪਾ ਦਾ ਸਾਥ ਤੇਲਗੂ ਦੇਸ਼ਮ ਪਾਰਟੀ ਪਹਿਲਾਂ ਹੀ ਛੱਡ ਚੁੱਕੀ ਏ ✪ ਅਕਾਲੀ ਦਲ ਨੇ ਗੱਠਜੋੜ ਤੋੜ ਕੇ ਗਲਤੀ ਕੀਤੀ: ਮਿੱਤਲ ✪ ਭਾਜਪਾ ਨੇ ਗੱਠਜੋੜ ਦੀ ਮਰਿਆਦਾ ਭੰਗ ਕੀਤੀ: ਸੁਖਬੀਰ**

**- ਪ੍ਰਗਟ ਸਿੰਘ ਜੰਡਿਆਲਾ ਗੁਰੂ**

ਰਾਜਨੀਤਕ ਘਟਨਾਕ੍ਰਮ ਦਾ ਰੁਝਾਨ ਦੱਸ ਰਿਹਾ ਹੈ ਕਿ ਭਾਜਪਾ ਦੀ ਅਗਵਾਈ ਵਾਲਾ ਕੌਮੀ ਜਮਹੂਰੀ ਗੱਠਜੋੜ ਬਿਖਰਾਅ ਵੱਲ ਵਧ ਰਿਹਾ ਹੈ। ਭਾਜਪਾ ਦੇ ਦੋ ਸਭ ਤੋਂ ਪੁਰਾਣੇ ਸਹਿਯੋਗੀ ਸ਼ਿਵ ਸੈਨਾ ਅਤੇ ਅਕਾਲੀ ਦਲ ਇਕ ਤੋਂ ਬਾਅਦ ਇਕ ਗੱਠਜੋੜ ਤੋਂ ਬਾਹਰ ਨਿਕਲ ਚੁੱਕੇ ਹਨ। ਆਂਧਰਾ ਪ੍ਰਦੇਸ਼ ਵਿਚ ਭਾਜਪਾ ਦਾ ਸਾਥ ਤੇਲਗੂ ਦੇਸ਼ਮ ਪਾਰਟੀ ਪਹਿਲਾਂ ਹੀ ਛੱਡ ਚੁੱਕੀ ਹੈ। ਓਡੀਸ਼ਾ ਵਿਚ ਬੀਜੂ ਜਨਤਾ ਦਲ ਵੀ ਹੁਣ ਭਾਜਪਾ ਦੇ ਨਾਲ ਨਹੀਂ ਹੈ। ਵੱਡੇ ਸਹਿਯੋਗੀਆਂ ਵਿਚ ਹੁਣ ਸਿਰਫ ਬਿਹਾਰ ਵਿਚ ਨਿਤਿਸ਼ ਕੁਮਾਰ ਦੀ ਅਗਵਾਈ ਵਾਲਾ ਜਨਤਾ ਦਲ (ਯੂ) ਹੀ ਭਾਜਪਾ ਦੇ ਨਾਲ ਰਹਿ ਗਿਆ ਹੈ। ਇਸ ਤਰਾਂ ਹੁਣ ਕੌਮੀ ਜਮਹੂਰੀ ਗੱਠਜੋੜ ਦੇ ਦਾਇਰੇ ਵਿਚ ਮੋਟੇ ਤੌਰ 'ਤੇ ਛੋਟੀਆਂ-ਛੋਟੀਆਂ ਪਾਰਟੀਆਂ ਰਹਿ ਗਈਆਂ ਹਨ, ਜਿਨਾਂ ਨੂੰ ਭਾਜਪਾ ਕੁਝ ਸੀਟਾਂ ਦੇ ਕੇ ਜਾਂ ਇਕ-ਦੋ ਮੰਤਰੀ ਦੇ ਅਹੁਦੇ ਦੇ ਕੇ ਸੰਤੁਸ਼ਟ ਰੱਖ ਸਕਦੀ ਹੈ। ਪਰ ਵੱਡੀਆਂ ਪਾਰਟੀਆਂ ਦੇ ਨਾ ਰਹਿਣ ਕਾਰਨ ਸਥਿਤੀ ਇਹ ਬਣ ਰਹੀ ਹੈ ਕਿ ਭਾਜਪਾ ਦਾ ਪ੍ਰਭਾਵਸ਼ਾਲੀ ਖੇਤਰੀ ਸ਼ਕਤੀਆਂ ਨਾਲੋਂ ਸੰਬੰਧ ਟੁੱਟ ਗਿਆ ਹੈ।

ਹੁਣੇ ਜਿਹੇ ਸ਼੍ਰੋਮਣੀ ਅਕਾਲੀ ਦਲ ਨੇ ਐੱਨਡੀਏ ਵਿੱਚੋਂ ਬਾਹਰ ਆਉਣ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਤੋਂ ਬਾਅਦ ਇਹ ਐਲਾਨ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕੀਤਾ ਗਿਆ। ਅਕਾਲੀ ਦਲ ਦੇ ਇਸ ਫੈਸਲੇ ਨਾਲ 1996 ਤੋਂ ਭਾਜਪਾ ਨਾਲ ਬਣੀ ਆ ਰਹੀ ਸਿਆਸੀ ਸਾਂਝ ਦਾ ਭੋਗ ਪੈ ਗਿਆ ਹੈ। ਇਸ ਮੀਟਿੰਗ ਦੌਰਾਨ ਇਹੀ ਸਹਿਮਤੀ ਬਣੀ ਕਿ ਖੇਤੀ ਬਿਲਾਂ ਕਾਰਨ ਦੇਸ਼ ਅੰਦਰ ਬਣੇ ਸਿਆਸੀ ਮਾਹੌਲ ਤੋਂ ਬਾਅਦ ਐੱਨਡੀਏ ਦਾ ਹਿੱਸਾ ਬਣੇ ਰਹਿਣ ਦਾ ਕੋਈ ਲਾਭ ਨਹੀਂ ਕਿਉਂਕਿ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵਿੱਚੋਂ ਬਾਹਰ ਆਉਣ ਤੋਂ ਬਾਅਦ ਵੀ ਸਿਆਸੀ ਵਿਰੋਧੀਆਂ ਵੱਲੋਂ ਲਗਾਤਾਰ ਸਵਾਲ ਖੜੇ ਕੀਤੇ ਜਾ ਰਹੇ ਹਨ। ਅਕਾਲੀ ਹਲਕਿਆਂ ਦਾ ਮੰਨਣਾ ਹੈ ਕਿ ਪਾਰਟੀ ਵੱਲੋਂ ਇਹ ਫੈਸਲਾ ਸੂਬੇ ਅੰਦਰ ਪੈਦਾ ਹੋਏ ਸਿਆਸੀ ਹਾਲਾਤ ਕਰਕੇ ਲਿਆ ਗਿਆ ਹੈ ਕਿਉਂਕਿ ਰਾਜਸੀ ਤੌਰ 'ਤੇ ਭਾਜਪਾ ਜਾਂ ਐੱਨਡੀਏ ਦਾ ਹਿੱਸਾ ਬਣੇ ਰਹਿਣਾ ਅਕਾਲੀ ਦਲ ਲਈ ਮਹਿੰਗਾ ਸਾਬਤ ਹੋ ਰਿਹਾ ਸੀ। ਸੂਤਰਾਂ ਦਾ ਇਹ ਵੀ ਦੱਸਣਾ ਹੈ ਕਿ ਅਕਾਲੀ ਦਲ ਨੇ ਆਉਣ ਵਾਲੇ ਦਿਨਾਂ ਦੌਰਾਨ ਕੈਪਟਨ ਸਰਕਾਰ ਖ਼ਿਲਾਫ਼ ਵੀ ਮੁਹਿੰਮ ਵਿੱਢਣ ਦਾ ਫੈਸਲਾ ਕੀਤਾ ਹੈ। ਭਾਜਪਾ ਨਾਲ ਦੁਬਾਰਾ ਗਠਜੋੜ ਦੀ ਸੰਭਾਵਾਨਾਵਾਂ 'ਤੇ ਸੁਖਬੀਰ ਨੇ ਕਿਹਾ, 'ਸਾਡਾ ਕੋਈ ਬੈਕ ਗਿਅਰ ਨਹੀਂ ਹੈ। ਯਾਨੀ ਹੁਣ ਗਠਜੋੜ ਦੀ ਸੰਭਾਵਨਾ ਨਹੀਂ ਹੈ।' ਸੁਖਬੀਰ ਨੇ ਭਾਜਪਾ ਗਠਜੋੜ ਨਾਲ ਵੱਖ ਹੋਏ ਧਿਰਾਂ ਸ਼ਿਵ ਸੈਨਾ, ਤ੍ਰਿਣਮੂਲ ਕਾਂਗਰਸ ਨੂੰ ਇਕ ਮੰਚ 'ਤੇ ਆਉਣ ਦੀ ਸਲਾਹ ਦਿੱਤੀ।

ਕੋਰ ਕਮੇਟੀ ਦੀ ਮੀਟਿੰਗ ਉਪਰੰਤ ਸੁਖਬੀਰ ਬਾਦਲ ਨੇ ਕਿਹਾ ਕਿ ਖੇਤੀ ਬਿਲਾਂ ਦੇ ਮੁੱਦੇ 'ਤੇ ਕੇਂਦਰ ਸਰਕਾਰ ਵੱਲੋਂ ਅਕਾਲੀ ਦਲ ਨੂੰ ਭਰੋਸੇ 'ਚ ਨਾ ਲਏ ਜਾਣ ਕਾਰਨ ਮੰਤਰੀ ਮੰਡਲ ਤੋਂ ਪਹਿਲਾਂ ਹੀ ਹਰਸਿਮਰਤ ਕੌਰ ਬਾਦਲ ਵੱਲੋਂ ਅਸਤੀਫਾ ਦੇ ਦਿੱਤਾ ਗਿਆ ਸੀ। ਉਨਾਂ ਕਿਹਾ ਕਿ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਵੀ ਇਹੀ ਚਰਚਾ ਹੋਈ ਕਿ ਹੁਣ ਐੱਨਡੀਏ 'ਚ ਰਹਿਣ ਦੀ ਕੋਈ ਤੁਕ ਨਹੀਂ ਬਣਦੀ। ਬਾਦਲ ਨੇ ਜੰਮੂ-ਕਸ਼ਮੀਰ ਵਿੱਚ ਪੰਜਾਬੀ ਨੂੰ ਸਰਕਾਰੀ ਭਾਸ਼ਾ ਵਜੋਂ ਮਾਨਤਾ ਨਾ ਦੇਣ ਦੇ ਮੁੱਦੇ 'ਤੇ ਵੀ ਮੋਦੀ ਸਰਕਾਰ ਦੀ ਆਲੋਚਨਾ ਕੀਤੀ। ਉਨਾਂ ਕਿਹਾ ਕਿ ਹਾਲੀਆ ਇਨਾਂ ਦੋ ਵੱਡੇ ਮੁੱਦਿਆਂ ਕਾਰਨ ਅਕਾਲੀ ਦਲ ਨੇ ਐੱਨਡੀਏ 'ਚੋਂ ਬਾਹਰ ਆਉਣ ਦਾ ਫੈਸਲਾ ਕੀਤਾ ਹੈ। ਜ਼ਿਕਰਯੋਗ ਹੈ ਕਿ 1996 ਵਿੱਚ ਮਰਹੂਮ ਵਾਜਪਾਈ ਦੀ ਅਗਵਾਈ ਹੇਠ 13 ਦਿਨਾਂ ਦੀ ਸਰਕਾਰ ਬਣਨ ਸਮੇਂ ਪ੍ਰਕਾਸ਼ ਸਿੰਘ ਬਾਦਲ ਵੱਲੋਂ ਭਾਰਤੀ ਜਨਤਾ ਪਾਰਟੀ ਨੂੰ ਬਿਨਾਂ ਸ਼ਰਤ ਹਮਾਇਤ ਦੇਣ ਦਾ ਐਲਾਨ ਕੀਤਾ ਗਿਆ ਸੀ। ਉਦੋਂ ਤੋਂ ਲੈ ਕੇ ਅਕਾਲੀ ਦਲ ਤੇ ਭਾਜਪਾ ਦੇ ਸਿਆਸੀ ਰਿਸ਼ਤਿਆਂ ਨੂੰ ਵੱਡੇ ਬਾਦਲ ਵੱਲੋਂ ਨਹੁੰ-ਮਾਸ ਦਾ ਰਿਸ਼ਤਾ ਕਰਾਰ ਦਿੱਤਾ ਜਾਂਦਾ ਰਿਹਾ ਸੀ। ਭਾਜਪਾ ਦੀ ਵਾਗਡੋਰ ਮੋਦੀ ਤੇ ਇਧਰ ਸੁਖਬੀਰ ਦੇ ਹੱਥ ਆਉਣ ਤੋਂ ਬਾਅਦ ਦੋਹਾਂ ਪਾਰਟੀਆਂ ਦੇ ਰਿਸ਼ਤਿਆਂ ਵਿੱਚ ਤਰੇੜ ਆਉਣ ਲੱਗੀ ਸੀ।

80 ਦੇ ਦਹਾਕੇ ਤੋਂ ਹੀ ਖੇਤਰੀ ਸ਼ਕਤੀਆਂ ਨੇ ਪ੍ਰਯੋਗ ਦੇ ਤੌਰ 'ਤੇ ਭਾਜਪਾ ਨਾਲ ਦਾਅ ਖੇਡਣ ਦੀ ਸ਼ੁਰੂਆਤ ਕੀਤੀ ਸੀ। ਉਸ ਸਮੇਂ ਭਾਜਪਾ ਵੱਖ-ਵੱਖ ਖੇਤਰਾਂ ਵਿਚ ਕਾਂਗਰਸ ਦੀ ਤਰਾਂ ਰਾਜਨੀਤਕ ਸ਼ਕਤੀ ਨਹੀਂ ਸੀ। ਉਹ ਖੇਤਰੀ ਪਾਰਟੀਆਂ ਨਾਲ ਰਹਿ ਕੇ ਉਨਾਂ ਤੋਂ ਅੱਗੇ ਨਹੀਂ ਜਾ ਸਕਦੀ ਸੀ। ਇਸ ਲਈ ਖੇਤਰੀ ਸ਼ਕਤੀਆਂ ਨੂੰ ਉਮੀਦ ਸੀ ਕਿ ਉਹ ਭਾਜਪਾ ਦੀ ਪ੍ਰਧਾਨਤਾ ਵਾਲੀ ਕੇਂਦਰ ਸਰਕਾਰ ਦੇ ਨਾਲ ਲੈਣ-ਦੇਣ ਦੇ ਆਧਾਰ 'ਤੇ ਵਧੇਰੇ ਸੰਘਵਾਦੀ ਭਾਰਤ ਪ੍ਰਾਪਤ ਕਰ ਸਕਣਗੀਆਂ। ਅੰਨਾਦ੍ਰਮੁਕ ਵਲੋਂ ਕਾਂਗਰਸ ਦਾ ਸਾਥ ਛੱਡ ਕੇ ਅੰਦਰ ਹੀ ਅੰਦਰ ਭਾਜਪਾ ਨਾਲ ਨਾਤਾ ਜੋੜਨ ਦੀ ਕੋਸ਼ਿਸ਼ ਅਤੇ ਤੇਲਗੂ ਦੇਸ਼ਮ ਵਲੋਂ ਤਤਕਾਲੀ ਰਾਸ਼ਟਰੀ



ਮੋਰਚੇ ਤੋਂ ਪਾਸੇ ਜਾ ਕੇ ਭਾਜਪਾ ਨੂੰ ਇਕ ਸੰਭਾਵਿਤ ਮਿੱਤਰ ਦੇ ਰੂਪ ਵਿਚ ਵੇਖਣਾ ਦੱਖਣ ਭਾਰਤ ਵਲੋਂ ਭਾਜਪਾਈ ਹਿੰਦੂ ਰਾਸ਼ਟਰਵਾਦ ਨੂੰ ਮਨਜ਼ੂਰ ਕਰਨ ਦੀ ਸ਼ੁਰੂਆਤ ਸੀ। 90 ਦੇ ਦਹਾਕੇ ਵਿਚ ਤਮਿਲ ਅਤੇ ਆਂਧਰਾ ਦੀਆਂ ਖੇਤਰੀ ਸ਼ਕਤੀਆਂ ਨੂੰ ਬਾਬਰੀ ਮਸਜਿਦ ਨੂੰ ਢਾਹੁਣ ਦੀ ਘਟਨਾ ਨਾਲ ਕੁਝ ਧੱਕਾ ਲੱਗਾ ਅਤੇ ਉਹ ਭਾਜਪਾ ਨਾਲ ਸਬੰਧ ਬਣਾਉਣ ਦੀ ਆਪਣੀ ਇੱਛਾ ਸਬੰਧੀ ਆਲੋਚਨਾਤਮਕ ਹੋਣ ਲੱਗੇ। ਪਰ ਮੱਧਮਾਰਗੀ ਦਲਾਂ (ਜਨਤਾ ਦਲ ਆਦਿ) ਦਾ ਰਾਜਨੀਤਕ ਮਹੱਤਵ ਖੁੱਸਣ ਤੋਂ ਬਾਅਦ ਅਤੇ ਕਾਂਗਰਸ ਵਲੋਂ ਆਪਣਾ ਲੋਕ ਆਧਾਰ ਬਣਾਉਣ ਤੋਂ ਬਾਅਦ ਉਨਾਂ ਦੇ ਸਾਹਮਣੇ ਭਾਜਪਾ ਦੀ ਕੇਂਦਰ ਵਿਚ ਸਰਕਾਰ ਬਣਾਉਣ ਦੀਆਂ ਕੋਸ਼ਿਸ਼ਾਂ ਨੂੰ ਥੋੜਾ ਜਿਹਾ ਸਮਰਥਨ ਦੇਣ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਰਹਿ ਗਿਆ ਸੀ। ਉੱਤਰ ਪੂਰਬ ਵਿਚ ਅਸਮ ਗਣ ਪ੍ਰੀਸ਼ਦ ਤਾਂ ਆਪਣੀ ਸ਼ੁਰੂਆਤ ਤੋਂ ਹੀ ਭਾਜਪਾ ਤੋਂ ਪ੍ਰਭਾਵਿਤ ਸੀ।

ਇਥੇ ਇਹ ਯਾਦ ਰੱਖਣ ਦੀ ਲੋੜ ਹੈ ਕਿ ਪੰਜਾਬ ਵਿਚ ਅਕਾਲੀ ਦਲ (ਬ) ਵਲੋਂ ਦਸੰਬਰ 1992 ਦੀ ਕਾਰਸੇਵਾ ਵਿਚ ਆਪਣੇ ਪ੍ਰਤੀਨਿਧ ਭੇਜਣ ਦੇ ਐਲਾਨ ਨੇ ਅਕਾਲੀ ਅੰਦੋਲਨ ਅੰਦਰ ਉਥਲ-ਪੁਥਲ ਮਚਾ ਦਿੱਤੀ ਸੀ। ਹਿੰਦੂ-ਸਿੱਖ ਏਕਤਾ ਦਾ ਇਹ ਫ਼ਿਰਕੂ ਪ੍ਰਯੋਗ ਇਕਦਮ ਨਵੀਂ ਚੀਜ਼ ਸੀ। ਕਿਉਂਕਿ ਅਜੇ ਤੱਕ ਹਿੰਦੂ-ਸਿੱਖ ਏਕਤਾ ਧਰਮ-ਨਿਰਪੱਖ ਨਜ਼ਰੀਏ ਨਾਲ ਹੀ ਵੇਖੀ ਜਾਂਦੀ ਸੀ। ਮਹਾਰਾਸ਼ਟਰ ਵਿਚ ਭਾਜਪਾ ਕੋਲ ਸ਼ਿਵ ਸੈਨਾ ਦੀ ਮਜ਼ਬੂਤ ਅਤੇ ਅਤਿ ਫ਼ਿਰਕੂ ਖੇਤਰੀ ਸ਼ਕਤੀ ਪਹਿਲਾਂ ਤੋਂ ਹੀ ਮੌਜੂਦ ਸੀ। ਜਿਵੇਂ ਹੀ ਨਿਤਿਸ਼ ਕੁਮਾਰ ਦੀ ਪਾਰਟੀ ਭਾਜਪਾ ਨਾਲ ਗਈ, ਉਵੇਂ ਹੀ 90 ਦੇ ਦਹਾਕੇ ਵਿਚ ਖੇਤਰੀ ਸ਼ਕਤੀਆਂ ਦੇ ਸਹਿਯੋਗ ਨਾਲ ਬਹੁਮਤ ਦੀ ਜਾਂ ਮੁੱਦਾ ਆਧਾਰਿਤ ਸਹਿਯੋਗ ਨਾਲ ਘੱਟ-ਗਿਣਤੀ ਸਰਕਾਰ ਬਣਾਉਣ ਦੀ ਭਾਜਪਾ ਦੀ ਰਣਨੀਤੀ ਪ੍ਰਵਾਨ ਚੜਨ ਲੱਗੀ। ਇਸ ਤਰਾਂ ਹਿੰਦੂ ਰਾਸ਼ਟਰਵਾਦ ਪਹਿਲੀ ਵਾਰ ਸਿਧਾਂਤ ਤੋਂ ਅੱਗੇ ਜਾ ਕੇ ਜ਼ਮੀਨੀ ਪੱਧਰ 'ਤੇ ਆਉਣ ਲੱਗਾ। ਭਾਜਪਾ ਦੇ ਅੰਦਰ ਕੌਮੀ ਜਮਹੂਰੀ ਗੱਠਜੋੜ ਆਧਾਰਿਤ ਰਣਨੀਤੀ ਦੇ ਸੂਤਰਧਾਰ ਲਾਲ ਕ੍ਰਿਸ਼ਨ ਅਡਵਾਨੀ ਸਨ। ਉਹ ਬਿਨਾਂ ਕਿਸੇ ਹਿਚਕਿਚਾਹਟ ਤੋਂ ਕਹਿੰਦੇ ਸਨ ਕਿ ਉਨਾਂ ਦੀ ਪਾਰਟੀ ਦੀ ਰਾਸ਼ਟਰੀ ਸਫਲਤਾ ਕੌਮੀ ਜਮਹੂਰੀ ਗੱਠਜੋੜ ਪਲੱਸ ਪਲੱਸ 'ਤੇ ਆਧਾਰਿਤ ਹੈ। ਭਾਵ ਭਾਜਪਾ ਜਿੰਨੀਆਂ ਪਾਰਟੀਆਂ ਨੂੰ ਆਪਣਾ ਸਹਿਯੋਗੀ ਬਣਾ ਸਕੇਗੀ, ਓਨਾ ਹੀ ਉਸ ਦੀ ਕੇਂਦਰੀ ਰਾਜਨੀਤੀ ਮਜ਼ਬੂਤ ਹੋਵੇਗੀ। ਇਸ ਦਾ ਵਿਵਹਾਰਕ ਮਤਲਬ ਸੀ ਕਿ ਭਾਜਪਾ ਨੇ ਹਰ ਜਗਾ ਖੇਤਰੀ ਸ਼ਕਤੀਆਂ ਦੇ ਮੁਕਾਬਲੇ ਦੂਜੇ ਦਰਜੇ ਦੀ ਭੂਮਿਕਾ ਨਿਭਾਉਣੀ ਸੀ ਅਤੇ ਬਦਲੇ ਵਿਚ ਉਸ ਨੂੰ ਦਿੱਲੀ ਵਿਚ ਸਰਕਾਰ ਬਣਾਉਣ ਵਿਚ ਸਹਿਯੋਗ ਮਿਲਣਾ ਸੀ। 2012 ਤੱਕ ਅਡਵਾਨੀ ਦਾ ਇਹ ਨਾਅਰਾ ਬੇਰੋਕਟੋਕ ਚਲਦਾ ਰਿਹਾ। ਉਨੀਂ ਦਿਨੀਂ ਇਹ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ ਕਿ ਸ਼ਿਵ ਸੈਨਾ, ਅਕਾਲੀ ਦਲ (ਬ) ਜਾਂ ਜਨਤਾ ਦਲ (ਯੂ) ਵਰਗੀਆਂ ਤਾਕਤਾਂ ਕਦੀ ਭਾਜਪਾ ਤੋਂ ਵੱਖ ਵੀ ਹੋਣਗੀਆਂ। ਪਰ 20 12 ਵਿਚ ਗੁਜਰਾਤ ਵਿਚ ਇਕ ਅਜਿਹੀ ਘਟਨਾ ਵਾਪਰੀ, ਜਿਸ ਨੇ ਸਾਲ ਭਰ ਦੇ ਅੰਦਰ ਹੀ ਅਡਵਾਨੀ ਦੀ ਕਾਮਯਾਬ ਰਣਨੀਤੀ ਨੂੰ ਕੂੜੇ ਵਿਚ ਸੁੱਟ ਦਿੱਤਾ।

ਹੋਇਆ ਇੰਜ ਕਿ 2012 ਦੀਆਂ ਗੁਜਰਾਤ ਵਿਧਾਨ ਸਭਾ ਚੋਣਾਂ ਵਿਚ ਨਰਿੰਦਰ ਮੋਦੀ ਨੇ ਲਗਾਤਾਰ ਤੀਜੀ ਵਾਰ ਜਿੱਤ ਹਾਸਲ ਕੀਤੀ। ਭਾਜਪਾ ਦੇ ਆਲਾ ਕਮਾਨ ਦੇ ਕਈ ਉੱਚ ਆਗੂ ਮਨ ਹੀ ਮਨ ਵਿਚ ਮੋਦੀ ਦੀ ਹਾਰ ਦੀ ਕਾਮਨਾ ਕਰ ਰਹੇ ਸਨ। ਕਦੀ-ਕਦਾਈਂ ਉਨਾਂ ਦੇ ਮੂੰਹੋਂ ਇਹ ਗੱਲ ਨਿਕਲ ਵੀ ਜਾਂਦੀ ਸੀ। ਕਿਉਂਕਿ ਉਨਾਂ ਨੂੰ ਪਤਾ ਸੀ ਕਿ ਮੋਦੀ ਆਪਣੇ ਗਾਂਧੀਨਗਰ ਦੇ ਕਿਲੇ ਤੋਂ ਦਿੱਲੀ 'ਤੇ ਹਮਲਾ ਕਰਨ ਲਈ ਯੋਜਨਾ ਬਣਾ ਰਹੇ ਹਨ ਅਤੇ ਉਹੀ ਹੋਇਆ। ਜਿਵੇਂ ਹੀ ਉਹ ਤੀਜੀ ਵਾਰ ਮੁੱਖ ਮੰਤਰੀ ਬਣੇ, ਉਨਾਂ ਨੇ ਭਾਜਪਾ ਹਾਈ ਕਮਾਨ ਅਤੇ ਰਾਸ਼ਟਰੀ ਸੋਇਮ ਸੇਵਕ ਸੰਘ 'ਤੇ ਦਬਾਅ ਬਣਾਉਣਾ ਸ਼ੁਰੂ ਕਰ ਦਿੱਤਾ ਕਿ ਉਨਾਂ ਨੂੰ 2014 ਦੀਆਂ ਚੋਣਾਂ ਲਈ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਬਣਾਇਆ ਜਾਵੇ। ਮੋਦੀ ਨੇ ਪਾਰਟੀ ਅੰਦਰ ਇਸ ਲਈ ਜ਼ਬਰਦਸਤ ਸੰਘਰਸ਼ ਕੀਤਾ ਅਤੇ 2013 ਵਿਚ ਕਾਮਯਾਬੀ ਹਾਸਲ ਕੀਤੀ। ਜਿਵੇਂ ਹੀ ਪਾਰਟੀ ਦੀ ਕਮਾਨ ਉਨਾਂ ਦੇ ਹੱਥ ਵਿਚ ਆਈ, ਉਨਾਂ ਨੇ ਅਡਵਾਨੀ ਦੀ ਰਣਨੀਤੀ ਨੂੰ ਪਾਸੇ ਕਰਕੇ ਭਾਜਪਾ ਪਲੱਸ ਪਲੱਸ ਦੀ ਰਣਨੀਤੀ ਦੀ ਨੀਂਹ ਰੱਖੀ। ਇਸ ਦਾ ਮਤਲਬ ਕੌਮੀ ਜਮਹੂਰੀ ਗੱਠਜੋੜ ਨੂੰ ਭੰਗ ਕਰਨਾ ਨਹੀਂ ਸਗੋਂ ਇਕ ਪਾਰਟੀ ਦੇ ਤੌਰ 'ਤੇ ਭਾਜਪਾ ਨੂੰ ਏਨਾ ਮਜ਼ਬੂਤ ਕਰਨਾ ਸੀ ਕਿ ਉਸ ਦੇ ਸਹਿਯੋਗੀ ਉਸ ਦੀਆਂ ਸ਼ਰਤਾਂ 'ਤੇ ਸਾਥ ਦੇਣ ਲਈ ਮਜਬੂਰ ਹੋ ਜਾਣ। ਮੋਦੀ ਦੀ ਮੁਹਿੰਮ ਤਿੰਨ-ਪਾਸੜ ਸੀ। ਉਹ ਪਾਰਟੀ 'ਤੇ ਕੇਂਦਰੀ ਲੀਡਰਸ਼ਿਪ ਦੀ ਸ਼ਕਤੀਸ਼ਾਲੀ ਪਕੜ ਦੇ ਸਮਰਥਕ ਸਨ। ਦੂਜੇ ਪਾਸੇ ਉਹ ਪਾਰਟੀ ਨੂੰ ਚੋਣ ਲੜਨ ਦੀ ਜ਼ਬਰਦਸਤ ਮਸ਼ੀਨਰੀ ਵਿਚ ਬਦਲ ਦੇਣਾ ਚਾਹੁੰਦੇ ਸਨ। ਤੀਜਾ ਖੇਤਰੀ ਸ਼ਕਤੀਆਂ ਦੇ ਮੁਕਾਬਲੇ ਉਹ ਰਾਜਾਂ ਵਿਚ ਵੀ ਦੂਜੇ ਦਰਜੇ ਦੀ ਭੂਮਿਕਾ ਨਿਭਾਉਣ ਲਈ ਤਿਆਰ ਨਹੀਂ ਸਨ। ਭਾਜਪਾ ਦੇ ਅੰਦਰੂਨੀ ਹਲਕਿਆਂ ਵਿਚ ਇਸ ਰਣਨੀਤੀ ਨੂੰ ਚੱਪੇ-ਚੱਪੇ ਵਿਚ ਭਾਜਪਾ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ। ਇਸ ਰਣਨੀਤੀ ਦੇ ਨਤੀਜੇ ਛੇਤੀ ਹੀ ਸਾਹਮਣੇ ਆਉਣ ਲੱਗੇ। ਭਾਜਪਾ ਨੇ ਮਹਾਰਾਸ਼ਟਰ ਵਿਚ ਸ਼ਿਵ ਸੈਨਾ ਕੋਲੋਂ ਮੁੱਖ ਮੰਤਰੀ ਦੀ ਕੁਰਸੀ ਖੋਹ ਲਈ। ਪੰਜਾਬ ਵਿਚ ਉਹ ਅਕਾਲੀ ਦਲ ਕੋਲੋਂ ਬਰਾਬਰ ਸੀਟਾਂ ਮੰਗਣ ਲੱਗੀ। ਬਿਹਾਰ ਵਿਚ ਉਸ ਨੇ ਆਪਣੀ ਤਾਕਤ ਵਧਾਉਣੀ ਜਾਰੀ ਰੱਖੀ ਅਤੇ ਇਸ ਸਮੇਂ ਉਹ ਨਿਤਿਸ਼ ਤੋਂ ਮੁੱਖ ਮੰਤਰੀ ਦੇ ਅਹੁਦੇ ਦੀ ਕੁਰਸੀ ਖੋਹਣ ਵਿਚ ਸਿਰਫ ਇਕ ਚੋਣ ਦੂਰ ਹਨ। ਆਂਧਰਾ ਪ੍ਰਦੇਸ਼ ਵਿਚ ਉਸ ਦੀਆਂ ਇਨਾਂ ਇੱਛਾਵਾਂ ਨੇ ਤੇਲਗੂ ਦੇਸਮ ਨੂੰ ਉਸ ਤੋਂ ਵੱਖ ਕਰ ਦਿੱਤਾ। ਓਡੀਸ਼ਾ ਵਿਚ ਬੀਜੂ ਜਨਤਾ ਦਲ ਦਾ ਭਾਜਪਾ ਤੋਂ ਵੱਖ ਹੋਣਾ ਇਸੇ ਰਣਨੀਤੀ ਦਾ ਹਿੱਸਾ ਹੈ। ਅਸਮ ਵਿਚ ਅਸਮ ਗਣ ਪ੍ਰੀਸ਼ਦ ਵੀ ਭਾਜਪਾ ਤੋਂ ਬਹੁਤ ਦੂਰ ਚਲੇ ਗਈ ਹੈ। ਇਸ ਦ੍ਰਿਸ਼ਟੀ ਨਾਲ ਵੇਖਿਆ ਜਾਵੇ ਤਾਂ ਅਕਾਲੀਆਂ ਅਤੇ ਸ਼ਿਵ ਸੈਨਾ ਦਾ ਵੱਖ ਹੋਣਾ ਇਸ ਰਣਨੀਤੀ ਦਾ ਕੁਦਰਤੀ ਨਤੀਜਾ ਹੈ। ਇਸ ਨਾਲ ਭਾਜਪਾ ਅੰਦਰ ਹੀ ਅੰਦਰ ਪ੍ਰੇਸ਼ਾਨ ਨਹੀਂ ਹੈ, ਸਗੋਂ ਉਹ ਇਸ ਨੂੰ ਮਹਾਰਾਸ਼ਟਰ, ਪੰਜਾਬ, ਆਂਧਰਾ ਪ੍ਰਦੇਸ਼ ਅਤੇ ਓਡੀਸ਼ਾ ਵਿਚ ਆਪਣੇ ਲਈ ਇਕ ਮੌਕੇ ਦੀ ਤਰਾਂ ਵੇਖ ਰਹੀ ਹੈ। ਗੱਲ ਠੀਕ ਵੀ ਹੈ। ਇਕ ਪਾਰਟੀ ਜੋ ਰਾਸ਼ਟਰੀ ਪੱਧਰ 'ਤੇ ਕਾਂਗਰਸ ਸਾਹਮਣੇ ਆਪਣੀ ਤਾਕਤ ਸਥਾਪਤ ਕਰਨਾ ਚਾਹੁੰਦੀ ਹੈ, ਉਹ 90 ਦੇ ਦਹਾਕੇ ਦੀ ਕੌਮੀ ਜਮਹੂਰੀ ਗੱਠਜੋੜ ਪਲੱਸ ਪਲੱਸ ਦੀ ਪੁਰਾਣੀ ਰਣਨੀਤੀ ਵਿਚ ਅਟਕੀ ਨਹੀਂ ਰਹਿ ਸਕਦੀ। ਉਸ ਸਮੇਂ ਭਾਜਪਾ ਦਿੱਲੀ ਵਿਚ ਪੈਰ ਜਮਾਉਣਾ ਚਾਹੁੰਦੀ ਸੀ ਪਰ ਅੱਜ ਦੀ ਭਾਜਪਾ ਖੇਤਰਾਂ ਵਿਚ ਪੈਰ ਜਮਾਉਣਾ ਚਾਹੁੰਦੀ ਹੈ।

## ਭਾਜਪਾ ਵਿਰੋਧੀਆਂ ਵਲੋਂ ਬਾਦਲ ਦਲ ਦੀ ਸ਼ਲਾਘਾ

ਸ਼ਿਵ ਸੈਨਾ ਦੇ ਸੰਸਦ ਮੈਂਬਰ ਸੰਜੇ ਰਾਊਤ ਨੇ ਖੇਤੀ ਬਿੱਲਾਂ ਖ਼ਿਲਾਫ਼ ਅਕਾਲੀ ਦਲ ਵਲੋਂ ਐਨ.ਡੀ.ਏ. ਛੱਡਣ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪਿਛਲੇ ਕੁਝ ਸਾਲਾਂ 'ਚ ਤੇਲਗੂ ਦੇਸ਼ਮ ਪਾਰਟੀ (ਟੀ.ਡੀ.ਪੀ.) ਤੇ ਸ਼ਿਵ ਸੈਨਾ ਤੋਂ ਬਾਅਦ ਅਕਾਲੀ ਦਲ ਤੀਜੀ ਪਾਰਟੀ ਹੈ, ਜਿਸ ਨੇ ਗੱਠਜੋੜ ਨੂੰ ਤਿਆਗ ਦਿੱਤਾ ਹੈ। ਤ੍ਰਿਣਮੂਲ ਕਾਂਗਰਸ ਪਾਰਟੀ ਦੇ ਕੌਮੀ ਬੁਲਾਰੇ ਤੇ ਪਾਰਟੀ ਦੇ ਰਾਜ ਸਭਾ ਮੈਂਬਰ ਡੈਰੇਕ ਓ ਬਰਾਇਨ ਨੇ ਟਵੀਟ ਕਰਕੇ ਕਿਹਾ ਕਿ ਅਸੀਂ ਅਕਾਲੀ ਦਲ ਤੇ ਸੁਖਬੀਰ ਸਿੰਘ ਵਲੋਂ ਕਿਸਾਨਾਂ ਦੇ ਹਿਤਾਂ 'ਚ ਲਏ ਫੈਸਲੇ ਦਾ ਸਮਰਥਨ ਕਰਦੇ ਹਾਂ, ਕਿਉਂਕਿ ਕਿਸਾਨਾਂ ਦੇ ਹੱਕਾਂ ਲਈ ਲੜਨਾ ਤ੍ਰਿਣਮੂਲ ਦੇ ਡੀ.ਐਨ.ਏ. 'ਚ ਹੈ। ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਸਰਪ੍ਰਸਤ ਸ਼ਰਦ ਪਵਾਰ ਵਲੋਂ ਵੀ ਟਵੀਟ ਕਰਕੇ ਸੁਖਬੀਰ ਸਿੰਘ ਬਾਦਲ ਤੇ ਹਰਸਿਮਰਤ ਬਾਦਲ ਨੂੰ ਕਿਸਾਨਾਂ ਨਾਲ ਖੜਨ ਲਈ ਧੰਨਵਾਦ ਕੀਤਾ ਗਿਆ। ਬੀਜੂ ਜਨਤਾ ਦਲ ਦੇ ਸੰਸਦ ਮੈਂਬਰ ਪਿਨਾਕੀ ਮਿਸ਼ਰਾ ਵਲੋਂ ਵੀ ਅਕਾਲੀ ਦਲ ਵਲੋਂ ਕਿਸਾਨਾਂ ਨਾਲ ਇਕਜੁੱਟਤਾ ਦਿਖਾਉਣ ਲਈ ਸ਼ਲਾਘਾ ਕੀਤੀ ਗਈ।

## ਡਾ. ਫਾਰੂਕ ਅਬਦੁੱਲਾ ਵਲੋਂ ਅਕਾਲੀ ਦਲ ਵੱਲੋਂ ਲਏ ਸਟੈਂਡ ਦੀ ਸ਼ਲਾਘਾ

ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਤੇ ਨੈਸ਼ਨਲ ਕਾਨਫਰੰਸ ਦੇ ਉਘੇ ਆਗੂ ਡਾ. ਫਾਰੂਕ ਅਬਦੁੱਲਾ ਨੇ ਅਕਾਲੀ ਦਲ ਵੱਲੋਂ ਕਿਸਾਨਾਂ ਤੇ ਜੰਮੂ ਕਸ਼ਮੀਰ ਵਿਚ ਪੰਜਾਬੀ ਬਾਰੇ ਲਏ ਸਟੈਂਡ ਦੀ ਸ਼ਲਾਘਾ ਕੀਤੀ ਹੈ। ਡਾ. ਅਬਦੁੱਲਾ ਨੇ ਅਕਾਲੀ ਦਲ ਦੇ ਮੁਖੀ ਸੁਖਬੀਰ ਸਿੰਘ ਸਿੰਘ ਬਾਦਲ ਨਾਲ ਗੱਲਬਾਤ ਕੀਤੀ ਤੇ ਸ਼੍ਰੋਮਣੀ ਅਕਾਲੀ ਵੱਲੋਂ ਦੋਵੇਂ ਮਾਮਲਿਆਂ 'ਤੇ ਲਏ ਦਲੇਰਾਨਾ ਤੇ ਸਿਧਾਂਤਕ ਸਟੈਂਡ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਅਜਿਹਾ ਕਰਦਿਆਂ ਨਾ ਸਿਰਫ ਤੁਸੀਂ ਆਪਣੀ ਪਾਰਟੀ ਦੇ ਸ਼ਾਨਾਮੱਤੀ ਵਿਰਸੇ 'ਤੇ ਚਲੇ ਰਹੇ ਹੋ ਬਲਕਿ ਤੁਸੀਂ ਕਿਸਾਨਾਂ ਤੇ ਦੇਸ਼ ਵਿਚ ਸਮਾਜ ਦੇ ਹੋਰ ਕਸੂਤੇ ਫਸੇ ਵਰਗਾਂ ਵਾਸਤੇ ਇਕ ਆਸ ਦੀ ਕਿਰਨ ਪੈਦਾ ਕੀਤੀ ਹੈ। ਡਾ. ਅਬਦੁੱਲਾ ਨੇ ਕਿਹਾ ਕਿ ਉਹਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸੰਘਰਸ਼ਾਂ ਨਾਲ ਚਿਰ ਕਾਲੀ ਸਾਥ ਦਾ ਮਾਣ ਹੈ ਜਿਸ ਤਹਿਤ ਅਕਾਲੀ ਦਲ ਇਕ ਖੇਤਰੀ ਪਾਰਟੀ ਵਜੋਂ ਦੇਸ਼ ਵਿਚ ਇਕ ਸਹੀ ਅਰਥਾਂ ਵਿਚ ਸੰਘੀ ਢਾਂਚਾ ਬਣਾਉਣ ਦਾ ਹਮਾਇਤੀ ਹੈ ।

ਸੁਖਬੀਰ ਸਿੰਘ ਬਾਦਲ ਨੇ ਡਾ. ਅਬਦੁੱਲਾ ਦਾ ਧੰਨਵਾਦ ਕੀਤਾ ਕਿ ਉਨਾਂ ਨੇ ਇਸ ਸੰਘਰਸ਼ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਡੱਟ ਕੇ ਸਾਥ ਦੇਣ ਦਾ ਅਹਿਦ ਕੀਤਾ।

## ਬਾਦਲ ਵਿਰੋਧੀਆਂ ਦਾ ਅਲਗ ਪੱਖ

ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਐੱਨਡੀਏ ਦੇ ਤੋੜ ਵਿਛੋੜੇ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਇਹ ਨਹੁੰ-ਮਾਸ ਦਾ ਰਿਸ਼ਤਾ ਐਵੇਂ ਹੀ ਵੱਖ ਨਹੀਂ ਹੋਇਆ ਸਗੋਂ ਪੰਜਾਬ ਦੇ ਕਿਸਾਨਾਂ ਅਤੇ ਲੋਕਾਂ ਦੇ ਰੋਹ ਨੇ ਕੀਤਾ ਹੈ।

ਮਾਨ ਨੇ ਆਖਿਆ ਕਿ ਜੇਕਰ ਅਕਾਲੀ ਦਲ ਨੇ ਸਮੇਂ ਸਿਰ ਕਦਮ ਚੁੱਕਿਆ ਹੁੰਦਾ ਤਾਂ ਪੰਜਾਬ ਦੀ ਕਿਸਾਨੀ ਬਰਬਾਦ ਨਾ ਹੁੰਦੀ। ਹੁਣ ਤੱਕ ਪ੍ਰਕਾਸ਼ ਸਿੰਘ ਬਾਦਲ ਕਹਿੰਦੇ ਆ ਰਹੇ ਸਨ ਕਿ ਉਨਾਂ ਦੇ ਜਿਊਂਦੇ ਜੀਅ ਐੱਨਡੀਏ ਨਾਲ ਕਦੇ ਵੀ ਅਕਾਲੀ ਦਲ ਦਾ ਰਿਸ਼ਤਾ ਨਹੀਂ ਟੁੱਟੇਗਾ ਪਰ ਹੁਣ ਸੁਖਬੀਰ ਬਾਦਲ ਨੇ ਮਜਬੂਰੀ ਵਿੱਚ ਨਾਤਾ ਤੋੜਨ ਦਾ ਡਰਾਮਾ ਕਰਕੇ ਵੱਡੇ ਬਾਦਲ ਦਾ ਬੁਢਾਪਾ ਵੀ ਸੰਕਟ ਵਿਚ ਪਾ ਦਿੱਤਾ ਹੈ। ਉਨਾਂ ਆਖਿਆ ਕਿ ਉਹ ਪਹਿਲਾਂ ਹੀ ਆਖ ਚੁੱਕੇ ਸਨ ਕਿ 1920 'ਚ ਬਣਿਆ ਅਕਾਲੀ ਦਲ 2020 ਖ਼ਤਮ ਹੋ ਜਾਵੇਗਾ।

## ਸੁਖਬੀਰ ਦਲ ਨੂੰ ਕਿਸੇ ਨੇ ਮੂੰਹ ਨਹੀਂ ਲਾਉਣਾ: ਢੀਂਡਸਾ

ਸ਼੍ਰੋਮਣੀ ਅਕਾਲੀ ਦਲ (ਡੈਮੋਕਰੈਟਿਕ) ਦੇ ਪ੍ਰਧਾਨ ਅਤੇ ਸੰਸਦ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਸੁਖਬੀਰ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਦੇ ਦਿਨ ਪੁੱਗ ਗਏ ਹਨ ਅਤੇ ਪੰਜਾਬ ਦੇ ਲੋਕ ਹੁਣ ਸੁਖਬੀਰ ਬਾਦਲ ਨੂੰ ਮੂੰਹ ਨਹੀਂ ਲਾਉਣਗੇ।

ਬਾਕੀ ਸਫ਼ਾ 27 'ਤੇ

# ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ

ਕੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕੜੀ - 10**

**- ਕਰਮ ਸਿੰਘ ਜ਼ਖ਼ਮੀ**

ਸਿੰਘਾਂ ਨੇ ਉਹ ਤਲਵਾਰ ਵਾਹੀ ਕਿ ਉਸ ਦੀ ਲਾਸ਼ 'ਤੇ ਲਾਸ਼ ਚੜਾ ਦਿੱਤੀ, ਪਰੰਤੂ ਮੁਕਾਬਲਾ ਜਾਰੀ ਰਖਣਾ ਸੌਖਾ ਨਹੀਂ ਸੀ , ਸਿੰਘਾਂ ਨੇ ਯੁੱਧ ਨੀਤੀ ਤੋਂ ਕੰਮ ਲੈਂਦੇ ਹੋਏ ਪਿਛੇ ਹਟਣਾ ਸ਼ੁਰੂ ਕਰ ਦਿੱਤਾ ਤੇ ਲੋਹਗੜ ਦੇ ਕਿਲੇ ਵਲ ਚਲੇ ਗਏ, ਉਹ ਜਾਣਦੇ ਸਨ ਕਿ ਇਸ ਜੰਗ ਦੀ ਫੈਸਲਾਕੁੰਨ ਤੇ ਆਖਰੀ ਲੜਾਈ ਲੋਹਗੜ ਵਿਚ ਲੜੀ ਜਾਣੀ ਹੈ।

ਮੈਦਾਨ ਸਾਫ ਵੇਖ ਕੇ ਸ਼ਮਸ ਖਾਨ ਨੇ ਅਗੇ ਵਧ ਕੇ ਕਿਲੇ 'ਤੇ ਕਬਜ਼ਾ ਕਰ ਲਿਆ। ਕਿਲਾ ਇਸ ਤੋਂ ਪਹਿਲਾਂ ਹੀ ਸਿੱਖ ਖਾਲੀ ਕਰ ਗਏ ਸਨ। ਅਮੀਨ ਗੜ ਦਾ ਇਤਿਹਾਸ ਸਰਹੰਦ ਵਿਚ ਭੀ ਦੁਹਰਾਇਆ ਗਿਆ।

ਇਤਿਹਾਸ ਹੀ ਸਮਝੋ ਕਿ ਅਮੀਨ ਗੜ ਵਾਂਗ ਸਰਹੰਦ ਦੀ ਜੰਗ ਵਿਚ ਭੀ ਤਿੰਨ ਸੌ ਸਿੰਘ ਸ਼ਹੀਦ ਹੋਏ ਤੇ ਸ਼ਮਸ ਖਾਨ ਨੇ ਉਹਨਾਂ ਦੇ ਸਿਰ ਵੀ ਪੰਜਾਂ ਗੱਡਿਆਂ ਤੇ ਲਦਕੇ ਸਢੌਰੇ ਵਿਚ ਬਾਦਸ਼ਾਹ ਬਹਾਦਰ ਸ਼ਾਹ ਨੂੰ ਭੇਜ ਦਿੱਤੇ। ਇਹਨਾਂ ਸਿਰਾਂ ਦੇ ਨਾਲ ਸਰਹੰਦ ਦੇ ਕਿਲੇ ਤੋਂ ਲਾਹਿਆ ਸਿੱਖ ਰਾਜ ਦਾ ਝੰਡਾ ਵੀ ਭੇਜਿਆ ਤੇ ਇਸ ਦੇ ਨਾਲ ਹੀ ਇਕ ਗੱਡਾ ਸਿੱਖਾਂ ਦੇ ਮੈਦਾਨ ਜੰਗ ਦੇ ਕਿਲੇ ਵਿਚੋਂ ਮਿਲੇ ਹਥਿਆਰਾਂ ਦਾ ਵੀ ਬਾਦਸ਼ਾਹ ਨੂੰ ਭੇਜ ਦਿੱਤਾ। ਬਾਦਸ਼ਾਹ ਨੇ ਸ਼ਮਸ ਖਾਨ ਨੂੰ ਖ਼ਿਲਤ ਤੇ ਇਨਾਮ ਭੇਜਿਆ ਤੇ ਉਸ ਦੀ ਸਰਹੰਦ ਦੇ ਸੂਬੇਦਾਰ ਦੇ ਤੌਰ ਤੇ ਪੱਕੀ ਨਿਯੁਕਤੀ ਕਰ ਦਿੱਤੀ।

ਇਸ ਸਮੇਂ ਬਾਦਸ਼ਾਹ ਸ਼ਾਹੀ ਫੌਜ ਨਾਲ ਲੋਹਗੜ ਦੇ ਕਿਲੇ ਤੇ ਹਮਲਾ ਕਰਨ ਦੀਆਂ ਤਿਆਰੀਆਂ ਮੁਕੰਮਲ ਕਰਨ ਵਿਚ ਰੁਝਿਆ ਸੀ। ਉਸ ਨੇ ਇਸ ਹਮਲੇ ਦੀ ਕਮਾਨ ਸ਼ਹਿਜ਼ਾਦਾ ਰਫੀ ਉਲ ਸ਼ਾਨ ਦੇ ਹਵਾਲੇ ਕੀਤੀ ਤੇ ਉਸ ਦੀ ਸਹਾਇਤਾ ਲਈ ਮੁਨੀਮ ਖਾਨ, ਰੁਸਤਮ ਦਿਲ ਖਾਨ ਤੇ ਫਿਰੋਜ਼ਖਾਨ ਆਦਿ ਨੂੰ ਨਿਯੁਕਤ ਕਰ ਦਿੱਤਾ।

ਲੋਹਗੜ ਵਿਚ ਇਹ ਸਾਰੀਆਂ ਖ਼ਬਰਾਂ ਬਾਬਾ ਬੰਦਾ ਸਿੰਘ ਬਹਾਦਰ ਸਿੰਘ ਨੂੰ ਮਿਲ ਗਈਆਂ। ਕਰਤਾਰਾ ਸਿੰਘ ਤੇ ਤਾਰਾ ਨੇ ਅਮੀਨ ਗੜ ਦੇ ਸ਼ਹੀਦਾਂ ਦੇ ਸਿਰਾਂ ਵਾਂਗ ਸਰਹੰਦ ਦੇ ਸ਼ਹੀਦਾਂ ਦੇ ਸਿਰਾਂ ਦਾ ਅਪਮਾਨ ਭੀ ਇਕ ਹਿੰਦ ਜੱਟ ਦੇ ਭੇਸ ਵਿਚ ਵੇਖਿਆ ਸੀ, ਇਹ ਸਭ ਕੁਝ ਵੀ ਉਹਨਾਂ ਨੇ ਬਾਬਾ ਜੀ ਨੂੰ ਜਾ ਦੱਸਿਆ।

ਇਸ ਗਲ ਤੇ ਵਿਚਾਰ ਸ਼ੁਰੂ ਹੋਈ ਕਿ ਅਮੀਨ ਗੜ ਤੇ ਸਰਹੰਦ ਦੀਆਂ ਹਾਰਾਂ ਪਿਛੋਂ ਲੋਹਗੜ ਵਿਚ ਲੜਿਆ ਜਾਵੇ ਜਾਂ ਨਾ ? ਕੁਝ ਸਿੰਘਾਂ ਦੀ ਰਾਇ ਸੀ ਕਿ ਕਿਲਾ ਖਾਲੀ ਕਰਕੇ ਪਹਾੜ ਵਲ ਪਿੱਛੇ ਹਟ ਜਾਈਏ ਤੇ ਹੋਰ ਤਾਕਤ ਇਕੱਠੀ ਕਰਕੇ ਲੜੀਏ, ਪਰੰਤੂ ਇਹ ਗਲ ਨਹੀਂ ਮੰਨੀ ਗਈ ਤੇ ਫੈਸਲਾ ਇਹ ਹੋਇਆ ਕਿ ਕਿਲੇ ਦੀ ਰਖਿਆ ਲਈ ਡਟ ਕੇ ਲੜਿਆ ਜਾਵੇ। ਸ਼ਾਮ ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਕਰਤਾਰ ਸਿੰਘ ਨੂੰ ਵੱਖਰਿਆਂ ਸੱਦਿਆ। ਉਹ ਇਸ ਸਮੇਂ ਕਿਲੇ ਦੀ ਉਪਰਲੀ ਮੰਜ਼ਲ ਵਿਚ ਆਪਣੇ ਨਿਵਾਸ ਅਸਥਾਨ ਵਿਚ ਬੈਠੇ ਸਨ। ਉਹਨਾਂ ਦੇ ਪੈਰਾਂ ਨੂੰ ਹੱਥ ਲਾ ਕੇ ਉਹ ਉਹਨਾਂ ਦੇ ਸਾਹਮਣੇ ਬੈਠ ਗਏ।

'ਕੀ ਹੁਕਮ ਹੈ ਬਾਬਾ ਜੀ।' ਤਾਰਾ ਨੇ ਬੜੀ ਹੀ ਨਿਮਰਤਾ ਨਾਲ ਨਾਲ ਕਿਹਾ।

'ਬੱਚਿਓ ਆਖਰੀ ਜੰਗ ਹੋ ਰਹੀ ਹੈ। ਤੁਸੀਂ ਅੱਜ ਹੀ ਕਿਲੇ ਬਾਹਰ ਚਲੇ ਜਾਓ।' ਬਾਬਾ ਜੀ ਨੇ ਕਿਹਾ।

ਕਰਤਾਰ ਸਿੰਘ ਤੇ ਤਾਰਾ ਨੂੰ ਇਉਂ ਲਗਿਆ ਕਿ ਜਿਸ ਤਰਾਂ ਕਿਸੇ ਨੇ ਉਹਨਾਂ ਦੀ ਛਾਤੀ ਵਿਚ ਜ਼ਹਿਰ ਨਾਲ ਭਰੀ ਹੋਈ ਬਰਛੀ ਮਾਰ ਦਿਤੀ ਹੋਵੇ।

'ਬਾਬਾ ਜੀ, ਇਹ ਤੁਸੀਂ ਅਸਾਨੂੰ ਕਿਹੜੇ ਗੁਨਾਹ ਦੀ ਸਜ਼ਾ ਦੇ ਰਹੇ ਹੋ। ਅਸੀਂ ਜਾਣਦੇ ਹਾਂ ਕਿ ਸ਼ਹੀਦੀਆਂ ਦਾ ਸਮਾਂ ਆ ਗਿਆ ਹੈ। ਤੁਸੀਂ ਅਸਾਨੂੰ ਆਪਣੇ ਸਿਰ ਗੁਰੂ ਪੰਥ ਦੇ ਲੇਖੇ ਲਾਉਣ ਤੋਂ ਕਿਉਂ ਰੋਕਦੇ ਹੋ?' ਕਰਤਾਰ ਸਿੰਘ ਨੇ ਆਖਿਆ। ਤਾਰਾ ਦੀਆਂ ਅੱਖੀਆਂ ਇਸ ਸਮੇਂ ਗਿਲੀਆਂ ਹੋ ਰਹੀਆਂ ਸਨ। ਉਸ ਦੇ ਦਿਲ ਦਾ ਦੁੱਖ ਅੱਖਾਂ ਰਾਹੀਂ ਵਹਿ ਤੁਰਿਆ ਸੀ।

'ਤੁਸੀਂ ਮੇਰਾ ਮਤਲਬ ਨਹੀਂ ਸਮਝਿਆ। ਇਸ ਜੰਗ ਦੇ ਪਿਛੋਂ ਅਸਾਂ ਨੂੰ ਇਕ ਹੋਰ ਜੰਗ ਦੀ ਤਿਆਰੀ ਕਰਨੀ ਹੈ ਤੇ ਇਹ ਕੰਮ ਤੁਸੀਂ ਕਿਲੇ ਤੋਂ ਬਾਹਰ ਜਾ ਕੇ ਹੁਣੇ ਹੀ ਸ਼ੁਰੂ ਕਰਨਾ ਹੈ, ਇਹ ਤੁਹਾਡੇ ਲਈ ਗੁਰੂ ਪੰਥ ਦਾ ਹੁਕਮ ਹੈ। ਤੁਹਾਨੂੰ ਅੱਜ ਹੀ ਜਾਣਾ ਚਾਹੀਦਾ ਹੋਵੇਗਾ।' ਬਾਬਾ ਜੀ ਦੇ ਲਹਿਜੇ ਵਿਚ ਸਨੇਹ ਭੀ ਸੀ ਤੇ ਸਖਤੀ ਵੀ। ਉਹਨਾਂ ਦੇ ਬੋਲ ਆਖਰ ਨੂੰ ਸੰਤ ਜਰਨੈਲ ਦੇ ਸ਼ਬਦ ਹੀ ਸਨ। ਕਰਤਾਰ ਸਿੰਘ ਤੇ ਤਾਰਾ ਨੇ ਉਹਨਾਂ ਦੇ ਹੁਕਮ ਦੇ ਸਾਹਮਣੇ ਸਿਰ ਨਿਵਾ ਦਿੱਤਾ।




ਜ਼ਾਬਤੇ ਦੀ ਪਾਬੰਦੀ ਉਹ ਚੰਗੀ ਤਰਾਂ ਜਾਣਦੇ ਸਨ। ਹੁਕਮ ਮੰਨਣ ਤੋਂ ਉਹਨਾਂ ਨੇ ਕਦੇ ਭੀ ਕੰਨੀ ਨਹੀਂ ਸੀ ਕਤਰਾਈ। ਬਾਬਾ ਬੰਦਾ ਸਿੰਘ ਬਹਾਦਰ ਨੇ ਉਹਨਾਂ ਨੂੰ ਪਹਾੜੀ ਰਿਆਸਤਾਂ ਵਿਚ ਜਾਣ ਦਾ ਹੁਕਮ ਦਿੱਤਾ। ਉਹਨਾਂ ਪਹਿਲਾਂ ਹੀ ਲਿਖ ਕੇ ਰਖੀਆਂ ਹੋਈਆਂ ਕੁਝ ਚਿੱਠੀਆਂ ਉਹਨਾਂ ਦੇ ਹਵਾਲੇ ਕੀਤੀਆਂ। ਇਹ ਚਿਠੀਆਂ ਨਾਹਨ ਦੇ ਰਾਜੇ ਭੂਪ ਪ੍ਰਕਾਸ਼ ਦੇ ਨਾਮ ਸਨ। ਖਰਚ ਲਈ ਉਹਨਾਂ ਨੂੰ ਪੰਜ ਪੰਜ ਸੌ ਰੁਪਿਆ ਤੇ ਪੰਜਾਹ ਸੋਨੇ ਦੀਆਂ ਮੋਹਰਾਂ ਭੀ ਦਿੱਤੀਆਂ, ਥਾਪੀ ਤੇ ਅਸ਼ੀਰਵਾਦ ਦੇ ਕੇ ਉਹਨਾਂ ਨੂੰ ਆਪ ਕਿਲੇ ਦੇ ਦਰਵਾਜ਼ੇ ਤਕ ਤੋਰਨ ਆਏ।

'ਬਾਬਾ ਜੀ ਹੁਣ ਤੁਹਾਡੇ ਦਰਸ਼ਨ ਕਦੋਂ ਹੋਣਗੇ?' ਤਾਰਾ ਨੇ ਪੁਛਿਆ।

'ਤੁਸੀਂ ਆਪਣਾ ਡੇਰਾ ਨਾਹਨ ਵਿਚ ਰਖਣਾ ਹੈ, ਉਥੇ ਹੀ ਤੁਹਾਨੂੰ ਅਗਲਾ ਹੁਕਮ ਮਿਲੇਗਾ, ਖਬਰੇ ਇਹਨਾਂ ਪਹਾੜੀ ਰਿਆਸਤਾਂ ਦੇ ਪਿਛੋਂ ਤੁਹਾਨੂੰ ਮਾਝੇ ਤੇ ਦੁਆਬੇ ਦੇ ਸਿੱਖ ਸਰਦਾਰਾਂ ਪਾਸ ਭੀ ਜਾਣਾ ਪਵੇਗਾ। ਸਭ ਨੂੰ ਆਉਣ ਵਾਲੇ ਵੱਡੇ ਧਰਮ ਯੁੱਧ ਵਿਚ ਹਿਸਾ ਲੈਣ ਲਈ ਤਿਆਰ ਕਰਨਾ ਹੈ।' ਬਾਬਾ ਬੰਦਾ ਸਿੰਘ ਬਹਾਦਰ ਉਹਨਾਂ ਦੀ ਗਲ ਦਾ ਜ਼ਵਾਬ ਨਾ ਦੇਂਦੇ ਹੋਏ ਆਖਦੇ ਚਲੇ ਗਏ।

'ਤੁਹਾਡੇ ਦਰਸ਼ਨਾਂ ਦਾ ਮੌਕਾ ਅਸਾਂ ਨੂੰ ਕਦ ਮਿਲੇਗਾ?' ਕਰਤਾਰ ਸਿੰਘ ਤਾਰਾ ਦੇ ਕੀਤੇ ਹੋਏ ਸਵਾਲ ਨੂੰ ਦੁਹਰਾ ਦਿੱਤਾ, ਉਹ ਦੋਵਾਂ ਇਹ ਗਲ ਜਾਨਣੀ ਜ਼ਰੂਰੀ ਸਮਝਦੇ ਸਨ।

'ਵੇਖੋ ਬੱਚਿਓ, ਕੁਝ ਕਿਹਾ ਨਹੀਂ ਜਾ ਸਕਦਾ, ਜੇਕਰ ਇਸ ਯੁੱਧ ਵਿਚ ਗੁਰੂ ਪੰਥ ਨੇ ਆਪਣੀ ਅਮਾਨਤ ਇਹ ਸਿਰ ਲੈ ਲਿਆ ਤਦ ਤਾਂ ਕਲਗੀਆਂ ਵਾਲੇ ਸਤਿਗੁਰਾਂ ਦੀ ਨਿੱਘੀ ਗੋਦ ਵਿਚ ਚਲ ਕੇ ਹੀ ਮਿਲਾਂਗੇ ਤੇ ਜੇਕਰ ਕਲਗੀਆਂ ਵਾਲੇ ਨੇ ਆਪਣੇ ਪੰਥ ਦੀ ਹੋਰ ਸੇਵਾ ਲੈਣੀ ਹੋਈ ਤਾਂ ਛੇਤੀ ਹੀ ਮੁਲਾਕਾਤ ਹੋ ਜਾਵੇਗੀ। ਜੰਗ ਜਿੱਤੀ ਗਈ ਤਾਂ ਤੁਹਾਨੂੰ ਏਥੇ ਹੀ ਸਦ ਲਵਾਂਗੇ। ਹੱਛਾ ਜਾਓ ਗੁਰੂ ਰਾਖਾ।' ਕਹਿੰਦੇ ਹੋਏ ਬਾਬਾ ਜੀ ਵਾਪਸ ਚਲੇ ਗਏ। ਕਿਲੇ ਦੇ ਬਾਹਰ ਦੋ ਘੋੜੇ ਉਹਨਾਂ ਲਈ ਤਿਆਰ ਖੜੇ ਸਨ। ਉਹਨਾਂ ਨੇ ਉਹਨਾਂ 'ਤੇ ਪਲਾਕੀਆਂ ਮਾਰੀਆਂ ਤੇ ਪਹਾੜ ਵਲ ਤੁਰ ਪਏ।

ਬਾਬਾ ਬੰਦਾ ਸਿੰਘ ਬਹਾਦਰ ਨੇ ਸਰਦਾਰ ਗੁਲਾਬ ਸਿੰਘ ਤੇ ਹੋਰ ਸਰਦਾਰਾਂ ਨੂੰ ਨਾਲ ਲੈ ਕੇ ਕਿਲੇ ਦਾ ਮੁਆਇਨਾ ਕੀਤਾ। ਵੈਰੀ ਦਾ ਸਵਾਗਤ ਕਰਨ ਲਈ ਕਿਲੇ ਦੀ ਫਸੀਲ ਤੇ ਤੋਪਾਂ ਬੀੜ ਦਿੱਤੀਆਂ ਗਈਆਂ। ਫੌਜ ਨੂੰ ਵੱਖ-ਵੱਖ ਹਿੱਸਿਆਂ ਵਿਚ ਵੰਡ ਕੇ ਜ਼ਿਮੇਵਾਰੀਆਂ ਸੌਂਪੀਆਂ ਗਈਆ।

'ਬਾਬਾ ਜੀ ਇਕ ਬੇਨਤੀ ਕਰਾਂ।' ਇਕ ਸਰਦਾਰ ਪਦਮ ਸਿੰਘ ਨੇ ਬੜੀ ਨਿਮਰਤਾ ਨਾਲ ਕਿਹਾ।

'ਹੁਕਮ ਕਰੋ ਸਰਦਾਰ ਜੀ!' ਬਾਬਾ ਜੀ ਨੇ ਮੁਸਕਰਾਉਂਦੇ ਹੋਏ ਕਿਹਾ।

'ਬਾਬਾ ਜੀ ਜੇਕਰ ਮੈਨੂੰ ਹੁਕਮ ਦਿਓ ਤਾਂ ਮੈਂ ਸ਼ਾਹੀ ਫੌਜਾਂ ਦਾ ਸਵਾਗਤ ਕਿਲੇ ਤੋਂ ਬਾਹਰ ਜਾ ਕੇ ਕਰਾਂ। ਵੈਰੀ ਦਾ ਹਮਲਾ ਕਿਲੇ ਤੋਂ ਕੁਝ ਕਹੋ ਪਰੇ ਹੀ ਕਿਉਂ ਨਾ ਰੋਕ ਦਿੱਤਾ ਜਾਵੇ।' ਸਰਦਾਰ ਪਦਮ ਸਿੰਘ ਇਸ ਦੀ ਆਗਿਆ ਮੰਗ ਰਹੇ ਸਨ।

'ਹਾਂ, ਸਰਦਾਰਾ ਇਹ ਤਾਂ ਕਰਨਾ ਹੀ ਹੈ, ਵੈਰੀ ਦੇ ਸਵਾਗਤ ਲਈ ਕੁਝ ਤੋਪਾਂ ਭੀ ਅਗੇ ਭੇਜੀਆਂ ਜਾ ਰਹੀਆਂ ਹਨ। ਪੰਜ ਹਜ਼ਾਰ ਫੌਜ ਭੀ ਅਗੇ ਜਾਵੇਗੀ। ਤੁਸੀਂ ਭੀ ਆਪਣਾ ਦਸਤਾ ਲੈ ਜਾਓ। ਕਿਤਨੇ ਜਵਾਨ ਹਨ ਤੁਹਾਡੇ ਪਾਸ?' ਬਾਬਾ ਜੀ ਨੇ ਉਸਨੂੰ ਆਗਿਆ ਦਿੰਦੇ ਹੋਏ ਪੁਛਿਆ।

ਸਰਦਾਰ ਪਦਮ ਸਿੰਘ ਨੇ ਦਸਿਆ ਤੇ ਉਸਨੂੰ ਆਗਿਆ ਮਿਲ ਗਈ। ਹਮਲੇ ਦੇ ਟਾਕਰੇ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ।

ਅਤੇ ਅਗਲੇ ਦਿਨ ਪਹਿਰ ਦੇ ਤੜਕੇ ਤੋਪਾਂ ਦੇ ਮੂੰਹ ਖੁੱਲ ਗਏ ਬਾਦਸ਼ਾਹ ਬਹਾਦਰ ਸ਼ਾਹ ਦੇ ਮੁੱਢਲੀ ਕਾਰਵਾਈ ਲਈ ਮੁਨੀਮ ਖਾਨ ਨੂੰ ਫੌਜ ਦੇ ਕੇ ਭੇਜਿਆ। ਉਸ ਨੂੰ ਕਿਹਾ ਗਿਆ ਸੀ ਕਿ ਉਹ ਹਾਲਾਂ ਕਿਲੇ ਦੇ ਆਲੇ-ਦਵਾਲੇ ਚੱਕਰ ਲਾ ਕੇ ਸਾਰੇ ਹਾਲਾਤ ਦਾ ਜਾਇਜ਼ਾ ਲਵੇ ਤੇ ਅਗਲੇ ਹੁਕਮ ਦੀ ਉਡੀਕ ਕਰੇ। ਉਹ ਫੌਜ ਲੈ ਕੇ ਕਿਲੇ ਵਲ ਵਧਿਆ ਹੀ ਸੀ ਕਿ ਸਿੰਘਾਂ ਦੀਆਂ ਤੋਪਾਂ ਦੇ ਮੂੰਹ ਖੁੱਲ ਗਏ ਤੇ ਉਸ ਦੀਆਂ ਫੌਜਾਂ ਉਹਨਾਂ ਦਾ ਖਾਜਾ ਬਨਣ ਲਗੀਆਂ।

ਉਹਨਾਂ ਵਿਚ ਭਗਦੜ ਮਚ ਗਈ, ਪਰੰਤੂ ਠੀਕ ਇਸ ਸਮੇਂ ਰੁਸਤਮ ਦਿਲ ਖਾਨ ਤਕੜੀ ਫੌਜ ਲੈ ਕੇ ਪੁੱਜ ਗਿਆ ਅਤੇ ਘਮਸਾਨ ਦੀ ਲੜਾਈ ਸ਼ੁਰੂ ਹੋ ਗਈ। ਸਾਰਾ ਦਿਨ ਲੜਾਈ ਹੁੰਦੀ ਰਹੀ, ਲੋਹੇ ਤੇ ਲੋਹਾ ਖੜਕਦਾ ਰਿਹਾ, ਲਾਸ਼ ਤੇ ਲਾਸ਼ ਚੜਦੀ ਗਈ ਦੋਵੇਂ ਧਿਰਾਂ ਬੜੀ ਸੂਰਬੀਰਤਾ ਨਾਲ ਲੜ ਰਹੀਆਂ ਸਨ, ਕਿਸੇ ਨੂੰ ਵੀ ਜਾਨ ਦੀ ਪ੍ਰਵਾਹ ਨਹੀਂ ਸੀ।

ਰਾਤ ਦਾ ਹਨੇਰਾ ਪਸਰ ਗਿਆ ਤੇ ਲੜਾਈ ਬੰਦ ਹੋ ਗਈ। ਦੋਹਾਂ ਪਾਸਿਆਂ ਦੀਆਂ ਫੌਜਾਂ ਪਿੱਛੇ ਹਟ ਗਈਆਂ। ਪਦਮ ਸਿੰਘ ਤੇ ਸੁਲਤਾਨ ਸਿੰਘ ਇਸ ਇਕ ਦਿਨ ਦੀ ਲੜਾਈ ਵਿਚ ਕੋਈ ਢਾਈ ਹਜ਼ਾਰ ਸਿੰਘਾਂ ਸਮੇਤ ਸ਼ਹੀਦ ਹੋਏ। ਹਮਲਾਵਰ ਫੌਜਾਂ ਦਾ ਜਾਨੀ ਨੁਕਸਾਨ ਇਸ ਇਕ ਦਿਨ ਦੀ ਲੜਾਈ ਵਿਚ ਸਿੱਖਾਂ ਦੇ ਮੁਕਾਬਲੇ ਬਹੁਤ ਵਧੇਰੇ ਹੋਇਆ। ਬਾਦਸ਼ਾਹ ਬਹਾਦਰ ਸ਼ਾਹ ਨੂੰ ਬਾਹਰ ਜਾ ਕੇ ਉਸ ਦੇ ਇਕ ਸੂਹੀਏ ਨੇ ਇਹ ਦਸਿਆ ਕਿ ਸ਼ਾਹੀ ਫੌਜ ਨੂੰ ਬਹੁਤ ਮਾਰ ਪੈ ਰਹੀ ਹੈ ਤਾਂ ਉਸ ਦੀਆਂ ਅੱਖਾਂ ਵਿਚ ਹੰਝੂ ਆ ਗਏ ਤੇ ਉਸ ਦੇ ਡੇਰੇ ਵਿਚ ਮਾਤਮ ਛਾ ਗਿਆ। ਸਿੱਖ ਇਸ ਯੁੱਧ ਦੇ ਮੈਦਾਨ ਪਿੱਛੇ ਹਟਦੇ ਹੋਏ ਲੋਹਗੜ ਦੇ ਕਿਲੇ ਵਿਚ ਜਾ ਵੜੇ। ਕਿਲੇ ਵਿਚ ਵੀ ਇਸ ਸਮੇਂ ਚੋਖੀ ਪਰੇਸ਼ਾਨੀ ਤੇ ਘਬਰਾਹਟ ਨਜ਼ਰ ਆ ਰਹੀ ਸੀ।

(੯)

ਕਿਲਾ ਲੋਹਗੜ ਵਿਚ ਲਗਪਗ ਸਾਰੇ ਹੀ ਸਿੱਖ ਸਰਦਾਰ ਇਸ ਰਾਤ ਨੂੰ ਇਕੱਠੇ ਹੋ ਗਏ। ਸਰਹੰਦ ਦੇ ਸੂਬੇਦਾਰ ਸਰਦਾਰ ਬਾਜ ਸਿੰਘ ਮਾਝੇ ਤੇ ਦੁਆਬੇ ਦੇ ਕੁਝ ਸਿੰਘਾਂ ਨੂੰ ਲੈ ਕੇ ਪੁੱਜ ਗਏ, ਬਾਬਾ ਬਿਨੋਦ ਸਿੰਘ, ਸਰਦਾਰ ਸ਼ਾਮ ਸਿੰਘ, ਸਰਦਾਰ ਰਾਮ ਸਿੰਘ ਤੇ ਸਰਦਾਰ ਸੁਖਾ ਸਿੰਘ ਆਦਿ ਸਾਰੇ ਹੀ ਪੁਜ ਗਏ। ਕੀਰਤਨ ਸੋਹਲੇ ਦੇ ਪਾਠ ਪਿਛੋਂ ਇਕ ਬੜਾ ਭਾਰੀ ਦੀਵਾਨ ਕਿਲੇ ਦੇ ਖੁੱਲੇ ਵੇਹੜੇ ਵਿਚ ਸਜਿਆ ਬਾਬਾ ਬੰਦਾ ਸਿੰਘ ਬਹਾਦਰ ਨੇ ਉਸ ਵਿਚ ਭਾਸ਼ਣ ਦੇਂਦੇ ਹੋਏ ਆਖਿਆ—ਜ਼ਿੰਦਗੀ ਵਿਚ ਕੌਮਾਂ ਲਈ ਚੰਗੇ ਮਾੜੇ ਦਿਨ ਆਉਂਦੇ ਹੀ ਰਹਿੰਦੇ ਹਨ।

ਸਦੀਆਂ ਦੀ ਜੰਮੀ ਹੋਈ ਮੁਗਲ ਹਕੂਮਤ ਨੂੰ ਉਲਟਾਉਣ ਲਈ ਵਧੇਰੇ ਸ਼ਕਤੀ ਤੇ ਵਸੀਲੇ ਚਾਹੀਦੇ ਹਨ। ਅਸੀਂ ਆਪਣੀਆਂ ਕੁਰਬਾਨੀਆਂ ਤੇ ਬਹਾਦਰੀਆਂ ਨਾਲ ਇਸ ਨੂੰ ਖੋਖਲੀ ਕਰ ਦਿੱਤਾ ਹੈ, ਇਸ ਦੇ ਥੰਮ ਥਿੜਕਾ ਦਿੱਤੇ ਹਨ। ਦੀਵਾ ਬੁਝਣ ਤੋਂ ਪਹਿਲਾਂ ਟਿਮਟਿਮਾ ਰਿਹਾ ਹੈ, ਹੁਣ ਅਸਾਡੀ ਇਕੋ ਫੂਕ ਨਾਲ ਇਹ ਹਮੇਸ਼ਾ ਲਈ ਬੁਝ ਜਾਵੇਗੀ।'

ਬਾਬਾ ਬੰਦਾ ਸਿੰਘ ਬਹਾਦਰ ਦੇ ਇਹਨਾਂ ਸ਼ਬਦਾਂ ਨਾਲ ਸਿੰਘਾਂ ਵਿਚ ਨਵਾਂ ਜੋਸ਼ ਤੇ ਉਤਸ਼ਾਹ ਉਭਰ ਆਇਆ। 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਜੈਕਾਰੇ ਗੂੰਜਣ ਲੱਗੇ। ਪੰਥ ਦੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਜ਼ਿੰਦਾਬਾਦ ਦੇ ਨਾਅਰੇ ਭੀ ਸੁਣਾਈ ਦੇ ਰਹੇ ਸਨ।

ਬਾਬਾ ਜੀ ਇਹਨਾਂ ਜੈਕਾਰਿਆਂ ਤੇ ਨਾਹਰਿਆਂ ਦੇ ਦੌਰਾਨ ਵਿਚ ਕੁਝ ਮਿੰਟ ਚੁੱਪ ਰਹੇ। ਫੇਰ ਉਹਨਾਂ ਕਹਿਣਾ ਸ਼ੁਰੂ ਕੀਤਾ—ਇਸ ਸਮੇਂ ਕਲਗੀਆਂ ਬਾਜਾਂ ਵਾਲਾ ਸਤਿਗੁਰੂ ਅਸਾਡਾ ਨਵਾਂ ਇਮਤਿਹਾਨ ਲੈ ਰਿਹਾ ਹੈ, ਮਰਦੀ ਹੋਈ ਮੁਗਲ ਹਕੂਮਤ ਨੇ ਸਾਰੀ ਆਪਣੀ ਸ਼ਕਤੀ ਇਕੱਠੀ ਕਰਕੇ ਅਸਾਡੇ 'ਤੇ ਹਮਲਾ ਕਰ ਦਿੱਤਾ ਹੈ।

ਅਸਾਨੂੰ ਸਰਹੰਦ 'ਤੇ ਜਿਤੇ ਹੋਏ ਕੁਝ ਹੋਰ ਇਲਾਕੇ ਖਾਲੀ ਕਰਨ ਲਈ ਮਜ਼ਬੂਰ ਹੋਣਾ ਪਿਆ ਹੈ। ਅਸਾਡੇ ਹਜ਼ਾਰਾਂ ਸਿੰਘ ਸ਼ਹਾਦਤ ਦਾ ਜਾਮ ਪੀ ਕੇ ਕਲਗੀਆਂ ਵਾਲੇ ਪਿਤਾ ਦੀ ਨਿੱਘੀ ਗੋਦੀ ਵਿਚ ਜਾ ਬੈਠੇ ਹਨ।

ਭਰਾਵੋ, ਮੈਂ ਤੁਹਾਨੂੰ ਕਿਸੇ ਭੁਲੇਖੇ ਵਿਚ ਨਹੀਂ ਰੱਖਦਾ ਅੱਜ ਦੀ ਲੜਾਈ ਵਿਚ ਜੇਕਰ ਅਸੀਂ ਵੈਰੀ ਨੂੰ ਇਤਨੀ ਮਾਰ ਮਾਰੀ ਹੈ ਕਿ ਉਹ ਕਦੇ ਭੁਲ ਨਹੀਂ ਸਕੇਗਾ। ਅਸੀਂ ਸਿੱਖਾਂ ਦੀ ਬਹਾਦਰੀ ਦਾ ਲੋਹਾ ਇਕ ਵਾਰ ਫੇਰ ਉਸ ਨੂੰ ਵਿਖਾ ਦਿੱਤਾ ਹੈ।

ਪਰੰਤੂ ਜੇਕਰ ਮੈਂ ਇਹ ਕਹਾਂ ਕਿ ਅਸਾਡਾ ਕੋਈ ਨੁਕਸਾਨ ਨਹੀਂ ਹੋਇਆ ਤਾਂ ਇਹ ਨਿਰੋਲ ਝੂਠ ਹੋਵੇਗਾ। ਕਲਗੀਆਂ ਵਾਲੇ ਸਤਿਗੁਰੂ ਦਾ ਕੋਈ ਭੀ ਸਿੰਘ ਕਦੇ ਝੂਠ ਨਹੀਂ ਬੋਲ ਸਕਦਾ।

(ਚਲਦਾ...)

## ਕਿਸਾਨਾਂ ਦੇ ਮੋਰਚੇ ਤੇ ਧਰਮ...

ਬਿਨਾਂ ਸ਼ੱਕ ਉਸਦਾ ਆਚਰਣ ਇਮਾਨਦਾਰੀ ਵਾਲਾ ਸੀ। ਇਸ ਵਿਚ ਵੀ ਕੋਈ ਸ਼ੱਕ ਨਹੀਂ ਉਹ ਸਾਰੇ ਸਨਮਾਨਯੋਗ ਬੰਦੇ ਸਨ। ਪਰ ਇਮਾਨਦਾਰੀ ਦਾ ਪਤਾ ਵਿੱਤੀ ਸਾਧਨਾਂ ਤੋਂ ਲਗਦਾ ਹੈ। 23 ਜੂਨ, 2015 ਨੂੰ ਪੰਜਾਬੀ ਟ੍ਰਿਬਿਊਨ ਦੇ ਪਹਿਲੇ ਸਫ਼ੇ ਉਪਰ ਇਕ ਖ਼ਬਰ ਛਪੀ ਕਿ 'ਲੱਖੋਵਾਲ ਦੀ ਜਾਇਦਾਦ ਸੱਤ ਸਾਲਾਂ ਵਿਚ ਤਿੰਨ ਕਰੋੜ ਰੁਪਏ ਹੋਈ। ਉਸ ਲਈ ਸੱਤ ਲਗਜ਼ਰੀ ਕਾਰਾਂ ਖਰੀਦੀਆਂ ਗਈਆਂ। ਉਸ ਨੇ ਆਪਣੇ ਪਿੰਡ ਦੇ ਘਰ ਦਾ ਕਿਰਾਇਆ ਲਿਆ'। ਅਕਤੂਬਰ 2007 ਤੋਂ ਲੈ ਕੇ ਫਰਵਰੀ 2013 ਤੱਕ ਉਸ ਦੀ ਗੱਡੀ ਹਰ ਰੋਜ਼ 308 ਕਿਲੋਮੀਟਰ ਦੌੜੀ। ਉਸ ਦਾ ਗੱਡੀ ਦਾ ਖਰਚਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਰਹੂਮ ਪ੍ਰਧਾਨ ਅਵਤਾਰ ਸਿੰਘ ਮੱਕੜ ਜਿੰਨਾਂ ਹੈ, ਜੋ ਕਿ ਕਮੇਟੀ ਨੇ ਹੀ ਅਦਾ ਕੀਤਾ। ਕੀ ਅਸੀਂ ਇਸ ਗੱਲ ਦਾ ਅੰਦਾਜ਼ਾ ਲਾ ਸਕਦੇ ਹਾਂ ਕਿ ਸਾਡੇ ਆਗੂਆਂ ਜੋ ਪੰਜਾਬ ਅਤੇ ਪੰਜਾਬੀ ਨੂੰ ਖੋਰਾ ਲਾ ਰਹੇ ਹਨ, ਨੂੰ ਲੋਕ ਗੰਭੀਰਤਾ ਨਾਲ ਕਿਉਂ ਨਹੀਂ ਲੈਂਦੇ। ਇਸ ਲੇਖ ਨੂੰ ਪੜ ਪਾਠਕ ਸਾਡੀ ਲੀਡਰਸ਼ਿਪ ਦੀ ਗੁਣਵੱਤਾ ਨੂੰ ਵਧੀਆ ਅਤੇ ਢੁਕਵੇਂ ਰੂਪ ਵਿਚ ਅੰਦਾਜਾ ਲਾਉਣ ਦੇ ਯੋਗ ਹੋ ਜਾਣਗੇ। ਕਿਸਾਨਾਂ ਦੇ ਮੋਰਚੇ ਅਤੇ ਧਰਮ ਯੁੱਧ ਮੋਰਚੇ ਦੀ ਨਾਕਾਮਯਾਬੀ ਮਹਾਂ-ਵਿਉਂਤਕਾਰ ਵਲੋਂ ਬਣਾਈ ਵਿਉਂਤ ਨਾਲ ਜੁੜੀ ਹੈ। ਇਸ ਮਹਾਂ-ਵਿਉਂਤਕਾਰ ਵਾਸਤੇ, ਇਹ ਵਡੇਰਾ ਕਾਰਨਾਮਾ ਕਰਨ ਦਾ ਵਸੀਲਾ ਸੀ। ਉਪਰ ਦਿੱਤਾ ਗਿਆ ਲੀਡਰਸ਼ਿਪ ਦੀ ਇਸ ਕਿਸਮ ਦਾ ਸਿਰਫ ਇਕ ਨਮੂਨਾ ਸੀ, ਜਿਹਨਾਂ ਦਾ ਟੋਆ ਪੁੱਟਣ ਵਿਚ ਆਪਾਂ ਯੋਗ ਹੋਏ। ਉਸ ਤੋਂ ਬਾਅਦ ਵਾਪਰੇ ਘਟਨਾਚੱਕਰ ਇਹ ਦਰਸਾਉਂਦੇ ਹਨ ਕਿ ਸਾਡੇ ਆਗੂਆਂ ਅਤੇ ਉਨਾਂ ਦੇ 'ਵਿਰੋਧੀਆਂ' ਵਲੋਂ ਆਪਸੀ ਸਹਿਮਤੀ ਨਾਲ ਜੋ ਖੇਡ ਖੇਡੀ ਜਾ ਰਹੀ ਸੀ, ਉਸ ਪ੍ਰਤੀ ਅਸੀਂ ਪੰਜਾਬੀ ਬੇਧਿਆਨੇ ਰਹੇ।

## ਅਜ਼ਰਬੇਜ਼ਾਨ ਅਤੇ ਅਰਮੀਨੀਆ..

ਫਰਾਂਸ ਨੇ ਵੀ ਜੰਗ ਰੋਕ ਕੇ ਗੱਲਬਾਤ ਕਰਨ ਦੀ ਸਲਾਹ ਦਿੱਤੀ ਹੈ। ਦੋਵਾਂ ਦੇਸ਼ਾਂ ਨਾਲ ਸਾਂਝੀ ਹੱਦ ਵਾਲੇ ਇਰਾਨ ਨੇ ਦੋਵਾਂ ਦੇਸ਼ਾਂ ਦਰਮਿਆਨ ਗੱਲਬਾਤ ਲਈ ਵਿਚੋਲਗੀ ਕਰਨ ਦਾ ਸੱਦਾ ਦਿੱਤਾ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਅਮਰੀਕਾ ਚਾਹੁੰਦਾ ਹੈ ਕਿ ਦੋਵਾਂ ਦੇਸ਼ਾਂ ਦਰਮਿਆਨ ਜੰਗ ਰੁਕ ਜਾਵੇ।

ਨਾਗੋਰਨੋ-ਕਾਰਾਬਾਖ ਇਲਾਕੇ ਵਿਚ ਬਾਗੀਆਂ ਦੇ ਇਲਾਕੇ ਵਿਚ ਹਮਲੇ ਤੋਂ ਇਹ ਜੰਗ ਮਘੀ ਹੈ। ਬਾਗੀਆਂ ਨੇ ਦੱਸਿਆ ਕਿ ਅਰਮੀਨੀਆ ਦੇ ਹਮਲੇ ਵਿਚ 18 ਲੋਕ ਮਾਰੇ ਗਏ ਜਿਹਨਾਂ ਵਿਚ ਉਹਨਾਂ ਦੇ 16 ਜਵਾਨ, ਇਕ ਔਰਤ ਅਤੇ ਇਕ ਬੱਚਾ ਸ਼ਾਮਲ ਹਨ ਜਦਕਿ 100 ਦੇ ਕਰੀਬ ਲੋਕ ਜ਼ਖ਼ਮੀ ਹੋਏ। ਅਰਮੀਨੀਆ ਨੇ ਅਜ਼ਰਬੇਜ਼ਾਨ ਦੇ ਦੋ ਹੈਲੀਕਾਪਟਰ ਅਤੇ ਤਿੰਨ ਡਰੋਨ ਸੁੱਟਣ ਦਾ ਦਾਅਵਾ ਕੀਤਾ ਹੈ ਅਤੇ ਤਿੰਨ ਟੈਂਕ ਤਬਾਹ ਕਰਨ ਦਾ ਦਾਅਵਾ ਕੀਤਾ ਹੈ। ਅਜ਼ਰਬੇਜ਼ਾਨ ਦੇ ਰੱਖਿਆ ਮੰਤਰੀ ਨੇ ਇਕ ਹੈਲੀਕਾਪਟਰ ਦੇ ਤਬਾਹ ਹੋਣ ਦੀ ਗੱਲ ਮੰਨਦਿਆਂ ਕਿਹਾ ਕਿ ਅਰਮੀਨੀਆ ਦੇ 12 ਏਅਰ ਡਿਫੈਂਸ ਸਿਸਟਮ ਤਬਾਹ ਕਰ ਦਿੱਤੇ ਗਏ ਹਨ। ਨਾਗੋਰਨੋ-ਕਾਰਾਬਾਖ ਇਲਾਕਾ ਇਕ ਪਹਾੜੀ ਇਲਾਕਾ ਹੈ ਜਿਸਦਾ ਖੇਤਰਫਲ 4400 ਵਰਗ ਕਿਲੋਮੀਟਰ ਹੈ। ਇੱਥੇ ਮੁੱਖ ਅਬਾਦੀ ਤੁਰਕ ਮੁਸਲਮਾਨਾਂ ਅਤੇ ਇਸਾਈ ਅਰਮੀਨੀਅਨਾਂ ਦੀ ਹੈ। ਸੋਵੀਅਤ ਯੂਨੀਅਨ ਦੇ ਸਮੇਂ ਇਹ ਇਲਾਕਾ ਅਜ਼ਰਬੇਜ਼ਾਨ ਵਿਚ ਇਕ ਖੁਦਮੁਖਤਿਆਰ ਇਲਾਕਾ ਸੀ। ਕੌਮਾਂਤਰੀ ਮਾਨਤਾ ਮੁਤਾਬਕ ਇਸ ਨੂੰ ਹੁਣ ਅਜ਼ਰਬੇਜ਼ਾਨ ਦਾ ਇਲਾਕਾ ਮੰਨ ਲਿਆ ਗਿਆ ਹੈ।

## ਭਾਜਪਾ ਦਾ ਪ੍ਰਭਾਵਸ਼ਾਲੀ ਖੇਤਰੀ..

ਢੀਂਡਸਾ ਨੇ ਕਿਹਾ ਕਿ ਕਿਸਾਨਾਂ ਦੇ ਰੋਹ ਦੇ ਡਰੋਂ ਅਤੇ ਦਬਾਅ ਵਿਚ ਅਕਾਲੀ ਦਲ ਨੇ ਐੱਨਡੀਏ 'ਚੋਂ ਬਾਹਰ ਆਉਣ ਦਾ ਫ਼ੈਸਲਾ ਕੀਤਾ ਹੈ। ਅਕਾਲੀ ਦਲ ਦੇ ਅੰਦਰੋਂ ਵੀ ਲੀਡਰ ਔਖੇ ਹਨ ਅਤੇ ਹੌਲੀ ਹੌਲੀ ਸੁਖਬੀਰ ਦੀਆਂ ਨੀਤੀਆਂ ਤੋਂ ਤੰਗ ਆ ਕੇ ਸਭ ਆਗੂ ਛੱਡ ਜਾਣਗੇ।

**ਅਕਾਲੀ ਦਲ ਨੇ ਗੱਠਜੋੜ ਤੋੜ ਕੇ ਗਲਤੀ ਕੀਤੀ : ਮਿੱਤਲ**

ਭਾਜਪਾ ਦੇ ਸੀਨੀਅਰ ਆਗੂ ਮਦਨ ਮੋਹਨ ਮਿੱਤਲ ਨੇ ਕਿਹਾ ਕਿ ਵਿਸ਼ਵ ਪੱਧਰ 'ਤੇ ਹਿੰਦੂ-ਸਿੱਖ ਭਾਈਚਾਰਕ ਏਕਤਾ ਦਾ ਸੁਨੇਹਾ ਦੇਣ ਵਾਲੇ ਤੇ 23 ਸਾਲ ਪੁਰਾਣੇ ਅਕਾਲੀ-ਭਾਜਪਾ ਗੱਠਜੋੜ ਨੂੰ ਹੋਂਦ 'ਚ ਲਿਆਉਣ ਵਾਲੇ ਬਾਨੀਆਂ ਸਣੇ ਸਮੁੱਚੀ ਸੀਨੀਅਰ ਲੀਡਰਸ਼ਿਪ ਨੂੰ ਅਣਗੌਲਿਆ ਕਰਕੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਮਝੌਤਾ ਤੋੜਨ ਦਾ ਫ਼ੈਸਲਾ ਲੈ ਕੇ ਇਤਿਹਾਸਕ ਭੁੱਲ ਕੀਤੀ ਹੈ ਜਿਸ ਕਰਕੇ ਹੁਣ ਸੁਖਬੀਰ ਨੂੰ ਸ਼੍ਰੋਮਣੀ ਅਕਾਲੀ ਦਲ ਨੂੰ ਨਿਘਾਰ ਤੱਕ ਲੈ ਜਾਣ ਵਾਲਿਆਂ ਕਰਕੇ ਜਾਣਿਆ ਜਾਵੇਗਾ।

ਸ੍ਰੀ ਮਿੱਤਲ ਨੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਗੱਠਜੋੜ ਦੇ ਬਾਨੀਆਂ ਵਿੱਚੋਂ ਜਾਣੇ ਜਾਂਦੇ ਹਨ ਪਰ ਇਸ ਇਤਿਹਾਸਕ ਗੱਠਜੋੜ ਨੂੰ ਤੋੜਨ ਲੱਗਿਆਂ ਪ੍ਰਕਾਸ਼ ਸਿੰਘ ਬਾਦਲ ਦੀ ਵੀ ਰਾਏ ਨਹੀਂ ਲਈ ਗਈ। ਇਸ ਤੋਂ ਇਲਾਵਾ ਸੀਨੀਅਰ ਲੀਡਰਸ਼ਿਪ ਜਥੇਦਾਰ ਤੋਤਾ ਸਿੰਘ, ਨਿਰਮਲ ਸਿੰਘ ਕਾਹਲੋਂ ਵਰਗੇ ਤਜਰਬੇਕਾਰ ਅਕਾਲੀਆਂ ਨੂੰ ਵੀ ਪੁੱਛਣਾ ਜ਼ਰੂਰੀ ਨਹੀਂ ਸਮਝਿਆ ਗਿਆ। ਸੂਬੇ 'ਚ ਹੁਣ ਭਾਰਤੀ ਜਨਤਾ ਪਾਰਟੀ ਹਿੰਦੂ ਸਿੱਖ ਭਾਈਚਾਰਕ ਸਾਂਝ ਨੂੰ ਕਾਇਮ ਰੱਖਦੇ ਹੋਏ ਇੱਕ ਸੌ ਸਤਾਰਾਂ ਸੀਟਾਂ 'ਤੇ ਵਿਧਾਨ ਸਭਾ ਚੋਣਾਂ ਹੀ ਨਹੀਂ ਲੜੇਗੀ ਬਲਕਿ ਪੰਜਾਬ ਦੀ ਤਰੱਕੀ ਤੇ ਕਿਸਾਨਾਂ ਦੀ ਆਮਦਨ ਨੂੰ ਦੁੱਗਣੀ ਕਰਨ ਲਈ ਡਟ ਕੇ ਪਹਿਰਾ ਦੇਵੇਗੀ ਤਾਂ ਜੋ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਖੁਸ਼ਹਾਲ ਕੀਤਾ ਜਾ ਸਕੇ।

## 'ਸਿੰਘ ਸਭਾ ਲਹਿਰ'

ਸਭਾ ਵਿਚ ਦਿੱਤਾ ਰਾਮ (ਗਿਆਨੀ ਦਿੱਤ ਸਿੰਘ) ਤੇ ਸ. ਜਵਾਹਰ ਸਿੰਘ ਜੋ ਪਹਿਲਾਂ ਆਰੀਆ ਸਮਾਜ ਦੇ ਪ੍ਰਚਾਰਕ ਸਨ ਤੋਂ ਵੱਖ ਹੋ ਕੇ ਭਾਈ ਗੁਰਮੁਖ ਸਿੰਘ ਜੀ ਨਾਲ ਆਣ ਰਲੇ। ਜਿਨਾਂ ਨੇ ਸਭਾ ਦੀ ਉਨੱਤੀ ਲਈ ਅਤੇ ਗੁਰਮਤਿ ਪ੍ਰਚਾਰ ਦਾ ਬਹੁਤ ਕੰਮ ਕੀਤਾ। ਪਰ ਸਮੱਸਿਆ ਫਿਰ ਵੀ ਹੱਲ ਨਾ ਹੋ ਸਕੀ। ਸੰਨ. 1883 ਵਿਚ ਵੱਡੀ ਸਭਾ ਕਾਇਮ ਕਰਨ ਦੇ ਯਤਨ ਕੀਤੇ ਗਏ। ਬਸੰਤ ਪੰਚਮੀ ਨੂੰ ਦੋਹਾਂ ਸਭਾਵਾਂ ਨੂੰ ਨਵਾਂ ਨਾਉਂ ਦੇ ਕੇ 'ਖ਼ਾਲਸਾ ਦੀਵਾਨ ਅੰਮ੍ਰਿਤਸਰ' ਬਣਾ ਦਿੱਤਾ ਗਿਆ। ਭਾਵੇਂ ਸਭਾਵਾਂ ਦਾ ਆਪਸੀ ਤਾਲਮੇਲ ਨਾ ਬਣ ਸਕਿਆ, ਪਰ ਸਿੱਖ ਪੰਥ ਵਿਚ ਨਵਾਂ ਜੋਸ਼ ਅਤੇ ਮਰਯਾਦਾ ਕਾਇਮ ਰੱਖਣ ਲਈ ਜੋ ਹੁਲਾਰਾ ਮਿਲਿਆ, ਉਹ ਅੱਜ ਵੀ ਸਿੱਖ ਪੰਥ ਦੀ ਬੁਨਿਆਦ ਹੈ।

ਅੰਤਿਕਾ : ਇਸ ਜਾਰੀ ਸਫ਼ਰ ਵਿਚ ਬੜੇ ਪੜਾਅ ਆਏ ਅਤੇ ਸਿੱਖੀ ਬਹਾਲ ਕਰਨ ਦੀ ਮੰਜ਼ਲ ਤੱਕ ਅੱਪੜੇ। ਜਿਵੇਂ 'ਖ਼ਾਲਸਾ ਦੀਵਾਨ ਅੰਮ੍ਰਿਤਸਰ' ਤੋਂ ਬਾਅਦ 'ਖ਼ਾਲਸਾ ਦਿਵਾਨ ਲਾਹੌਰ', ਚੀਫ਼ ਖ਼ਾਲਸਾ ਦੀਵਾਨ, ਅਕਾਲੀ ਲਹਿਰ ਨੇ ਗੁਰਧਾਮਾਂ ਦੀ ਪਵਿੱਤਰਤਾ ਲਈ ਕਈ ਮੋਰਚੇ ਲਾਏ। ਕਈ ਸਾਕੇ ਵਾਪਰੇ, ਅਣਮਨੁੱਖੀ ਤਸ਼ੱਦਦ ਸਿੱਖ ਕੌਮ ਨੇ ਸਹੇ। ਭਾਣਾ ਮੰਨਣ ਅਤੇ ਸਬਰ ਵਿਚ ਰਹਿ ਕੇ ਚੜਦੀ ਕਲਾ ਦਾ ਸਬੂਤ ਸੰਸਾਰ ਵਿਚ ਕਾਇਮ ਕੀਤਾ। ਤਦ ਗੁਰਦੁਆਰਾ ਐਕਟ 1925 ਪਾਸ ਹੋਇਆ। ਦਸੰਬਰ 4, 1926 ਨੂੰ ਗੁਰਦੁਆਰਾ ਪ੍ਰਬੰਧ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਹੇਠ ਆਇਆ।

ਇਹ ਇਕ ਵੱਖਰਾ ਵਿਸ਼ਾ ਹੈ.........

## ਨਵੀਂ ਸਵੇਰ

ਸਰਕਾਰੀਆਂ ਦੀ ਡਿਊਟੀ ਪਤਾ ਨਹੀਂ ਤਾਂ ਹੀ ਲਾ ਦਿੰਦੇ ਨੇ ਕਿ ਕੋਈ ਲੋਕਾਂ ਦੀਆਂ ਅੱਖਾਂ ਹੀ ਨਾ ਖੋਲ ਦੇਵੇ ਕਿਤੇ। ਜੱਗੇ ਨੂੰ ਅੰਦਰੋਂ ਚੰਗਾ ਮਹਿਸੂਸ ਹੋ ਰਿਹਾ ਸੀ। ਤਿੰਨੇ ਜਣੇ ਹੱਸ ਪਏ।

ਚਲੋ ਕੱਲ ਨੂੰ ਦੇਖਦੇ ਆਂ ਕੀ ਬਣਦੈ। ਹਰਦੇਵ ਸਿੰਘ ਨੇ ਕਿਹਾ।

ਘਰ ਆ ਕੇ ਹਰਦੇਵ ਸਿੰਘ ਵਿਕਰਮ ਬਾਰੇ ਸੋਚ ਰਿਹਾ ਸੀ। ਕਿੰਨੀਆਂ ਸੱਚੀਆਂ ਗੱਲਾਂ ਕੀਤੀਆਂ ਉਸ ਨੇ। ਇਹੋ ਜਿਹੇ ਸਿਆਣੇ ਪੜੇ-ਲਿਖਿਆਂ ਅੱਗੇ ਬੁਰਾਈਆਂ ਕਿਵੇਂ ਟਿਕ ਸਕਦੀਆਂ ਨੇ, ਜੀਹਨੇ ਮੇਰੇ ਵਰਗੇ ਨੂੰ ਹਿਲਾ ਕੇ ਰੱਖ ਦਿੱਤਾ। ਉਸ ਦਾ ਜੀਅ ਕੀਤਾ ਕਿ ਉਸ ਦਾ ਪੁੱਤਰ ਵੀ ਵੱਡਾ ਹੋ ਕੇ ਵਿਕਰਮ ਵਰਗਾ ਬਣੇ। ਇਹ ਰਾਤ ਤਾਂ ਉਹ ਵੋਟਾਂ ਦੇ ਭੁਗਤਾਨ ਬਾਰੇ ਸੋਚਦਾ ਹੁੰਦਾ ਸੀ, ਪਰ ਅੱਜ ਵਿਕਰਮ ਦੀਆਂ ਕੀਤੀਆਂ ਗੱਲਾਂ ਉਸ ਨੂੰ ਸਕੂਨ ਦੇ ਰਹੀਆਂ ਸਨ। ਨੀਂਦ ਤਾਂ ਉਸ ਦੀਆਂ ਅੱਖਾਂ ਦੇ ਕਿਤੇ ਨੇੜੇ-ਤੇੜੇ ਵੀ ਨਹੀਂ ਸੀ। ਉੱਧਰ ਜੱਗੇ ਦਾ ਵੀ ਇਹੀ ਹਾਲ ਸੀ। ਵਿਕਰਮ ਉਸ ਤੋਂ ਛੋਟਾ ਸੀ, ਪਰ ਅੰਤਾਂ ਦੀ ਸਿਆਣਪ ਸੀ ਉਸ ਵਿੱਚ। 'ਜੇ ਕਿਤੇ ਮੈਂ ਵੀ ਪੜਾਈ ਅੱਧ ਵਿਚਾਲੇ ਨਾ ਛੱਡੀ ਹੁੰਦੀ ...। ਇਹ ਸੋਚਦਿਆਂ ਪਤਾ ਨਹੀਂ ਕਿਹੜੇ ਵੇਲੇ ਉਸ ਦੀ ਅੱਖ ਲੱਗ ਗਈ। ਦੂਸਰੇ ਦਿਨ ਲੋਕ ਵੋਟਾਂ ਪਾ ਰਹੇ ਸਨ, ਪਰ ਕਿਧਰੇ ਕੋਈ ਬਹੁਤਾ ਰੌਲਾ ਨਹੀਂ ਸੀ।

ਖੂਹ ਵਰਗੀ ਚੁੱਪ ਛਾਈ ਹੋਈ ਸੀ। ਹਰਦੇਵ ਸਿੰਘ ਨੇ ਜੱਗੇ ਕੋਲ ਜਾ ਕੇ ਕਿਹਾ, ਐਤਕੀਂ ਜੋ ਹੋਣਾ ਤੀ ਹੋ ਗਿਆ, ਅਗਲੀ ਵਾਰ ਬੰਦਾ ਦੇਖ ਕੇ ਨਾਲ ਖੜਿਆ ਕਰਾਂਗੇ। ਜੱਗੇ ਨੇ ਵੀ ਹਾਮੀ ਭਰੀ।

ਐਤਕੀਂ ਵੋਟਾਂ ਦਾ ਕੁਛ ਨੀ ਪਤਾ ਲੱਗਦਾ ਕਿੱਧਰ ਨੂੰ ਭੁਗਤ ਰਹੀਆਂ ਨੇ। ਚੁੱਪ-ਚੁੱਪੀਤੀ ਵੋਟ ਨੁਕਸਾਨ ਤਾਂ ਕਰ ਸਕਦੀ ਐ ਪਰ ਹਰਾ ਨਹੀਂ ਸਕਦੀ ਆਪਣੇ ਆਲਿਆਂ ਨੂੰ।

ਸ਼ਾਮ ਨੂੰ ਜਲੂਸ ਕੱਢਣੈ ਜਿੱਤ ਕੇ ... ਜੀਪ ਸ਼ਿੰਗਾਰ ਕੇ ਖੜਾ ਰੱਖੀ ਐ। ਦਾਰੂ ਤੋਂ ਬਿਨਾਂ ਹੋਰ ਨਸ਼ੇ ਪੱਤੇ ਦਾ ਵੀ ਇੰਤਜਾਮ ਕਰ ਰੱਖਿਆ। ਹੁਣ ਤਾਂ ਸਾਰਾ ਕੁਛ ਗਲਤ ਜਿਹਾ ਲੱਗ ਰਿਹੈ ਮੈਨੂੰ ਤਾਂ ...। ਵਿਕਰਮ ਕਿੱਥੇ ਐ ? ਹਰਦੇਵ ਸਿੰਘ ਨੇ ਪੁੱਛਿਆ।

ਉਹ ਚਲਿਆ ਗਿਆ ਤੜਕੇ, ਮੈਂ ਬਥੇਰਾ ਕਿਹਾ ਸੀ ਰਹਿਣ ਨੂੰ। ਜੱਗਾ ਤੇ ਹਰਦੇਵ ਦੱਬਵੀਂ ਸੁਰ ਵਿੱਚ ਗੱਲਾਂ ਕਰ ਰਹੇ ਸਨ। ਸ਼ਾਮ ਹੋ ਚੁੱਕੀ ਸੀ। ਲਾਲ ਸਿੰਘ ਦੇ ਘਰ ਦੀਆਂ ਔਰਤਾਂ ਨੂੰ ਧੁੜਕੂ ਲੱਗਿਆ ਪਿਆ ਸੀ ਕਿਉਂਕਿ ਜਿੱਤਣ ਤੋਂ ਬਾਅਦ ਮੀਟ ਸ਼ਰਾਬਾਂ, ਪਤਾ ਨਹੀਂ ਹੋਰ ਕੀ ਕੁਝ ਖਾਧਾ ਪੀਤਾ ਜਾਵੇਗਾ।

ਹੋ ਸਕਦਾ ਹੈ ਕਿਸੇ ਨਵੇਂ ਮੁੰਡੇ ਨੂੰ ਨਵੇਂ ਨਸ਼ੇ ਦਾ ਸੁਆਦ ਚਖਾਇਆ ਜਾਵੇ ਤੇ ਕਿਸੇ ਹੋਰ ਘਰ ਨੂੰ ਪੱਟਣ ਦੀ ਸ਼ੁਰੂਆਤ ਹੋਵੇ। ਹੇ ਵਾਹਿਗੁਰੂ ਸੁਖ ਰੱਖੀਂ। ਸਾਰਾ ਦਿਨ ਇਸੇ ਤਰਾਂ ਹੱਥ ਜੋੜਦਿਆਂ ਲੰਘਿਆ ਉਨਾਂ ਦਾ।

ਸਕੂਲ ਵਾਲੇ ਪਾਸਿਓਂ ਮੁੰਡੀਹਰ ਦੀਆਂ ਚੀਕਾਂ, ਕਿਲਕਾਰੀਆਂ ਦੀ ਲਹਿਰ ਉੱਠੀ ਤੇ ਪਲਾਂ ਵਿੱਚ ਹੀ ਸ਼ਾਂਤ ਹੋ ਗਈ। ਸਾਰੇ ਲੋਕਾਂ ਵਿੱਚ ਕੁਰਬਲ ਕੁਰਬਲ ਸ਼ੁਰੂ ਹੋਈ। ਕਹਿੰਦੇ ਨੇ ਨਵਾਂ ਮੁੰਡਾ ਹਰਜੀਤ ਫਸਵੀਂ ਟੱਕਰ ਦੇ ਗਿਆ ਲਾਲ ਸਿੰਘ ਨੂੰ, ਗਿਣਤੀ ਦੁਬਾਰਾ ਹੋਵੇਗੀ। ਹਰਜੀਤ ਦੀਆਂ ਇੱਕ ਜਾਂ ਦੋ ਵੋਟਾਂ ਵਧ ਗਈਆਂ। ਲਾਲ ਸਿੰਘ ਤਾਂ ਆਪਣੇ ਪੱਖ ਦੇ ਪੰਚ ਵੀ ਨਹੀਂ ਜਿਤਾ ਸਕਿਆ। ਗਿਣਤੀ ਦੋ ਵਾਰ ਹੋਈ, ਰੱਦ ਕੀਤੀਆਂ ਵੋਟਾਂ ਵਾਲੀਆਂ ਪਰਚੀਆਂ ਵੀ ਘੋਖ ਘੋਖ ਕੇ ਦੇਖੀਆਂ ਗਈਆਂ, ਪਰ ਨਤੀਜਾ ਉਹੀ। ਲਾਲ ਸਿੰਘ ਬੌਖਲਾ ਗਿਆ ਤੀਜੀ ਵਾਰ ਗਿਣਤੀ ਲਈ ਕਹਿਣ ਲੱਗਾ। ਡਿਊਟੀ ਵਾਲੇ ਅਮਲੇ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਆਪਣੀ ਜ਼ਿੱਦ 'ਤੇ ਅੜ ਗਿਆ।

ਆਹ ਲਓ ਜੀ, ਏ. ਡੀ. ਸੀ. ਸਾਬ ਨਾਲ ਗੱਲ ਕਰੋ। ਲਾਲ ਸਿੰਘ ਨੇ ਫੋਨ ਪ੍ਰੀਜ਼ਾਈਡਿੰਗ ਅਫਸਰ ਦੇ ਕੰਨ ਨਾਲ ਲਾਉਣ ਦੀ ਕੋਸ਼ਿਸ਼ ਕੀਤੀ। ਉਨਾਂ ਗੱਲ ਕਰਨ ਤੋਂ ਨਾਂਹ ਕਰ ਦਿੱਤੀ। ਕੁਝ ਪਲਾਂ ਬਾਅਦ ਹੀ ਪ੍ਰੀਜ਼ਾਈਡਿੰਗ ਅਫਸਰ ਨੂੰ ਫੋਨ ਆਇਆ। ਮੈਂ ਏ.ਡੀ.ਸੀ. ਬੋਲਦਾਂ ਲਾਲ ਸਿੰਘ ਦੀ ਵੋਟ ਵਧਾ ਦਿਓ। ਉੱਧਰੋਂ ਆਵਾਜ਼ ਆਈ। ਪ੍ਰੀਜ਼ਾਈਡਿੰਗ ਅਫਸਰ ਨੇ ਡਿਊਟੀ ਅਧਿਆਪਕਾਂ ਨੂੰ ਦੱਸਿਆ।

ਵੈਸੇ ਵੀ ਇਹ ਲੋਕ ਬੜੇ ਤਿਕੜਮਬਾਜ਼ ਹੁੰਦੇ ਨੇ, ਕਿਸੇ ਹੋਰ ਤੋਂ ਕਰਵਾ 'ਤਾ ਹੋਣਾ ਫੋਨ। ਇੱਕ ਅਧਿਆਪਕ ਨੇ ਕਿਹਾ।

ਜੋ ਮਰਜ਼ੀ ਕਹੀ ਜਾਣ, ਨਤੀਜਾ ਉਹੀ ਰਹੇਗਾ, ਜੋ ਹੈ। ਸਾਰੀ ਟੀਮ ਦੀ ਸਹਿਮਤੀ ਸੀ ਇਸ ਗੱਲ 'ਤੇ। ਤੀਜੀ ਵਾਰ ਗਿਣਤੀ ਹੋਣ 'ਤੇ ਵੀ ਨਤੀਜਾ ਉਹੀ ਰਿਹਾ। ਨਤੀਜਾ ਐਲਾਨਿਆ ਗਿਆ। ਲਾਲ ਸਿੰਘ ਕੇਸ ਕਰਨ ਦੀ ਧਮਕੀ ਦੇ ਕੇ ਬਾਹਰ ਨਿਕਲ ਗਿਆ।

ਆਪਣੇ ਭਤੀਜੇ ਦੇ ਮੋਟਰਸਾਈਕਲ 'ਤੇ ਬੈਠ ਕੇ ਘਰ ਵੱਲ ਚਲਾ ਗਿਆ। ਹੌਲੀ-ਹੌਲੀ ਉਸ ਦੇ ਹਮਾਇਤੀ ਵੀ ਖਿਸਕਣੇ ਸ਼ੁਰੂ ਹੋ ਗਏ।

ਕੁਝ ਤਮਾਸ਼ਬੀਨ ਖੜੇ ਰਹੇ। ਹਰਜੀਤ ਦੇ ਹਮਾਇਤੀਆਂ ਨੇ ਨਾਅਰੇਬਾਜ਼ੀ ਕਰਨੀ ਸ਼ੁਰੂ ਕੀਤੀ, ਪਰ ਹਰਜੀਤ ਨੇ ਹੱਥ ਜੋੜ ਕੇ ਚੁੱਪ ਕਰਾ ਦਿੱਤਾ ਤੇ ਸਾਰਿਆਂ ਦਾ ਧੰਨਵਾਦ ਕੀਤਾ। ਹਰਦੇਵ ਸਿੰਘ ਤੇ ਜੱਗਾ ਥੋੜੀ ਦੂਰੀ 'ਤੇ ਖੜੇ ਸਭ ਕੁਝ ਦੇਖ ਰਹੇ ਸਨ।

ਲਗਦਾ ਹੈ ਵਿੱਚੋਂ ਹੀ ਬੰਦੇ ਗੱਦਾਰੀ ਕਰ'ਗੇ। ਲਾਲ ਸਿੰਘ ਦੇ ਸਮਰਥਕਾਂ ਵਿੱਚੋਂ ਇੱਕ ਨੇ ਜੱਗੇ ਹੁਰਾਂ ਵੱਲ ਦੇਖ ਕੇ ਕਿਹਾ। ਜੱਗੇ ਹੁਰਾਂ ਨੂੰ ਰੌਲੇ ਵਿੱਚ ਕੁਝ ਸੁਣਾਈ ਨਾ ਦਿੱਤਾ।

ਹਰਜੀਤ ਨੇ ਸਾਰਿਆਂ ਨੂੰ ਆਪਣੇ ਆਪਣੇ ਘਰ ਜਾਣ ਲਈ ਕਿਹਾ ਕਿਉਂਕਿ ਰਾਤ ਅੱਧੀ ਤੋਂ ਵੱਧ ਲੰਘ ਚੁੱਕੀ ਸੀ। ਹਰਜੀਤ ਨੇ ਜੱਗੇ ਹੁਰਾਂ ਕੋਲ ਜਾ ਕੇ ਉਨਾਂ ਦਾ ਵੀ ਧੰਨਵਾਦ ਕੀਤਾ।

ਪਰ ਅਸੀਂ ਤਾਂ ਵਿਰੋਧੀ ਧਿਰ ਦੇ ਬੰਦੇ ਆਂ। ਹਰਦੇਵ ਸਿੰਘ ਨੇ ਕਿਹਾ।

ਸ਼ਾਇਦ ਤੁਹਾਨੂੰ ਨਹੀਂ ਪਤਾ, ਵਿਕਰਮ ਤੇ ਮੈਂ ਇਕੱਠੇ ਪੜਦੇ ਸੀ ਕਾਲਜ ਵਿੱਚ। ਹੁਣ ਜੱਗੇ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ।

ਕੱਲ ਨੂੰ ਮਿਲਦੇ ਆਂ ਫਿਰ। ਹਰਜੀਤ ਨੇ ਦੋਵਾਂ ਨਾਲ ਹੱਥ ਮਿਲਾ ਕੇ ਵਿਦਾ ਲਈ।

... ਤੇ ਆਖਰ ਨੂੰ ਨਸ਼ਾ ਹਾਰ ਈ ਗਿਆ ਚਾਚਾ। ਜੱਗੇ ਦੇ ਮੂੰਹੋਂ ਆਪ ਮੁਹਾਰੇ ਨਿਕਲ ਗਿਆ।

ਹਾਂ... ਜੇ ਲੋਕ ਆਪਣੀ ਮਰਜ਼ੀ 'ਤੇ ਆ ਜਾਣ ਕਹਿੰਦੇ ਕਹਾਉਂਦਿਆਂ ਦੀਆਂ ਗੋਡਣੀਆਂ ਲਵਾ ਦਿੰਦੇ ਨੇ। ... ਚੱਲ ਚੱਲੀਏ ਘਰ ਨੂੰ ਹੁਣ ਤਾਂ ਸਵੇਰ ਹੋਣ ਵਾਲੀ ਐ।

ਸਵੇਰ ਤਾਂ ਹੋ ਚੁੱਕੀ ਐ ਚਾਚਾ ...। ਜੱਗੇ ਨੇ ਹਰਜੀਤ ਵੱਲ ਦੇਖਦਿਆਂ ਕਿਹਾ।

## ਕੀ-ਕੀ ਖਾਸ ਰਿਹਾ ਕਿਸਾਨੀ...

ਸਾਰੇ ਸੰਘਰਸ਼ ਵਿਚ ਸਭ ਤੋਂ ਅਹਿਮ ਗੱਲ ਇਹ ਰਹੀ ਕਿ ਕਿਸਾਨੀ ਸੰਘਰਸ਼ ਇਕ ਵਾਰ ਫੇਰ ਬਾਬਾ ਬੰਦਾ ਸਿੰਘ ਬਹਾਦਰ ਦੇ ਰਾਜ ਨੂੰ ਯਾਦ ਕਰਦਿਆਂ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਗੂੰਜ ਰਿਹਾ ਸੀ।

ਪੰਜਾਬ ਦੀ ਹੋਂਦ ਬਚਾਉਣ ਦਾ ਇਹ ਸੰਘਰਸ਼ ਲੰਮਾ ਚਲ ਸਕਦਾ ਹੈ ਅਤੇ ਜੇ ਇਹ ਸੰਘਰਸ਼ ਬਾਬਾ ਬੰਦਾ ਸਿੰਘ ਬਹਾਦਰ ਦੇ ਰਾਜ ਨੂੰ ਆਪਣਾ ਨਿਸ਼ਾਨਾ ਬਣਾ ਕੇ ਅਗਾਂਹ ਤੁਰ ਪਿਆ ਤਾਂ ਦਿੱਲੀ ਦੀ ਹਕੂਮਤ ਨੂੰ ਇਸ ਨੂੰ ਸਾਂਭਣਾ ਔਖਾ ਹੋ ਜਾਵੇਗਾ।

## ਸਾਈਬਰ ਅਪਰਾਧੀ ਦੁਨੀਆ...

ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਦੁਨੀਆ ਵਿਚ ਲੋਕ ਸਾਈਬਰ ਅਪਰਾਧੀਆਂ ਤੋਂ ਕਿੰਨੇ ਪ੍ਰੇਸ਼ਾਨ ਹੋਣਗੇ। ਦਰਅਸਲ, ਸਾਈਬਰ ਅਪਰਾਧੀਆਂ ਨੇ ਅੱਜ ਸੁਰੱਖਿਆ ਏਜੰਸੀਆਂ ਦੇ ਮੁਕਾਬਲੇ ਤਕਨੀਕੀ ਤਰੱਕੀ ਬਹੁਤ ਕਰ ਲਈ ਹੈ। ਹੈਕਰਾਂ ਦੇ ਗਰੋਹ ਹੁਣ ਕਿਸੇ ਬੈਂਕ ਵਿਚ ਕਿਸੇ ਕਰਮਚਾਰੀ ਨਾਲ ਗੰਢਤੁੱਪ ਕਰਕੇ ਆਪਣੇ ਕੰਮ ਨੂੰ ਅੰਜਾਮ ਨਹੀਂ ਦਿੰਦੇ ਸਗੋਂ ਤਕਨੀਕ ਨੇ ਉਨਾਂ ਨੂੰ ਏਨਾ ਮਜ਼ਬੂਤ ਕਰ ਦਿੱਤਾ ਹੈ ਕਿ ਉਹ ਸਿੱਧਾ ਗਾਹਕ ਬਣ ਕੇ ਕੰਪਨੀਆਂ ਜਾਂ ਨਿੱਜੀ ਬੈਂਕ ਖਾਤਿਆਂ ਤੋਂ ਪੈਸੇ ਕਢਵਾ ਲੈਂਦੇ ਹਨ। ਕਾਸਪਰਸਕਾਈ ਅਨੁਸਾਰ ਹੈਕਰਾਂ ਦੇ ਅਜਿਹੇ ਗਰੋਹਾਂ ਵਿਚ ਯੂਰਪ, ਯੂਕ੍ਰੇਨ ਅਤੇ ਚੀਨ ਦੇ ਹੈਕਰ ਸਭ ਤੋਂ ਜ਼ਿਆਦਾ ਹਨ। ਸਾਈਬਰ ਅਪਰਾਧੀਆਂ ਨੂੰ ਫੜਨਾ ਇਸ ਲਈ ਮੁਸ਼ਕਿਲ ਹੈ ਕਿਉਂਕਿ ਅਜਿਹੇ ਅਪਰਾਧੀਆਂ ਦਾ ਕਿਸੇ ਦੇਸ਼ ਅਤੇ ਉਸ ਦੀ ਸਰਹੱਦ ਨਾਲ ਕੋਈ ਲੈਣਾ ਦੇਣਾ ਨਹੀਂ ਹੁੰਦਾ। ਜੇਕਰ ਅਪਰਾਧੀ ਅਪਰਾਧ ਸਥਾਨ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਬੈਠਾ ਹੈ ਤਾਂ ਤੁਸੀਂ ਕੀ ਕਰ ਲਵੋਗੇ ? ਸਾਈਬਰ ਅਪਰਾਧੀ ਬਹੁਤ ਦੂਰ ਬੈਠ ਕੇ ਅਪਰਾਧ ਕਰਦੇ ਹਨ। ਇਸ ਲਈ ਆਮ ਢੰਗਾਂ ਨਾਲ ਉਨਾਂ ਨੂੰ ਫੜਨਾ ਮੁਸ਼ਕਿਲ ਹੁੰਦਾ ਹੈ। ਹਾਲਾਂਕਿ ਇਸ ਸਬੰਧ ਵਿਚ ਦੁਨੀਆ ਵਿਚ ਸਹਿਮਤੀ ਬਣ ਰਹੀ ਹੈ, ਜਿਸ ਨਾਲ ਇਹ ਉਮੀਦ ਬਣ ਰਹੀ ਹੈ ਕਿ ਅਜਿਹੇ ਅਪਰਾਧੀਆਂ ਨੂੰ ਭਵਿੱਖ ਵਿਚ ਫੜਨਾ ਸੌਖਾ ਹੋ ਜਾਵੇਗਾ।

ਅਸਲ ਵਿਚ ਸਾਈਬਰ ਅਪਰਾਧੀ ਇਸ ਲਈ ਹੁਣ ਜ਼ਿਆਦਾ ਖ਼ਤਰਨਾਕ ਹੁੰਦੇ ਲੱਗ ਰਹੇ ਹਨ ਕਿਉਂਕਿ ਸ਼ੁਰੂ ਵਿਚ ਉਨਾਂ ਦਾ ਸ਼ਿਕਾਰ ਜਿੱਥੇ ਵੱਡੀਆਂ ਕੰਪਨੀਆਂ ਸਨ ਉੱਥੇ ਹੁਣ ਉਨਾਂ ਦੀ ਜ਼ਦ ਵਿਚ ਆਮ ਲੋਕ ਵੀ ਕਾਫੀ ਵੱਡੀ ਗਿਣਤੀ ਵਿਚ ਆ ਗਏ ਹਨ। ਆਮ ਲੋਕਾਂ ਨੂੰ ਇਨਾਂ ਅਪਰਾਧੀਆਂ ਤੋਂ ਕਿਸ ਤਰਾਂ ਦਾ ਖ਼ਤਰਾ ਹੋ ਸਕਦਾ ਹੈ ? ਪਹਿਲਾਂ ਮਾਹਿਰ ਇਸ ਗੱਲ 'ਤੇ ਦੋ ਰਾਇ ਰੱਖਦੇ ਸਨ ਪਰ ਹੁਣ ਇਕ ਮਤ ਹਨ ਕਿ ਆਮ ਲੋਕ ਵੀ ਓਨੇ ਹੀ ਜ਼ਿਆਦਾ ਪ੍ਰਭਾਵਿਤ ਹੋ ਸਕਦੇ ਹਨ ਜਿੰਨੀਆਂ ਕਿ ਵੱਡੀਆਂ ਕੰਪਨੀਆਂ। ਕੁੱਲ ਮਿਲਾ ਕੇ ਜੇਕਰ ਦੁਨੀਆ ਨੇ ਦੇਰ ਕੀਤੀ ਅਤੇ ਇਨਾਂ ਅਪਰਾਧੀਆਂ ਨਾਲ ਨਿਪਟਣ ਦਾ ਕੋਈ ਠੋਸ ਕਦਮ ਨਾ ਚੁੱਕਿਆ ਤਾਂ ਇਹ ਅਪਰਾਧੀ ਆਉਣ ਵਾਲੇ ਸਮੇਂ ਵਿਚ ਦੁਨੀਆ ਦਾ ਜੀਣਾ ਹਰਾਮ ਕਰ ਦੇਣਗੇ। ਕਿਉਂਕਿ ਮਨੁੱਖੀ ਇਤਿਹਾਸ ਵਿਚ ਸਭ ਤੋਂ ਜ਼ਿਆਦਾ ਅਪਰਾਧਾਂ ਦਾ ਦੌਰ ਇਨਾਂ ਦੇ ਰਾਹੀਂ ਹੋਵੇਗਾ।




## ਪਾਠਕਾਂ ਦਾ ਨਜ਼ਰੀਆ

### ਗਰੀਬ ਕਿਸਾਨੀ ਦਾ ਏ ਟੀ ਐੱਮ ਆੜਤੀਆ

ਸ਼ਾਇਦ ਆਪ ਨੂੰ ਪਤਾ ਹੀ ਹੋਵੇਗਾ ਕਿ ਮੌਜੂਦਾ ਸਰਕਾਰ, ਮੌਜੂਦਾ ਆਰਡੀਨੈਂਸ ਪੰਜ ਜੂਨ 2020 ਨੂੰ ਅਚਾਨਕ ਲੈ ਕੇ ਆਈ, ਕੋਰੋਨਾ ਮਹਾਂਮਾਰੀ ਦੌਰਾਨ ਆਰਡੀਨੈਂਸ ਲਿਆਉਣ ਦੀ ਕਾਹਲੀ ਕਿਸ ਵਾਸਤੇ ਸੀ? ਕਿਹੜਾ ਐਸਾ ਅਸਮਾਨ ਸੀ, ਜਿਸ ਨੇ ਡਿੱਗ ਪੈਣਾ ਸੀ? ਆਰਡੀਨੈਂਸ ਲਿਆਉਣ ਦੀ ਕਾਹਦੀ ਕਾਹਲੀ ਸੀ, ਅੱਜ ਤਕ ਦੱਸਿਆ ਨਹੀਂ ਗਿਆ? ਅਗਰ ਇਹ ਇੰਨਾ ਜ਼ਰੂਰੀ ਸੀ ਤਾਂ ਫਿਰ ਇਸ ਸਬੰਧੀ ਕਿਸਾਨਾਂ ਨਾਲ, ਉਨਾਂ ਦੀਆਂ ਜਥੇਬੰਦੀਆਂ ਨਾਲ, ਸੂਬਿਆਂ ਦੀਆਂ ਸਰਕਾਰਾਂ ਨਾਲ ਕਿਉਂ ਨਹੀਂ ਗੰਭੀਰਤਾ ਨਾਲ ਗੱਲਬਾਤ ਕੀਤੀ ਗਈ? ਕਿਉਂ ਨਹੀਂ ਪਿੰਡਾਂ ਵਿੱਚ ਵਸਦੀ ਕਿਸਾਨੀ ਤੋਂ ਪੰਚਾਇਤਾਂ ਰਾਹੀਂ ਸੁਝਾਅ ਮੰਗੇ ਗਏ? ਕਿਉਂ ਨਹੀਂ, ਟੈਲੀਵੀਜ਼ਨਾਂ ਰਾਹੀਂ ਬਹਿਸਾਂ ਕਰਾਈਆਂ ਗਈਆਂ? ਕਿਉਂ ਨਹੀਂ ਇਹ ਆਰਡੀਨੈਂਸ/ਬਿੱਲ ਪਾਸ ਕਰਾਉਣ ਤੋਂ ਪਹਿਲਾਂ ਸਵਾਮੀਨਾਥਨ ਦੀ ਸਮੁੱਚੀ ਰਿਪੋਰਟ ਨੂੰ ਧਿਆਨ ਵਿੱਚ ਰੱਖਿਆ ਗਿਆ? ਇਸੇ ਹਫ਼ਤੇ ਚਾਲੂ ਸੈਸ਼ਨ ਦੌਰਾਨ ਕੇਂਦਰ ਸਰਕਾਰ ਨੇ ਐੱਮ ਐੱਸ ਪੀ ਰਾਹੀਂ ਕੁਝ ਜ਼ਰੂਰੀ ਵਸਤਾਂ ਦੇ ਰੇਟਾਂ ਵਿੱਚ ਵਾਧਾ ਕੀਤਾ, ਜਿਸ ਨੂੰ ਕਿਸਾਨਾਂ ਅਤੇ ਵਿਰੋਧੀ ਪਾਰਟੀਆਂ ਨੇ ਇੱਕ ਵਢਿਓਂ ਰੱਦ ਕਰ ਦਿੱਤਾ ਹੈ। ਅਗਰ ਸਰਕਾਰ ਇਸ ਬਾਰੇ ਸੰਜੀਦਾ ਹੈ ਤਾਂ ਉਹ ਲਿਖਤੀ ਭਰੋਸਾ ਦੇਵੇ, ਉਸ ਨੂੰ ਬਿੱਲ ਦਾ ਹਿੱਸਾ ਬਣਾਏ ਕਿ ਐੱਮ ਐੱਸ ਪੀ ਸਦਾ ਲਾਗੂ ਰਹੇਗੀ, ਕਿਸੇ ਕੀਮਤ ’ਤੇ ਇਸ ਨੂੰ ਹਟਾਇਆ ਨਹੀਂ ਜਾਵੇਗਾ, ਪਰ ਇਹ ਸਰਕਾਰ ਕਰਨਾ ਨਹੀਂ ਚਾਹੁੰਦੀ। ਸਰਕਾਰੀ ਚਾਹੁੰਦੀ ਹੈ ਕਿ ਸਾਡੇ ਬਿਆਨਾਂ ’ਤੇ ਕਿਸਾਨ ਸਣੇ ਵਿਰੋਧੀ ਪਾਰਟੀਆਂ ਯਕੀਨ ਕਰਨ, ਪਰ ਜਨਤਾ ਤਿਆਰ ਨਹੀਂ ਹੈ, ਕਿਉਂਕਿ ਸਰਕਾਰ ਨੇ ਜ਼ਬਾਨੀ ਕਈ ਵਾਰ ਆਪਣੇ ਬਿਆਨਾਂ ਵਿੱਚ ਰੇਲਵੇ ਨੂੰ ਪ੍ਰਾਈਵੇਟ ਹੱਥਾਂ ਵਿੱਚ ਨਾ ਦੇਣ, ਉਸ ਨੂੰ ਨਾ ਵੇਚਣ ਦਾ ਵਚਨ ਦਿੱਤਾ ਸੀ, ਪਰ ਅਮਲ ਵਿੱਚ ਇਸਦੇ ਉਲਟ ਹੋ ਰਿਹਾ ਹੈ। ਇਸ ਲਈ ਸਰਕਾਰ ਕਿਸਾਨਾਂ ਦਾ ਭਰੋਸਾ ਜਿੱਤਣ ਲਈ ਐੱਮ ਐੱਸ ਪੀ ਸੰਬੰਧੀ ਨਵਾਂ ਕਾਨੂੰਨ ਲਿਆਵੇ ਅਤੇ ਪਾਸ ਕਰਾਵੇ।

ਤੁਸੀਂ ਨੋਟ ਕੀਤਾ ਹੋਵੇਗਾ ਕਿ ਇਸ ਵਾਰ ਲਗਭਗ ਦੇਸ਼ ਦੀ ਸਮੁੱਚੀ ਕਿਸਾਨੀ ਸੜਕਾਂ ’ਤੇ ਨਿਕਲੀ, ਕੁਝ ਪੈਦਲ, ਕੋਈ ਸਾਈਕਲਾਂ ਅਤੇ ਮੋਟਰ, ਸਾਈਕਲਾਂ ’ਤੇ ਕਿਸਾਨੀ ਦਾ ਬਹੁਤਾ ਹਿੱਸਾ ਆਪਣੇ ਪੁਰਾਣੇ, ਨਵੇਂ ਟਰੈਕਟਰਾਂ ’ਤੇ ਆਇਆ।

ਉਹ ਦਿੱਲੀ ਸੰਸਦ ਭਵਨ ਤਕ ਵੀ ਗਿਆ। ਉਸ ਨੇ ਕਿਸਾਨ ਵਿਰੋਧੀ ਮੁੱਖ ਮੰਤਰੀਆਂ, ਮਨਿਸਟਰਾਂ ਦਾ ਘਿਰਾਓ ਵੀ ਕੀਤਾ। ਆਪੋ-ਆਪਣੇ ਸ਼ਹਿਰ, ਕਸਬੇ ਬੰਦ ਕੀਤੇ। ਆਪੋ ਆਪਣੇ ਸੂਬੇ ਬੰਦ ਕੀਤੇ। ਅਖੀਰ ਆਪਣੇ ਰੋਸ ਨੂੰ ਸਿਖਰ ’ਤੇ ਖੜਦਿਆਂ ਭਾਰਤ ਤੱਕ ਵੀ ਬੰਦ ਕੀਤਾ। ਸੜਕਾਂ ਤੋਂ ਇਲਾਵਾ ਰੇਲਵੇ ਨੂੰ ਰੋਕ ਕੇ ਆਪਣੇ ਹੱਕੀ ਰੋਹ ਦਾ ਪ੍ਰਦਰਸ਼ਨ ਕੀਤਾ।

ਐਤਕੀਂ ਪਹਿਲਾਂ ਤੋਂ ਉਲਟ ਹਰ ਜਗਾ ਕਿਸਾਨੀ ਲੀਡ ਕਰ ਰਹੀ ਹੈ। ਕਿਸਾਨੀ ਲੀਡਰਸ਼ਿੱਪ ਨੇ ਸਿਆਸੀ ਪਾਰਟੀਆਂ ਨੂੰ ਵੀ ਸਾਫ਼ ਆਖਿਆ ਕਿ ਸਾਡੀਆਂ ਸਟੇਜਾਂ ਸਾਂਝੀਆਂ ਕਰਨ ਤੋਂ ਗੁਰੇਜ਼ ਕਰੋ। ਇਨਾਂ ਦੀ ਗਿਣਤੀ ਸ਼ਾਇਦ ਪਹਿਲਾਂ ਲੜੇ ਘੋਲਾਂ ਤੋਂ ਕਿਤੇ ਜ਼ਿਆਦਾ ਸੀ। ਅਗਲੀ ਨੋਟ ਕਰਨ ਵਾਲੀ ਗੱਲ ਇਹ ਵੀ ਰਹੀ ਕਿ ਕਾਰਪੋਰੇਟ ਘਰਾਣਿਆਂ ਦੀ ਨੀਤੀ ਖ਼ਿਲਾਫ਼ ਇੰਨਾ ਵੱਡਾ ਵਿਰੋਧ ਹੋਇਆ। ਇਹ ਗੱਲ ਵੀ ਨੋਟ ਕਰਨ ਵਾਲੀ ਰਹੀ ਕਿ ਕੋਰੋਨਾ ਮਹਾਂਮਾਰੀ ਦੇ ਦੌਰਾਨ ਕਿਸਾਨਾਂ ਨੇ ਆਪਣੀ ਜ਼ਿੰਦਗੀ ਦਾਅ ’ਤੇ ਲਾ ਕੇ ਇੰਨਾ ਵੱਡਾ ਸੁਨੇਹਾ ਸਰਕਾਰ ਦੇ ਬੋਲੇ ਕੰਨਾਂ ਤਕ ਪਹੁੰਚਾਇਆ ਹੈ। ਇਸ ਕਿਸਾਨ ਸੰਘਰਸ਼ ਦੌਰਾਨ ਇਹ ਗੱਲ ਵੀ ਨੋਟ ਕਰਨ ਵਾਲੀ ਰਹੀ ਕਿ ਕਿਸਾਨੀ ਅੰਦੋਲਨ ਦੀ ਇੰਨੀ ਚੜਾਈ ਰਹੀ ਕਿ ਕਈਆਂ ਨੇ ਕਿਸਾਨੀ ਰੋਹ ਦੇਖ ਕੇ ਆਪਣਾ ਨਾਤਾ ਭਾਜਪਾ ਨਾਲੋਂ ਤੋੜਿਆ, ਉੱਥੇ ਨਵਜੋਤ ਸਿੱਧੂ ਨੇ ਵੀ ਆਪਣਾ ਮੌਨ ਤੋੜਿਆ ਹੈ।

ਕਿਸਾਨ ਦੇ ਮਨ ਵਿੱਚ ਕਈ ਤਰਾਂ ਦੇ ਸੱਚੇ ਸ਼ੰਕੇ ਵੀ ਹਨ, ਜਿਨਾਂ ਚਿਰ ਉਹ ਦੂਰ ਨਹੀਂ ਹੋਣਗੇ, ਉਨਾ ਚਿਰ ਗੱਲ ਨਹੀਂ ਬਣਨੀ। ਕਿਸਾਨ ਇਸ ਕਰਕੇ ਵੀ ਡਰਿਆ ਪਿਆ ਹੈ ਕਿ ਮੌਜੂਦਾ ਕਿਸਾਨ ਵਿਰੋਧੀ ਸਰਕਾਰ ਨੇ ਨਵਾਂ ਕਾਨੂੰਨ ਲਾਗੂ ਕਰਕੇ ਐੱਮ ਐੱਸ ਸੀ ਖ਼ਤਮ ਕਰ ਦੇਣੀ ਹੈ। ਉਹ ਇਹ ਵੀ ਸਮਝਦਾ ਹੈ ਕਿ ਇਸ ਸਰਕਾਰ ਨੇ ਆੜਤੀਏ ਖ਼ਤਮ ਕਰਕੇ ਸਾਨੂੰ ਕਾਰਪੋਰੇਟ ਘਰਾਣਿਆਂ ਦੀਆਂ ਸੰਸਥਾਵਾਂ ਹਵਾਲੇ ਕਰ ਦੇਣਾ ਹੈ, ਜਿੱਥੇ ਉਸ ਦੀ ਸੁਣਵਾਈ ਨਾ ਮੁਮਕਿਨ ਹੋਵੇਗੀ। ਹੁਣ ਜੋ ਮੰਡੀਆਂ ਹਨ, ਉਨਾਂ ਵਿੱਚ ਬਹੁਤੀਆਂ ਪੇਂਡੂ ਇਲਾਕੇ ਵਿੱਚ ਫੋਕਲ ਪੁਆਇਟਾਂ ‘ਤੇ ਬਣੀਆਂ ਹੋਈਆਂ ਹਨ। ਸਾਰੇ ਆੜਤੀਏ ਜਾਣਦੇ ਹਨ। ਸਭ ਆਲੇ-ਦੁਆਲੇ ਪਿੰਡਾਂ ਦੇ ਹਨ। ਕਿਸਾਨ ਆਪਣੇ ਆੜਤੀਏ ਨੂੰ ਆਪਣਾ ਏ ਟੀ ਐੱਮ ਸਮਝਦਾ ਹੈ। ਜਦ ਉਸ ਨੂੰ ਲੋੜ ਹੁੰਦੀ ਹੈ, ਉਹ ਆਪਣਾ ਬੁੱਤਾ ਸਾਰ ਲੈਂਦਾ ਹੈ, ਆਪਣੀਆਂ ਛੋਟੀਆਂ-ਮੋਟੀਆਂ ਗਰਜ਼ਾਂ ਪੂਰੀਆਂ ਕਰ ਲੈਂਦਾ ਹੈ।

ਇਸਦੇ ਉਲਟ ਉਹ ਨਵੇਂ ਸਿਸਟਮ ਤੋਂ ਡਰਿਆ ਹੋਇਆ ਹੈ। ਜੋ ਕਿਸਾਨ ਨੂੰ ਆਖਿਆ ਜਾ ਰਿਹਾ ਹੈ ਕਿ ਤੂੰ ਆਪਣੀ ਜਿਣਸ ਦੇ ਵੱਧ ਪੈਸੇ ਵੱਟਣ ਲਈ ਦੇਸ਼ ਦੇ ਕਿਸੇ ਕੋਨੇ ਵਿੱਚ ਵੀ ਫਸਲ ਵੇਚ ਸਕਦਾ ਏਂ। ਇਹ ਕਾਨੂੰਨ ਤਾਂ ਪਹਿਲਾਂ ਵੀ ਮੌਜੂਦ ਹੈ, ਪਰ ਸਵਾਲ ਤਾਂ ਇਹ ਪੈਦਾ ਹੁੰਦਾ ਹੈ ਕਿ ਛੋਟਾ ਕਿਸਾਨ ਆਪਣੀ ਫਸਲ ਦੂਜੇ ਸੂਬਿਆਂ ਵਿੱਚ ਕਿਵੇਂ ਵੇਚੇਗਾ? ਉਸ ਪਾਸ ਸਾਧਨ ਨਹੀਂ ਹਨ।

ਅਖੀਰ ਵਿੱਚ ਅਸੀਂ ਬਿਨਾਂ ਪੁੱਛੇ ਆਪਣੀ ਰਾਏ ਕਿਸਾਨ ਵੀਰਾਂ ਨੂੰ ਦੇਣੀ ਚਾਹੁੰਦੇ ਹਾਂ ਕਿ ਅਗਰ ਇਸ ਵਾਰ ਤੁਸੀਂ ਸਭ ਇਕੱਠੇ ਹੋ ਕੇ ਲੜੇ ਹੋ, ਲੜ ਰਹੇ ਹੋ ਤਾਂ ਤੁਹਾਨੂੰ ਸਭ ਨੂੰ ਇੱਕ ਵਧੀਆ ਖੇਤੀ ਮਾਡਲ ਚੁਣਨਾ ਚਾਹੀਦਾ ਹੈ, ਤਾਂ ਕਿ ਉਸ ਪਿੱਛੇ ਸਭ ਨੂੰ ਲਾਮਬੰਦ ਹੋ ਕੇ ਕਿਸਾਨੀ ਨੂੰ ਮੌਜੂਦਾ ਸੰਕਟ ਵਿੱਚੋਂ ਕੱਢਿਆ ਜਾ ਸਕੇ। ਇਕੱਠੇ ਹੋ ਕੇ ਸੰਘਰਸ਼ ਕਰਨ ਲਈ ਮੁਬਾਰਕ।

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

### ਰਾਜਨੀਤਕ ਲੀਡਰਾਂ ਨੇ ਕੱਖ ਨਹੀਂ ਸਵਾਰਨਾ

ਅਕਾਲੀ ਕਾਂਗਰਸੀ ਕਾਮਰੇਡ... ਕਿਸਾਨਾਂ ਤੋਂ ਵੱਖਰੇ ਝੰਡੇ ਚੁੱਕੀ ਫਿਰਦੇ ਹਨ।

ਜੇ ਇਹ ਅਕਾਲੀ ਕਾਂਗਰਸੀ ਮਸਲੇ ਹੱਲ ਕਰ ਸਕਦੇ ਹੁੰਦੇ ਤਾਂ ਕਿਸਾਨਾਂ ਨੂੰ ਸੜਕਾਂ ਤੇ ਰੁਲ਼ਣ ਦੀ ਲੋੜ ਹੀ ਨਹੀਂ ਸੀ।

ਵਿਧਾਨ ਸਭਾ ਜਾਂ ਲੋਕ ਸਭਾ ਚ ਕੁਝ ਸਵਾਰਦੇ ਨਹੀਂ ਹੁਣ ਲੋਕਾਂ ਨਾਲ ਧਰਨੇ ਦੇਣ ਲੱਗੇ ਹਨ।

ਜਰਾ ਸੋਚੋ ਇਹਨਾਂ ਨੂੰ ਵੋਟਾਂ ਇਸ ਲਈ ਪਾਉਂਦੇ ਹਾਂ ਕਿ ਇਹ ਸਾਡੇ ਨਾਲ ਧਰਨੇ ਦੇਣ। ਇਹ ਕੀ ਡਰਾਮਾ ਹੈ ਇਹ ਬਾਕੀ ਸੂਬਿਆਂ ਦੀਆਂ ਸਰਕਾਰਾਂ.... ਰਾਜਨੀਤਕ ਲੀਡਰਾਂ..... ਵਕੀਲਾਂ ਪੜੇ ਲਿਖੇ ਲੋਕਾਂ ਨੂੰ ਨਾਲ ਲੈ ਕੇ ਕੋਈ ਸਰਕਾਰ ਨੂੰ ਸਮਝਾਉਣ ਜਾਂ ਦਬਕਾਉਣ ਦੇ ਉਪਰਾਲੇ ਕਿਉਂ ਨਹੀਂ ਕਰਦੇ।

ਇਨਾਂ ਨੇ ਕੱਖ ਨਹੀਂ ਸਵਾਰਨਾ........ ਕਿਸਾਨਾਂ ਦੇ ਸੰਘਰਸ਼ ਨੂੰ ਤਾਰਪੀਡੋ ਕਰਨਗੇ ਇਹ ਲੋਕ। ਇਹੀ ਕੁਝ ਏਹਨਾਂ ਹੁਣ ਤੱਕ ਕੀਤਾ ਹੈ... ਭਾਵੇਂ ਪਾਣੀਆਂ ਦਾ ਮੁੱਦਾ.... ਭਾਵੇਂ ਚੰਡੀਗੜ ਦਾ ਮੁੱਦਾ.... ਭਾਵੇਂ ਪੰਜਾਬ ਦੇ ਹੱਕਾਂ ਦਾ ਮਸਲਾ।

ਇਕ ਸੰਘਰਸ਼ ਇਹਨਾਂ ਲਈ ਕਰਨਾ ਚਾਹੀਦਾ ਕਿ ਪਹਿਲਾਂ ਤੁਸੀਂ ਘਰਾਂ ਚ ਬੈਠੋ...... ਜਾਂ ਦਿਲੀ ਜਾਓ..... ਇਨਾਂ ਨੂੰ ਦਫਾ ਕਰਨਾ ਪੈਣਾ ਲੋਕੋ..... ਸਭ ਪੁਆੜੇ ਦੀ ਜੜ ਇਹੀ ਲੋਕ ਹਨ..... ਭਾਵੇਂ ਕੈਪਟਨ ਭਾਵੇਂ ਬਾਦਲਕੇ ਹੋਣ.......

**ਸੁਖਵਿੰਦਰ ਸਿੰਘ ਦਦੇਹਰ**

### ਗਰੀਬਾਂ ਦਾ ਰਬ ਰਾਖਾ

ਮੁੱਖ ਸੜਕ ’ਤੇ ਘਰ ਹੋਣ ਕਾਰਨ ਸਵੇਰੇ ਸੈਰ ਕਰਦਿਆਂ ਸੜਕ ਕਿਨਾਰਿਓਂ ਜਾਂ ਕੂੜੇ ਦੇ ਢੇਰਾਂ ’ਚੋਂ ਲੋਹਾ, ਗੱਤਾ ਜਾਂ ਪਲਾਸਟਿਕ ਆਦਿ ਚੁਗਣ ਵਾਲੇ ਆਮ ਹੀ ਦਿਖਾਈ ਦਿੰਦੇ ਹਨ। ਇਨਾਂ ’ਚ ਇਕ ਦਸਾਂ ਕੁ ਸਾਲਾਂ ਦੀ ਕੁੜੀ ਵੀ ਮੈਨੂੰ ਰੋਜ਼ ਦਿਸਦੀ ਸੀ। ਇਕ ਦਿਨ ਝਿਜਕਦੀ ਜਿਹੀ ਉਹ ਕੁੜੀ ਮੇਰੇ ਕੋਲ ਆਈ ਅਤੇ ਬੋਲੀ “ਬੀਬੀ ਜੀ, ਕੋਈ ਗੱਤਾ-ਡੱਬਾ ਜਾਂ ਪਲਾਸਟਿਕ ਹੁੰਦਾ ਹੈ ਤਾਂ ਕੂੜੇ ਵਿਚ ਨਾ ਸੁੱਟਿਆ ਕਰੋ, ਮੈਨੂੰ ਦੇ ਦਿਆ ਕਰੋ। ‘ਮੈਂ ਕਿਹਾ, ‘ਬੇਟਾ ਉਹ ਤਾਂ ਸਫ਼ਾਈ ਵਾਲਾ ਹੀ ਸੁੱਟ ਆਉਂਦਾ ਹੈ।’ ਉਸ ਨੇ ਕਿਹਾ ਕਿ ਮੈਂ ਉਸ ਨੂੰ ਦੇਖ ਕੇ ਹੀ ਤੁਹਾਡੇ ਕੋਲ ਆਈ ਹਾਂ।

ਮੈਂ ਸਰਸਰੀ ਆਖ ਦਿੱਤਾ ਕਿ ਤੂੰ ਪਤਾ ਕਰ ਲਿਆ ਕਰ। ਦੂਜੇ-ਤੀਜੇ ਦਿਨ ਉਹ ਆਉਂਦੀ ਅਤੇ ਕੁਝ ਨਾ ਕੁਝ ਲੈ ਜਾਂਦੀ। ਇਕ ਦਿਨ ਮੈਂ ਉਸ ਦਾ ਨਾਮ ਪੁੱਛਿਆ। ਉਹ ਬੋਲੀ ‘ਜੀ, ਅੰਜਲੀ।’ ਮੈਂ ਕਿਹਾ ਕਿ ਤੂੰ ਪੜਦੀ ਕਿਉਂ ਨਹੀਂ? ਤਾਂ ਉਸ ਨੇ ਦੱਸਿਆ ਕਿ ਉਸ ਦੀਆਂ ਦੋ ਛੋਟੀਆਂ ਭੈਣਾਂ ਹਨ। ਪਿਓ ਬਿਮਾਰ ਹੈ ਅਤੇ ਮਾਂ ਕੂੜਾ-ਰੱਦੀ ਚੁਗ ਕੇ ਟੱਬਰ ਪਾਲਦੀ ਹੈ। ਉਸ ਨੇ ਦੱਸਿਆ ਕਿ ਮੈਂ ਪੜਦੀ ਹਾਂ ਪਰ ਛੁੱਟੀਆਂ ਵਿਚ ਮਾਂ ਨਾਲ ਕੰਮ ਕਰਦੀ ਹਾਂ।

ਮੈਨੂੰ ਬੜਾ ਦੁੱਖ ਹੋਇਆ ਅਤੇ ਤਰਸ ਆਇਆ ਕਿ ਗੁੱਡੀਆਂ-ਪਟੋਲਿਆਂ ਨਾਲ ਖੇਡਣ ਦੀ ਉਮਰੇ ਇਹ ਬੱਚੀ ਕੂੜਾ ਫਰੋਲਦੀ ਫਿਰਦੀ ਹੈ।

ਮੈਂ ਉਸ ਨੂੰ ਕਿਹਾ ਕਿ ਛੁੱਟੀਆਂ ਤੋਂ ਬਾਅਦ ਤੂੰ ਐਤਵਾਰ ਨੂੰ ਆ ਕੇ ਰੱਦੀ ਲੈ ਜਾਇਆ ਕਰੀਂ ਅਤੇ ਵੇਚ ਵੱਟ ਕੇ ਆਪਣੀ ਕਾਪੀ-ਕਿਤਾਬ ਲੈ ਲਿਆ ਕਰੀਂ। ਕੁਦਰਤੀ ਉਨਾਂ ਹੀ ਦਿਨਾਂ ਵਿਚ ਇੰਗਲੈਂਡ ਤੋਂ ਸਾਡੀ ਬੇਟੀ ਆ ਗਈ ਤੇ ਉਹ ਆਪਣੇ ਨਿੱਕੇ ਜਿਹੇ ਭਤੀਜੇ ਤੇ ਭਤੀਜੀ ਲਈ ਕੱਪੜੇ, ਜੁੱਤਿਆਂ ਤੇ ਖਿਡੌਣਿਆਂ ਦੇ ਨਾਲ ਢੇਰ ਸਾਰੇ ਨਿੱਕੇ-ਮੋਟੇ ਤੋਹਫ਼ੇ ਲਿਆਈ।

ਨਨਾਣ-ਭਰਜਾਈ ਨੇ ਬੱਚਿਆਂ ਦਾ ਸਾਮਾਨ ਸਾਂਭ ਕੇ ਪੈਕਿੰਗ ਵਾਲੇ ਖ਼ਾਲੀ ਡੱਬੇ ਘਰ ਦੇ ਪਿਛਵਾੜੇ ਕੋਨੇ ਵਿਚ ਰੱਖ ਦਿੱਤੇ। ਅੰਜਲੀ ਆਈ ਤਾਂ ਮੈਂ ਉਸ ਨੂੰ ਦੱਸਿਆ ਕਿ ਪਿੱਛੇ ਡੱਬੇ ਆਦਿ ਪਏ ਹਨ, ਉਹ ਲੈ ਜਾ। ਮੈਂ ਅੰਦਰ ਆਈ ਤਾਂ ਬਾਹਰੋਂ ਅੰਜਲੀ ਮੈਨੂੰ ਆਵਾਜ਼ਾਂ ਮਾਰ ਰਹੀ ਸੀ। ਮੈਂ ਜਾ ਕੇ ਪੁੱਛਿਆ, “ਕੀ ਗੱਲ ਹੈ? ‘ਅੰਜਲੀ ਨੇ ਕਿਹਾ ‘ਬੀਬੀ ਜੀ, ਆਹ ਦੇਖੋ ਕਿੱਡੇ ਸੋਹਣੇ ਕਲਿੱਪ-ਸੂਈਆਂ ਤੇ ਰਬੜਾਂ (ਹੇਅਰ ਬੈਂਡ) ਡੱਬੇ ਵਿਚ ਪਏ ਹਨ। ਇਹ ਕਿਉਂ ਸੁੱਟੇ ਹਨ?’ ਦੇਖ ਕੇ ਮੈਂ ਹੈਰਾਨ ਰਹਿ ਗਈ ਕਿਉਂਕਿ ਬੇਧਿਆਨੀ ਨਾਲ ਬੱਚਿਆਂ ਨੇ ਵੱਡਾ ਸਾਰਾ ਡੱਬਾ ਸਾਮਾਨ ਸਮੇਤ ਹੀ ਰੱਦੀ ਵਿਚ ਸੁੱਟ ਦਿੱਤਾ ਸੀ। ਅੰਜਲੀ ਦੀ ਇਮਾਨਦਾਰੀ ਮੇਰਾ ਮਨ ਟੁੰਬ ਗਈ ਅਤੇ ਮੈਂ ਉਸ ਨੂੰ ਕਿਹਾ ਕਿ ਬੇਟਾ, ਇਹ ਚੀਜ਼ਾਂ ਦੇਖ ਕੇ ਤੂੰ ਮੈਨੂੰ ਕਿਉਂ ਦੱਸਿਆ? ਤੇਰਾ ਦਿਲ ਨਹੀਂ ਕਰਦਾ ਕਿ ਤੂੰ ਸੋਹਣੇ-ਸੋਹਣੇ ਕਲਿੱਪ ਅਤੇ ਰਬੜ ਬੈਂਡ ਪਹਿਨੇ? ਤੂੰ ਇਹ ਸਾਰਾ ਕੁਝ ਕੂੜੇ ਵਿਚ ਵੀ ਲੈ ਜਾ ਸਕਦੀ ਸੀ ਪਰ ਉਹ ਕੰਨਾਂ ਨੂੰ ਹੱਥ ਲਾਉਂਦਿਆਂ ਬੋਲੀ, ‘ਨਾ-ਨਾ ਬੀਬੀ ਜੀ, ਭਗਵਾਨ ਬਚਾਏ ਚੋਰੀ ਤੋਂ।’

ਮੇਰੀ ਮਾਂ ਨੇ ਕਿਹਾ ਹੈ ਕਿ ਕਿਤੋਂ ਇਕ ਪੈਸੇ ਦੀ ਚੀਜ਼ ਵੀ ਨਹੀਂ ਚੁਰਾਣੀ। ‘ਇਸੇ ਦੌਰਾਨ ਸਾਡੀ ਬੇਟੀ ਵੀ ਬਾਹਰ ਆ ਗਈ। ਸਾਰੀ ਗੱਲ ਸੁਣ ਕੇ ਉਹ ਖ਼ੁਸ਼ ਹੁੰਦਿਆਂ ਬੋਲੀ ਕਿ ‘ਅੰਜਲੀ, ਮੈਂ ਤੇਰੀ ਵੀ ਭੂਆ ਹਾਂ। ਤੂੰ ਇਹ ਡੱਬਾ ਮੇਰੇ ਵੱਲੋਂ ਲੈ ਜਾ ਪਰ ਉਸ ਨੇ ਨਿਮਰਤਾ ਨਾਲ ਨਾਂਹ ਕਰ ਦਿੱਤੀ। ਬੜੀ ਮੁਸ਼ਕਲ ਨਾਲ ਅਸੀਂ ਉਸ ਨੂੰ ਥੋੜਾ ਜਿਹਾ ਸਾਮਾਨ ਦਿੱਤਾ। ਦੂਜੇ ਦਿਨ ਉਸ ਦੀ ਮਾਂ ਵੀ ਉਸ ਨਾਲ ਅੰਦਰ ਆ ਗਈ ਅਤੇ ਉਸ ਨਿੱਕੇ-ਮੋਟੇ ਸਮਾਨ ਲਈ ਧੰਨਵਾਦ ਕਰਨ ਲੱਗੀ ਪਰ ਮੈਂ ਉਸ ਨੂੰ ਕਿਹਾ ਕਿ ਧੰਨਵਾਦ ਤਾਂ ਤੇਰਾ ਹੈ ਕਿ ਤੂੰ ਬੱਚੀ ਨੂੰ ਐਨੀ ਚੰਗੀ ਸਿੱਖਿਆ ਦਿੱਤੀ ਹੈ।

ਮੈਂ ਉਸ ਨੂੰ ਕਿਹਾ ਕਿ ਤੂੰ ਅੰਜਲੀ ਨੂੰ ਪੜਨੋਂ ਨਾ ਹਟਾਈਂ। ਕਿਸੇ ਮਦਦ ਦੀ ਲੋੜ ਹੋਵੇ ਤਾਂ ਮੈਨੂੰ ਦੱਸੀਂ। ਛੁੱਟੀਆਂ ਵਿਚ ਅੰਜਲੀ ਆਉਂਦੀ ਰਹੀ ਪਰ ਛੁੱਟੀਆਂ ਪਿੱਛੋਂ ਮੁੜ ਕਦੇ ਨਾ ਆਈ। ਸਾਲ-ਡੇਢ ਸਾਲ ਪਿੱਛੋਂ ਇਕ ਦਿਨ ਸਵੇਰੇ-ਸਵੇਰੇ ਉਸ ਦੀ ਮਾਂ ਨਜ਼ਰ ਆਈ।

ਮੈਂ ਬੁਲਾ ਕੇ ਪੁੱਛਿਆ ਕਿ ਤੇਰੇ ਪਤੀ ਤੇ ਬੱਚੀਆਂ ਦਾ ਕੀ ਹਾਲ ਹੈ? ਉਸ ਨੇ ਭਰੇ ਮਨ ਨਾਲ ਕਿਹਾ ਉਸ ਦਾ ਪਤੀ ਪਰਲੋਕ ਸਿਧਾਰ ਗਿਆ ਹੈ ਅਤੇ ਵੱਡੀਆਂ ਦੋਵੇਂ ਕੁੜੀਆਂ (ਅੰਜਲੀ ਤੇ ਉਸ ਦੀ ਭੈਣ) ਕੁਝ ਘਰੀਂ ਸਫ਼ਾਈ ਅਤੇ ਬਰਤਨ ਸਾਫ਼ ਕਰਦੀਆਂ ਹਨ। ਸਮਾਂ ਬਹੁਤ ਮਾੜਾ ਹੈ।

ਬੱਚੀਆਂ ਨੂੰ ਸੜਕਾਂ ’ਤੇ ਫੇਰਨ ਨੂੰ ਦਿਲ ਨਹੀਂ ਮੰਨਦਾ। ਸੁਣ ਕੇ ਬੜਾ ਦੁੱਖ ਹੋਇਆ ਅਤੇ ਮਨ ਕਹਿ ਉੱਠਿਆ ਕਿ ‘ਮਿੱਟੀ ਨੂੰ ਫਰੋਲ ਜੋਗੀਆ ਲੱਭਣਗੇ ਲਾਲ ਗੁਆਚੇ...’ ਕਿਉਂਕਿ ਅੰਜਲੀ ਵਰਗੇ ਕਿੰਨੇ ਹੀ ਲਾਲ ਮਿੱਟੀ-ਕੂੜੇ ਵਿਚ ਰੁਲ ਰਹੇ ਹਨ। ਭਾਰਤ ਵਿਚ ਲੱਖਾਂ ਗ਼ਰੀਬ ਬੱਚੇ ਭੁੱਖਮਰੀ ਦਾ ਸ਼ਿਕਾਰ ਹਨ।

**ਪਰਮਜੀਤ ਕੌਰ ਸਰਹਿੰਦ**

### ਅਮਰੀਕੀ ਰਾਸ਼ਟਰਪਤੀ ਦੀ ਚੋਣ...

ਟਰੰਪ ਨੇ ਕਿਹਾ, “ਮੈਂ ਲੱਖਾਂ ਡਾਲਰ ਦੇ ਟੈਕਸ ਅਦਾ ਕਰ ਰਿਹਾ ਹਾਂ। ਇੱਕ ਸਾਲ ਵਿੱਚ 38 ਮਿਲੀਅਨ ਡਾਲਰ ਦੇ ਟੈੱਕਸ ਅਤੇ ਦੂਜੇ ਸਾਲਾਂ ਵਿੱਚ 27 ਮਿਲੀਅਨ ਡਾਲਰ ਟੈਕਸ ਦਿੱਤਾ ਹੈ।“ ਹੋਸਟ ਕਰਿਸ ਵਾਲੈਸ ਵੱਲੋਂ ਅਮਰੀਕੀ ਸਿਟੀਜ਼ਨ ਜੋਰਜ ਫਲਾਈਡ ਦੇ ਗੋਰੇ ਪੁਲਿਸਕਰਮੀਆਂ ਦੇ ਹੱਥੋਂ ਹੋਏ ਕਤਲ ਤੋਂ ਬਾਅਦ ਹਿੰਸਕ ਅਤੇ ਨਸਲੀਆਂ ਬਾਰੇ ਪੁੱਛਿਆ ਗਿਆ ਇਸ ਦੇ ਜਵਾਬ ਵਿਚ ਟਰੰਪ ਨੇ ਕਿਹਾ, “ਓਬਾਮਾ-ਬਾਈਡਨ ਪ੍ਰਸ਼ਾਸਨ ਦੇ ਸਮੇਂ ਵਿਚ ਅਮਰੀਕਾ ਵਿਚ ਨਸਲੀ ਭੇਦਭਾਵ ਕੀਤਾ ਜਾਂਦਾ ਸੀ ਉਨਾਂ ਨਾਲ ਜੁੜੀ ਹਿੰਸਾ ਹੁੰਦੀ ਸੀ, ਜੋ ਹੁਣ ਘੱਟ ਹੋਈ ਹੈ।“ ਬਾਈਡਨ ਨੇ ਕਿਹਾ ਕਿ ਹਾਲ ਦੇ ਸਾਲਾਂ ਵਿੱਚ ਕਨੂੰਨ ਪ੍ਰਬੰਧ ਬਹੁਤ ਬਿਗੜੇ ਹਨ। ਅਮਰੀਕਾ ਵਿਚ ਕਈ ਥਾਵਾਂ ‘ਤੇ ਬਲੈਕ ਲਾਈਫਜ਼ ਮੈਟਰ ਪ੍ਰਦਰਸ਼ਨ ਹਿੰਸਕ ਹੋਣ ਦੇ ਬਾਰੇ ਵਿਚ ਬਾਈਡਨ ਨੇ ਕਿਹਾ ਕਿ ਉਹ ਪ੍ਰਦਰਸ਼ਨਾਂ ਨੂੰ ਬੁਰਾ ਨਹੀਂ ਮੰਨਦੇ ਪਰ ਹਿੰਸਾ ਸਵੀਕਾਰ ਨਹੀਂ ਕੀਤੀ ਜਾ ਸਕਦੀ। ਟਰੰਪ ਨੇ ਕਿਹਾ ਕਿ ਜਦੋਂ ਮੈਨੂੰ ਸਰਕਾਰ ਬਣਾਉਣ ਦਾ ਮੌਕਾ ਮਿਲਿਆ ਤਾਂ 128 ਜੱਜਾਂ ਦੀ ਜਗਾ ਖਾਲੀ ਸੀ, ਪਿਛਲੀ ਸਰਕਾਰ ਕਮਜ਼ੋਰ ਸੀ ਤੇ ਸਾਡੀ ਸਰਕਾਰ ਮਜਬੂਤ ਹੈ। ਬਾਈਡਨ ਨੇ ਕਿਹਾ ਕਿ ਟਰੰਪ ਦੇ ਕਾਰਜਕਾਲ ਦੌਰਾਨ ਅਮਰੀਕਾ ਜ਼ਿਆਦਾ ਅਸੁਰੱਖਿਅਤ ਹੈ ਤੇ ਕਿਹਾ, “ਟਰੰਪ ਦੀ ਸਰਕਾਰ ਵਿੱਚ ਅਮੀਰ ਵਧੇਰੇ ਅਮੀਰ ਹੋ ਰਿਹਾ ਤੇ, ਗਰੀਬ ਹੋਰ ਗਰੀਬ ਹੋ ਜਾਵੇਗਾ।“ ਕ੍ਰਿਸ ਵਾਲਸ ਨੇ ਡੋਨਾਲਡ ਟਰੰਪ ਤੋਂ ਪੁੱਛਿਆ ਕਿ ਕੀ ਉਹ ਵਾਤਾਵਰਣ ਤਬਦੀਲੀ ਵਿੱਚ ਯਕੀਨ ਕਰਦੇ ਹਨ? ਇਸ ਦੇ ਜਵਾਬ ਵਿਚ ਟਰੰਪ ਨੇ ਕਿਹਾ, “ਮੈਨੂੰ ਸਾਫ਼ ਪਾਣੀ ਅਤੇ ਸਾਫ਼ ਹਵਾ ਚਾਹੀਦੀ ਹੈ, ਅਸੀਂ ਇਸ ਸਿਲਸਿਲੇ ਵਿਚ ਬਹੁਤ ਸਾਰੇ ਕੰਮ ਕਰ ਰਹੇ ਹਾਂ ਅਤੇ ਅਸੀਂ ਕਰੋਬਾਰ ਨੂੰ ਕੋਈ ਨੁਕਸਾਨ ਵੀ ਨਹੀਂ ਪਹੁੰਚਾਇਆ।“ ਜਿੱਥੋਂ ਤੱਕ ਜੰਗਲ ਵਿਚ ਹਰ ਸਾਲ ਲੱਗਦੀ ਅੱਗ ਦੀ ਗੱਲ ਹੈ ਉੱਥੇ ਸਾਡੀ ਚੰਗੀ ਜੰਗਲੀ ਮੈਂਨੇਜਮੈਂਟ ਦੀ ਜਰੂਰਤ ਹੈ। ਇਹ ਡਿਬੇਟ ਵਿਚ ਕਈ ਵਾਰ ਦੇਖਿਆ ਗਿਆ ਜਦੋਂ ਡੋਨੇਲਡ ਟਰੰਪ ਅਤੇ ਜੋ ਬਾਈਡਨ ਇਕ-ਦੂਜੇ ਨਾਲ ਬੁਰੀ ਤਰਾਂ ਉਲਝ ਗਏ, ਦੋਵਾਂ ਨੇ ਇਕ-ਦੂਜੇ ਨੂੰ “ਸ਼ੱਟ-ਅਪ“ ਤਕ ਕਿਹਾ ਅਤੇ ਡਿਬੇਟ ਦੇ ਹੋਸਟ ਕ੍ਰਿਸ ਵਾਲੈਸ ਨੂੰ ਵਿਚਕਾਰ ਆ ਕੇ ਬਚਾਅ ਕਰਨਾ ਪਿਆ। ਕਈਆਂ ਮੁੱਦਿਆਂ ‘ਤੇ ਬਹਸ ਦੇ ਸਮੇਂ ਟਰੰਪ ਅਤੇ ਬਾਈਡਨ ਇਕ-ਦੂਜੇ ਨੂੰ ਟੋਕਟੇ ਰਹੇ ਅਤੇ ਫਿਰ ਕ੍ਰਿਸ ਵਾਲੈਸ ਨੇ ਦੋਵਾਂ ਨੂੰ ਕਿਹਾ “ਸਟੌਪ ਟੌਕਿੰਗ“ ਯਾਨੀ ਚੁੱਪ ਹੋ ਜਾਓ। ਇੰਨਾ ਹੀ ਨਹੀਂ, ਟਰੰਪ ਅਤੇ ਬਾਈਡਨ ਨੇ ਡੀਬੇਟ ਚ ਕਈ ਵਾਰ ਇਕ-ਦੂਜੇ ‘ਤੇ ਕਟਾਕਸ਼ ਵੀ ਕੀਤਾ ਅਤੇ ਮਖੌਲ ਉਡਾਇਆ। ਟਰੰਪ ਨੇ ਖੁੱਦ ਨੂੰ ਅਮਰੀਕੀ ਇਤਿਹਾਸ ਦਾ ਸਭ ਤੋਂ ਵਧੀਆ ਰਾਸ਼ਟਰਪਤੀ ਦੱਸਿਆ ਹੈ ਤਾਂ ਬਾਈਡਨ ਨੇ ਕਿਹਾ ਕਿ ਟਰੰਪ ਹੁਣ ਤੱਕ ਸਭ ਤੋਂ ਖਰਾਬ ਅਮਰੀਕੀ ਰਾਸ਼ਟਰਪਤੀ ਹਨ, ਬਾਈਡਨ ਨੇ ਕਿਹਾ ਕਿ ਸਾਰੇ ਜਾਣਦੇ ਹਨ ਕਿ ਟਰੰਪ ਝੂਠੇ ਹਨ। ਡੀਬੇਟ ਦੇ ਸਮੇਂ ਰਾਸ਼ਟਰਪਤੀ ਟਰੰਪ ਦੀ ਪਤਨੀ ਮਲੇਨੀਆ ਟਰੰਪ ਅਤੇ ਜੋ ਬਾਈਡਨ ਦੀ ਪਤਨੀ ਜਿਲ ਬਾਈਡਨ ਵੀ ਮੌਜੂਦ ਸਨ ਤੇ ਡੋਨੇਲਡ ਟਰੰਪ ਦੀਆਂ ਬੇਟੀਆਂ ਇਵਾਂਕਾ ਟਰੰਪ, ਟੀਫਨੀ ਟਰੰਪ ਵੀ ਹਾਜਰ ਸਨ। ਡੋਨਾਲਡ ਟਰੰਪ ਅਤੇ ਜੋ ਬਾਈਡਨ ਦੇ ਵਿਚਕਾਰ ਇਸ ਡਿਬੇਟ ਨੂੰ ਅਮਰੀਕੀ ਨਿਊਜ ਚੈਨਲ ਫੌਕਸ ਨਿਊਜ਼ ਦੇ 72 ਸਾਲਾ ਨਿਊਜ ਐਂਕਰ ਕ੍ਰਿਸ ਵਾਲੈਸ ਨੇ ਹੋਸਟ ਕੀਤਾ।

# ਪੰਜ ਨਾਮਵਾਰ ਪਰਵਾਸੀ ਪੰਜਾਬੀ ਹੋਟਲ ਕਾਰੋਬਾਰੀ



- ਗੁਰਮੀਤ ਸਿੰਘ ਪਲਾਹੀ
9815802070

ਸੰਸਾਰ ਦੇ ਕਿਸੇ ਕੋਨੇ ਵੀ ਪੰਜਾਬੀ ਪਹੁੰਚੇ, ਬਾਵਜੂਦ ਵੱਡੀਆਂ ਮੁਸ਼ਕਲਾਂ ਦੇ, ਉਨਾਂ ਹੱਡ ਭੰਨਵੀਂ ਮਿਹਨਤ ਕੀਤੀ, ਨੌਕਰੀਆਂ ਕਰਕੇ ਚੰਗੀ ਕਮਾਈ ਕੀਤੀ ਤੇ ਜਦੋਂ ਵੀ ਉਨਾਂ ਦੇ ਹਾਲਾਤ ਸਾਜ਼ਗਰ ਹੋਏ, ਉਨਾਂ ਉਥੇ ਆਪਣੇ ਕਾਰੋਬਾਰ ਖੋਲੇ।

ਇਨਾਂ ਕਾਰੋਬਾਰਾਂ ਵਿੱਚ ਰੈਸਟੋਰੈਂਟ, ਹੋਟਲ ਚਲਾਉਣਾ ਇੱਕ ਇਹੋ ਜਿਹਾ ਕਾਰੋਬਾਰ ਹੈ, ਜਿਸ 'ਚ ਇੰਗਲੈਂਡ, ਕੈਨੇਡਾ, ਅਮਰੀਕਾ, ਡੁਬਈ, ਜਰਮਨ ਰਹਿੰਦੇ ਪਰਵਾਸੀ ਪੰਜਾਬੀਆਂ ਨੇ ਵਿਸ਼ੇਸ਼ ਮੱਲਾਂ ਮਾਰੀਆਂ ਹਨ।



### ਸੰਤ ਸਿੰਘ ਛਤਵਾਲ:

ਫ਼ਰੀਦਕੋਟ ਪੰਜਾਬ 'ਚ ਜਨਮਿਆਂ, ਦੁਨੀਆ ਦੇ ਵੱਡੇ ਹੋਟਲ ਕਾਰੋਬਾਰੀਆਂ 'ਚ ਵਿਸ਼ੇਸ਼ ਥਾਂ ਰੱਖਣ ਵਾਲਾ, ਇੰਡੋ-ਅਮਰੀਕਨ ਸੰਤ ਸਿੰਘ ਛਤਵਾਲ 1994 'ਚ ਅਮਰੀਕਾ ਦਾ ਸ਼ਹਿਰੀ ਬਣਨ ਤੋਂ ਪਹਿਲਾਂ ਇਥੋਪੀਆ 'ਚ ਦੋ ਰੈਸਟੋਰੈਂਟ ਚਲਾਉਂਦਾ ਸੀ। ਫਿਰ ਉਸ ਨੇ ਨਿਊਯਾਰਕ 'ਚ ਬੰਬੇ ਪੈਲੇਸ ਰੈਸਟੋਰੈਂਟ ਖੋਲਿਆ ਤੇ ਪੂਰੇ ਦੇਸ਼ 'ਚ ਬੰਬੇ ਪੈਲੇਸ ਰੈਸਟੋਰੈਂਟਾਂ ਦੀ ਚੇਨ ਬਣਾਈ। ਹੁਣ ਇਨਾਂ ਰੈਸਟੋਰੈਂਟਾਂ ਦੀ ਚੇਨ ਤੇ ਹੈਮਪਸਹਾਇਰ ਹੋਟਲ ਤੇ ਰਿਜ਼ੋਰਟ ਗਰੁੱਪ ਦਾ ਮਾਲਕ ਹੈ। ਵਾਈਨਧਮ ਹੋਟਲ ਨਾਲ ਰਲ ਕੇ ਖੋਲੇ ਉਸ ਦੇ ਕੁੱਲ 7200 ਹੋਟਲ ਹਨ ਤੇ ਉਹ ਹਿੰਦੋਸਤਾਨ 'ਚ ਅਗਲੇ ਪੰਜ ਸਾਲਾਂ 'ਚ 3000 ਕਰੋੜ ਦੀ ਲਾਗਤ ਨਾਲ 52 ਹੋਟਲ ਖਲੇਗਾ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਦਾ ਨਿੱਘਾ ਦੋਸਤ ਰਿਹਾ ਛਤਵਾਲ, ਵਿਲੀਅਮ ਜੇ ਕਲਿੰਟਨ ਫਾਊਂਡੇਸ਼ਨ ਤੇ ਅਮਰੀਕਨ ਇੰਡੀਅਨ ਫਾਊਂਡੇਸ਼ਨ ਦਾ ਟਰੱਸਟੀ ਹੈ ਅਤੇ ਇੰਟਰਨੈਸ਼ਨਲ ਪੰਜਾਬੀ ਸੁਸਾਇਟੀ ਨਿਊਯਾਰਕ ਦਾ ਸਾਬਕਾ ਪ੍ਰਧਾਨ ਹੈ ਆਪਣੇ ਹੋਟਲਾਂ 'ਚ ਰੰਗ-ਬਰੰਗੇ ਭਾਰਤੀ ਭੋਜਨਾਂ ਦਾ ਵਿਦੇਸ਼ੀਆਂ ਨੂੰ ਸੁਆਦ ਚਖਾਉਣ ਵਾਲੇ ਇਸ ਹੋਟਲ ਕਾਰੋਬਾਰੀ ਨੂੰ ਭਾਰਤ ਸਰਕਾਰ ਵੱਲੋਂ ਵਿਸ਼ੇਸ਼ ਖਿਤਾਬ ਵੀ ਮਿਲ ਚੁੱਕਾ ਹੈ। ਬਿੱਲ ਕਲਿੰਟਨ ਦੀ ਚੋਣ 'ਚ ਵੱਡਾ ਫੰਡ ਦੇਣ ਲਈ ਵਿਵਾਦਾਂ 'ਚ ਫਸੇ ਛਤਵਾਲ ਨੂੰ ਪੰਜ ਲੱਖ ਡਾਲਰ ਅਤੇ ਤਿੰਨ ਸਾਲ ਸਮਾਜ ਸੇਵਾ ਕਰਨ ਦਾ ਅਮਰੀਕਾ ਦੀ ਇੱਕ ਅਦਾਲਤ ਵਲੋਂ ਜੁਰਮਾਨਾ ਲੱਗਿਆ। ਇਸ ਸਮੇਂ ਛਤਵਾਲ ਮਾਨਹੈਟਨ (ਅਮਰੀਕਾ) 'ਚ ਰਹਿੰਦਾ ਹੈ। ਉਸ ਦੇ ਦੋ ਪੁੱਤਰ ਵਿਕਰਮ ਛਤਵਾਲ (ਹੋਟਲ ਕਾਰੋਬਾਰੀ) ਤੇ ਵਿਵੇਕ ਛਤਵਾਲ ਹਨ।

### ਜੋਗਿੰਦਰ ਸਾਂਗਰ:

ਬਰਤਾਨੀਆ ਦਾ ਪ੍ਰਮੁੱਖ ਹੋਟਲ ਕਾਰੋਬਾਰੀ ਜੋਗਿੰਦਰ ਸਾਂਗਰ ਅੱਪਰੇਵਾਲਾ (ਜਲੰਧਰ) ਏਸ਼ੀਅਨ-ਹੂ-ਇਜ-ਹੂ ਇੰਟਰਨੈਸ਼ਨਲ ਦੇ 24ਵੇਂ ਐਡੀਸ਼ਨ 'ਚ ਸਾਲ 2011 ਦਾ ਪ੍ਰਸਿੱਧ ਏਸ਼ੀਅਨ ਚੁਣਿਆ ਗਿਆ। ਇਸੇ ਸਾਲ ਹੀ ਉਹ ਬਰਤਾਨੀਆ ਵਿਚਲੇ ਭਾਰਤ ਤੋਂ ਬਾਹਰ ਸਭ ਤੋਂ ਵੱਡੇ ਭਾਰਤੀ ਸਭਿਆਚਾਰਕ ਤੇ ਸਿੱਖਿਆ ਦੇ ਅਦਾਰੇ ਭਾਰਤੀ ਵਿਦਿਆ ਭਵਨ ਦਾ ਚੇਅਰਮੈਨ ਬਣਿਆ। 2012 'ਚ ਉਸ ਨੂੰ ਇੰਡੀਆ ਇੰਟਰਨੈਸ਼ਨਲ ਫਾਊਂਡੇਸ਼ਨ ਵਲੋਂ "ਪਰਾਈਡ ਆਫ਼ ਇੰਡੀਆ" ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਜੋਗਿੰਦਰ ਸਾਂਗਰ ਵਸ਼ਿੰਗਟਨ ਹੋਟਲ ਮੇਫੇਅਰ, ਦੀ ਬੈਂਟਲੇ ਹੋਟਲ, 300 ਕਮਰਿਆਂ ਵਾਲੇ ਹੈਸਟਨਹਾਈਡ ਹੋਟਲ ਤੇ ਡਾਊਬ ਲੈਟਰੀ ਲੰਦਨ ਰੀਜੈਂਟ ਸਟ੍ਰੀਟ ਦਾ ਮਾਲਕ ਹੈ।



ਸਾਂਗਰ 1960 'ਚ ਇੰਗਲੈਂਡ ਆਇਆ। ਸਾਲ 1997 'ਚ ਉਸ ਨੇ ਚਾਰ ਤਾਰਾ ਵਸ਼ਿੰਗਟਨ ਹੋਟਲ ਖਰੀਦਿਆ। ਸਾਲ 2008 'ਚ ਹਿਲੰਟਨ ਗਲਾਸਗੋ ਹੋਟਲ ਵਾਲਿਆਂ ਤੋਂ ਫਰੈਂਚਾਈਜ਼ ਲਈ। ਹੋਟਲਾਂ ਦੇ ਕਾਰੋਬਾਰ 'ਚ ਅਰਬਪਤੀ ਬਣਿਆ ਸਾਂਗਰ ਮਾਸਟਕਰਾਫਟ ਕੰਪਨੀ ਲੰਦਨ ਦਾ ਚੇਅਰਮੈਨ ਹੈ ਅਤੇ ਇਸ ਦਾ ਸਭ ਦਾ ਮੁੱਖ ਭਾਈਵਾਲ ਹੈ। 2011 'ਚ ਉਸ ਦੀ ਕੰਪਨੀ ਮਾਸਟਕਰਾਫਟ ਨੇ ਰਾਇਲ ਬੈਂਕ ਆਫ਼ ਸਕਾਟਲੈਂਡ ਵੱਲੋਂ ਵੇਚੀ ਅਤੇ 9.45 ਮਿਲੀਅਨ ਪੌਂਡ ਦੀ ਜਾਇਦਾਦ ਹਾਸਲ ਕੀਤੀ। ਸਮਾਜ ਸੇਵਾਵਾਂ ਦੇ ਹੋਰ ਅਨੇਕਾਂ ਕੰਮਾਂ ਦੇ ਨਾਲ-ਨਾਲ ਉਹ ਇੰਗਲੈਂਡ ਦੇ ਸ਼ਹਿਰ ਬਰਮਿੰਘਮ 'ਚ ਇੱਕ ਹਿੰਦੂ ਮੰਦਿਰ ਬਣਾਉਣ ਲਈ ਫੰਡ ਇਕੱਠਾ ਕਰਨ ਲਈ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਲਗਪਗ 50 ਸਾਲ ਪਹਿਲਾਂ 1965 'ਚ ਉਸ ਨੇ ਆਪਣੀ ਪਹਿਲੀ ਟਰੈਵਲ ਏਜੰਸੀ ਖੋਲੀ ਜੋ ਅੱਜ ਕੱਲ ਬਰਤਾਨੀਆ ਤੇ ਭਾਰਤ 'ਚ ਟਰੈਵਲ ਦਾ ਸਥਾਪਤ ਕਾਰੋਬਾਰ ਕਰਦੀ ਹੈ।



### ਸੁਰਿੰਦਰ ਅਰੋੜਾ:

ਜਿਸ ਹੋਟਲ 'ਚ ਸੁਰਿੰਦਰ ਅਰੋੜਾ ਨੇ ਵੇਟਰ ਵਜੋਂ ਕੰਮ ਕੀਤਾ, ਉਸ ਹੋਟਲ ਦਾ ਉਹ ਮਾਲਕ ਬਣਿਆ। ਪੰਜਾਬ ਦੇ ਫਾਜ਼ਿਲਕਾ ਸ਼ਹਿਰ 'ਚ 1961 'ਚ ਜਨਮਿਆ ਅਰੋੜਾ ਤੇਰਾਂ ਵਰਿਆਂ ਦੀ ਉਮਰੇ ਇੰਗਲੈਂਡ ਪੁੱਜ ਗਿਆ। ਬ੍ਰਿਟਿਸ਼ ਏਅਰਵੇਜ਼ 'ਚ 11 ਸਾਲ ਗਾਹਕਾਂ ਨੂੰ ਸੇਵਾਵਾਂ ਦੇਣ ਦੇ ਅਫ਼ਸਰ ਵਜੋਂ ਕੰਮ ਕੀਤਾ, 1988 'ਚ ਉਹ ਏਬੀ ਬੀਮਾ ਕੰਪਨੀ ਦਾ ਪਹਿਲਾ ਸੇਲਜਮੈਨ ਬਣਿਆ, ਫਿਰ ਸੇਲਜ਼ ਮੈਨੇਜਰ ਵਜੋਂ ਤਰੱਕੀ ਕੀਤੀ। ਸਾਲ 1993 'ਚ ਇਹ ਬੀਮਾ ਕੰਪਨੀ ਛੱਡ ਕੇ ਉਸ ਨੇ ਹੀਥਰੋ ਹਵਾਈ ਅੱਡੇ ਲੰਦਨ 'ਚ ਏਅਰਲਾਈਨਜ਼ ਦੇ ਸਟਾਫ ਲਈ ਸਵੇਰੇ ਘਰੇ ਨਾਸ਼ਤਾ ਪਹੁੰਚਾਉਣ ਲਈ ਬੀ ਐਂਡ ਬੀ (ਬੈਡ ਐਂਡ ਬ੍ਰੇਕਫਾਸਟ) ਸੇਵਾਵਾਂ ਚਾਲੂ ਕੀਤੀਆਂ ਅਤੇ 1999 'ਚ ਬ੍ਰਿਟਿਸ਼ ਏਅਰਵੇਜ਼ ਤੋਂ ਬੀਐਂਡਬੀ ਨੇ ਠੇਕਾ ਲੈ ਲਿਆ। ਸਾਲ 2004 'ਚ 500 ਬੈਡਰੂਮ ਵਾਲਾ ਲੀਮੈਰੀਡੀਅਨ ਲੰਦਨ ਗੈਟਵਿਕ ਹੋਟਲ ਖਰੀਦਿਆ। ਉਸਨੇ ਹਿਲਟਨ ਤੇ ਹੋਲੀਡੇ ਇਨ ਤੋਂ ਫਰੈਂਚਾਈਜ਼ ਵੀ ਲਈ ਹੋਈ ਹੈ। ਸਾਲ 2015 'ਚ ਅਰੋੜਾ ਨੇ ਲੰਦਨ ਹਵਾਈ ਅੱਡੇ ਦੇ ਬਿਲਕੁਲ ਨੇੜੇ 700 ਕਮਰਿਆਂ ਵਾਲਾ ਗੰਨਾਏਂਸੈਂਸ ਹੋਟਲ ਖਰੀਦਿਆ। ਅਰੋੜਾ 2009 'ਚ ਦੀ ਟਾਈਮਜ਼ ਅਖ਼ਬਾਰ ਦੀ ਯੂਕੇ ਦੇ ਅਮੀਰ ਵਿਅਕਤੀ ਦੀ ਤਿਆਰ ਸੂਚੀ 'ਚ 140 ਮਿਲੀਅਨ ਪੌਂਡ ਦੀ ਜਾਇਦਾਦ ਵਾਲਾ 388ਵੇਂ ਸਥਾਨ ਦਾ ਅਮੀਰ ਵਿਅਕਤੀ ਸੀ, ਜਿਸ ਦੀ ਦੌਲਤ 2013 'ਚ ਵਧ ਕੇ 356 ਮਿਲੀਅਨ ਪੌਂਡ ਹੋ ਗਈ। ਸੁਰਿੰਦਰ ਅਰੋੜਾ ਲੰਦਨ ਦੇ ਹੀਥਰੋ ਅਤੇ ਗੈਟਵਿਕ ਨਜ਼ਦੀਕ 16 ਚਾਰ ਅਤੇ ਪੰਜ ਤਾਰਾ 5500 ਬੈਡਰੂਮ ਵਾਲੇ ਹੋਟਲਾਂ ਦਾ ਮਾਲਕ ਹੈ। ਅਰੋੜਾ ਨੇ ਕਦੇ 'ਵਰਸਿਟੀ ਦੀ ਪੜਾਈ ਨਹੀਂ ਕੀਤੀ ਪਰ ਉਸ ਕੋਲ ਪਾਇਲਟ ਦਾ ਲਾਈਸੈਂਸ ਹੈ। ਅਰੋੜਾ ਦੇ ਨਾਂ ਉਤੇ ਬਣੀਆਂ ਅਰੋੜਾ ਇੰਟਰਨੈਸ਼ਨਲ ਹੀਥਰੋ, ਅਰੋੜਾ ਪਾਠਕ ਹੀਥਰੋ, ਅਰੋੜਾ ਇੰਟਰਨੈਸ਼ਨਲ ਗੈਰਵੈਕ, ਅਰੋੜਾ ਇੰਟਰਨੈਸ਼ਨਲ ਮਾਨਚੈਸਟਰ ਆਦਿ ਹੋਟਲ ਕੰਪਨੀਆਂ ਦਾ ਮਾਲਕ ਸਫਲ ਪਰਵਾਸੀ ਪੰਜਾਬੀ ਹੋਟਲੀਅਰ ਹੈ।



### ਜਸਮਿੰਦਰ ਸਿੰਘ:

ਏਸ਼ੀਆ ਦਾ ਤੀਜਾ ਅਮੀਰ ਗਿਣੇ ਜਾਣ ਵਾਲਾ ਹੋਟਲ ਕਾਰੋਬਾਰੀ ਪਰਵਾਸੀ ਪੰਜਾਬੀ ਜਸਮਿੰਦਰ ਸਿੰਘ ਦੀ ਦੌਲਤ 320 ਮਿਲੀਅਨ ਪੌਂਡ ਅਨੁਮਾਨੀ ਗਈ ਹੈ। ਉਹ ਦਾਰਅਸਲਾਮ 'ਚ 1961 'ਚ ਜਨਮਿਆ, 1968 'ਚ ਤਨਜਾਨੀਆਂ ਤੋਂ ਇੰਗਲੈਂਡ ਪੁੱਜਿਆ। ਅਕਾਊਂਟੈਂਸੀ ਦੀ ਪੜਾਈ ਕੀਤੀ। 1979 'ਚ ਉਹ ਹੋਟਲਾਂ ਦੇ ਕਾਰੋਬਾਰ 'ਚ ਪੈ ਗਿਆ। 415 ਮਿਲੀਅਨ ਪੌਂਡ ਦੀ ਦੌਲਤ ਵਾਲੇ ਰੈਡੀਸਨ ਐਵਾਰਡੀਅਨ ਹੋਟਲਾਂ ਦਾ ਉਹ ਚੇਅਰਮੈਨ ਹੈ। ਪ੍ਰਾਈਵੇਟ ਮਾਲਕੀ ਵਾਲੇ ਇਸ ਗਰੁੱਪ ਦੇ ਸਫਲਤਾਪੂਰਵਕ ਚਲ ਰਹੇ ਇੰਗਲੈਂਡ 'ਚ 12 ਚਾਰ ਤੇ ਪੰਜ ਤਾਰਾ ਹੋਟਲਾਂ ਦਾ ਉਹ ਮਾਲਕ ਹੈ। ਉਹ ਆਪਣੀ ਪਤਨੀ ਅਮ੍ਰਿਤ, ਜੋ ਇੰਟਰੀਅਰ ਡੀਜ਼ਾਈਨਿਰ ਹੈ, ਨਾਲ ਐਸਕੋਟ 'ਚ ਰਹਿੰਦਾ ਹੈ ਤੇ ਉਸ ਦੇ ਚਾਰ ਬੱਚੇ ਹਨ। ਉਨਾਂ ਭਾਰਤ 'ਚ ਇੱਕ ਹੋਟਲ ਮੈਨੇਜਮੈਂਟ ਸਕੂਲ ਨੂੰ ਸਪਾਂਸਰ ਕੀਤਾ ਹੈ। ਸਿੰਘ ਇਜ਼ ਕਿੰਗ ਵਜੋਂ ਜਾਣਿਆ ਜਾਂਦਾ ਅਫਰੀਕਾ ਵਾਲਾ ਜਸਮਿੰਦਰ ਸਿੰਘ ਸੀਸੀਟੀਵੀ ਟਰੱਸਟ ਦਾ ਫਾਊਂਡਰ ਹੈ। ਆਪਣੇ ਸੀਸੀਟੀਵੀ ਹੋਟਲ ਨੂੰ 2003 'ਚ ਉਸ ਨੇ ਪੁਲਸ ਨਾਲ ਜੋੜਿਆ। ਸਾਲ 2012 'ਚ ਹੋਈਆਂ ਲੰਦਨ ਉਲਪਿੰਕ ਖੇਡਾਂ ਸਮੇਂ ਉਸਦਾ ਹੋਟਲ ਗਰੁੱਪ ਉਲਿੰਪਕ ਜੇਤੂ ਮੁਹਿੰਮ ਦਾ ਸਪਾਂਸਰ ਬਣਿਆ। ਸਾਲ 2015 'ਚ ਰੈਡੀਸਨ ਐਡਵਾਇਰਡੀਅਨ ਹੋਟਲ ਗਰੁੱਪ ਨੂੰ ਏਸ਼ੀਅਨ ਬਿਜ਼ਨਿਸ ਬੀਅਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।



### ਸੁਖਦੇਵ ਤੂਰ:

ਵਿਦੇਸ਼ਾਂ ਵੱਲ ਆਰਥਿਕ ਬਦਲ ਲੱਭਣ ਖਾਤਰ ਪੜੇ-ਲਿਖੇ ਹੋਰ ਪੰਜਾਬੀ ਨੌਜਵਾਨਾਂ ਵਾਂਗ ਸਿਵਲ ਇੰਜੀਨੀਅਰ ਦੇਵ ਤੂਰ ਪੰਜਾਬੋਂ 1983 'ਚ ਇਸ ਆਸ ਨਾਲ ਕੈਨੇਡਾ ਆਇਆ ਕਿ ਉਹ ਸਹਿਜੇ ਹੀ ਸਿਵਲ ਇੰਜੀਨੀਅਰ ਦੀ ਨੌਕਰੀ ਪ੍ਰਾਪਤ ਕਰ ਲਵੇਗਾ ਪਰ ਉਹ ਦੀ ਡਿਗਰੀ ਇਥੇ ਕਿਸੇ ਕੰਮ ਨਾ ਆਈ, ਉਸਨੂੰ ਇਥੇ ਕਾਰਾਂ ਦੀਆਂ ਚੈਸੀਆਂ ਦੀ ਫਿਟਿੰਗ ਕਰਨ ਜਿਹੇ ਕੰਮ ਕਰਨੇ ਪਏ। ਉਨਾਂ ਨੇ 5,25,000 ਡਾਲਰ ਦਾ ਕਰਜ਼ਾ ਤੇ ਘਰ ਉਤੇ ਮਾਰਟਹੇਜ ਲੈਕੇ 27 ਕਮਰਿਆਂ ਵਾਲਾ ਇੱਕ ਹੋਟਲ ਖਰੀਦਿਆ ਤੇ ਇੱਕ ਤੋਂ ਬਾਅਦ ਇੱਕ ਹੋਟਲ ਖਰੀਦ ਕੇ ਫਿਰ ਵੇਚਕੇ ਅੱਧੇ ਮਿਲੀਅਨ ਡਾਲਰ ਦੀ ਕਮਾਈ ਕੀਤੀ। ਇਸ ਵੇਲੇ ਕੈਨੇਡਾ 'ਚ ਉਸਦੇ 8 ਹੋਟਲ ਹਨ। ਸੁਖਦੇਵ ਤੂਰ ਉਰਫ ਤੂਰ ਆਪਣੇ ਕਾਰੋਬਾਰ ਦੀ ਦੇਖ-ਭਾਲ ਦੇ ਨਾਲ-ਨਾਲ ਸਮਾਜ ਭਲਾਈ ਕੰਮਾਂ 'ਚ ਵੀ ਰੁਝਿਆ ਰਹਿੰਦਾ ਹੈ। ਉਹ ਖੇਡਾਂ ਦੀ ਪ੍ਰਫੁਲੱਤਾ ਲਈ ਯੋਗਦਾਨ ਤੇ ਹਸਪਤਾਲਾਂ ਲਈ ਸਮੇਂ-ਸਮੇਂ ਸਹਾਇਤਾ ਦਿੰਦਾ ਹੈ। ਆਪਣੀ ਵੱਡੀਆਂ ਪ੍ਰਾਪਤੀਆਂ ਲਈ ਦੇਵ ਤੂਰ ਨੂੰ 20 13 'ਚ ਆਰਬੀਸੀ ਰਾਇਲ ਬੈਂਕ ਤੇ ਸ਼ਿਵਰਲੈਟ ਇਨਜੈਨੂਟੀ ਐਵਾਰਡ ਮਿਲਿਆ। ਟੈਰਾਂਟੋ ਵਸਦੇ ਦੇਵ ਤੂਰ ਦਾ ਮੰਨਣਾ ਹੈ ਕਿ ਵੱਡੇ ਸੁਪਨੇ ਲਵੋ ਅਤੇ ਉਨਾਂ ਨੂੰ ਪੂਰਿਆਂ ਕਰਨ ਲਈ ਜੁੱਟ ਜਾਉ।

---

## ਲੋਕਾਂ ਪ੍ਰਤੀ ਨਜ਼ਰੀਆ....



- ਵਿਜੈ ਗਰਗ
(ਮਲੋਟ)

ਇੱਕ ਦੋਸਤ ਨੇ ਗੱਲ ਸੁਣਾਈ। ਕਹਿੰਦਾ, ਦੁਬਈ ਦੇ ਹਵਾਈ ਅੱਡੇ 'ਤੇ ਇੱਧਰ ਨੂੰ ਵਾਪਸ ਆਉਣ ਲਈ ਬੈਠਾ ਸੀ ਤਾਂ ਕਾਫ਼ੀ ਸ਼ਾਪ 'ਤੇ ਇੱਕ ਗੋਰੇ ਨਾਲ ਟੇਬਲ ਸਾਂਝਾ ਕਰਨਾ ਪਿਆ।

ਹਾਲ-ਚਾਲ ਪੁੱਛਣ ਤੋਂ ਬਾਅਦ ਗੱਲਾਂ ਛਿੜ ਪਈਆ। ਕਹਿੰਦਾ, ਮੈਂ ਦੋ ਕੁ ਮਿੰਟ 'ਚ ਉਹਨੂੰ ਬਿਨਾ ਪੁੱਛੇ ਆਪਣਾ ਨਾਮ, ਫਿਰ ਕੈਨੇਡਾ 'ਚ ਕੰਮ-ਕਾਰ ਬਾਰੇ ਤੇ ਆਪਣੇ ਬਾਰੇ ਕਈ ਕੁਝ ਹੋਰ ਦੱਸ ਦਿੱਤਾ।

ਫਿਰ ਉਸਨੇ ਵੀ ਆਪਣਾ ਨਾਮ ਦੱਸ ਦਿੱਤਾ। ਪਰ ਜਦ ਮੈਂ ਉਸਨੂੰ ਉਸਦੇ ਕਿੱਤੇ ਅਤੇ ਕੰਮ-ਕਾਰ ਬਾਰੇ ਪੁੱਛਿਆ, ਤਾਂ ਉਹ ਨੇ ਦੱਸਣੋਂ ਮਨਾ ਕਰ ਦਿੱਤਾ ਤੇ ਕਿਹਾ,

"ਦੇਖ ਮਿਸਟਰ ਸਿੰਘ, ਆਪਾਂ ਇੱਕ ਦੂਜੇ ਨਾਲ ਕਿੱਦਾਂ ਇਨਸਾਨੀ ਤੌਰ 'ਤੇ ਵਧੀਆ ਗੱਲ ਕਰ ਰਹੇ ਹਾਂ। ਮੈਂ ਨੀ ਚਾਹੁੰਦਾ ਕਿ 'ਮੈਂ ਕੀ ਹਾਂ ਤੇ ਕੀ ਕਰਦਾ ਹਾਂ', ਦੱਸ ਕੇ ਆਪਣੇ ਇਸ ਅਨਜਾਣ ਓਹਲੇ 'ਚ ਫ਼ਰਕ ਪਾਵਾਂ।" ਮੈਂ ਨੀ ਚਾਹੁੰਦਾ, ਕਿ ਮੇਰੇ ਕੰਮ-ਕਾਰ ਦਾ ਆਪਣੀ ਗੱਲਬਾਤ 'ਤੇ ਕੋਈ ਪ੍ਰਭਾਵ ਪਵੇ।

ਕਹਿੰਦਾ, ਜੇ ਮੈਂ ਪ੍ਰੋਫੈਸਰ ਹੋਇਆ ਤਾਂ ਤੂੰ ਹੋਰ ਤਰਾਂ ਵਿਹਾਰ ਕਰਨਾ ਤੇ ਜੇ ਪੁਲਿਸ ਵਾਲਾ ਹੋਇਆ ਤਾਂ ਹੋਰ ਤਰਾਂ। ਜੇ ਸਿਆਸਤਦਾਨ ਹੋਇਆ ਤਾਂ ਹੋਰ ਤਰਾਂ ਤੇ ਜੇ ਅਮੀਰ ਹੋਇਆ ਤਾਂ ਹੋਰ ਤਰਾਂ। ਤੇਰੇ ਤੋਂ ਗ਼ਰੀਬ ਹੋਇਆ ਫਿਰ ਗੱਲਬਾਤ ਹੋਰ ਤਰਾਂ ਹੋਣੀ। ....ਦਫ਼ਾ ਕਰ, ਆਪਾਂ ਇੱਦਾਂ ਹੀ ਗੱਲਾਂ ਕਰਦੇ ਆ ਕਿੰਨਾ ਨਜ਼ਾਰਾ ਆ ਰਿਹਾ।

ਮੇਰਾ ਦੋਸਤ ਕਹਿੰਦਾ,"ਮੈਂ ਹੈਰਾਨ ਹੋ ਗਿਆ। ਕਿ ਉਹ ਕਿੱਡੀ ਵੱਡੀ ਗੱਲ ਮੈਨੂੰ ਸਰਲ ਤਰੀਕੇ ਨਾਲ ਸਮਝਾ ਗਿਆ"। ਜਿਸ ਨੇ ਮੇਰਾ ਹੋਰ ਲੋਕਾਂ ਪ੍ਰਤੀ ਨਜ਼ਰੀਆ ਹੀ ਬਦਲ ਦਿੱਤਾ। ਅਸੀਂ ਅਕਸਰ ਬੰਦੇ ਦੇ ਅਹੁਦੇ ਤੇ ਰੁਤਬੇ ਮੁਤਾਬਿਕ ਗੱਲ ਕਰਦੇ ਹਾਂ। ਜਦਕਿ ਇਹ ਗ਼ਲਤ ਪਿਰਤ ਹੈ। ਗੱਲ ਬਣਾ ਕੇ ਕਰਨੀ ਪੈਂਦੀ ਫਿਰ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com

CALIFORNIA REPUBLIC

# ਕੈਲੇਫੋਰਨੀਆਂ ਦੇ ਸਿੱਖਾਂ ਵੱਲੋਂ

## ਕਿਸਾਨਾਂ ਦੇ ਹੱਕ ਵਿੱਚ 3 ਅਕਤੂਬਰ ਨੂੰ ਰੋਸ ਪ੍ਰਦਰਸ਼ਨ



ਭਾਰਤੀ ਹਕੂਮਤ ਵਲੋਂ ਥੋਪੇ ਗਏ ਕਿਸਾਨ ਮਾਰੂ ਬਿਲਾਂ ਵਿਰੁੱਧ ਕੈਲੇਫੋਰਨੀਆ ਵਿਚ ਬੈਠੇ ਸਿੱਖ ਅਤੇ ਸਮੁੱਚੇ ਕਿਸਾਨੀ ਭਾਈਚਾਰੇ ਵੱਲੋਂ 3 ਅਕਤੂਬਰ, ਦਿਨ ਸ਼ਨੀਵਾਰ ਦੁਪਹਿਰ 11 ਵਜੇ ਭਾਰਤੀ ਐਂਬੈਸੀ, ਸੈਨ ਫਰਾਂਸਿਸਕੋ ਕੈਲੇਫੋਰਨੀਆ ਵਿਖੇ ਰੋਸ ਮੁਜਾਹਰਾ ।

**ਐਡਰੈਸ : 540 Arguello Blvd San Francisco, CA, 94118**

## ਸਮੂੰਹ ਸੰਗਤਾਂ ਨੂੰ ਸ਼ਾਮਿਲ ਹੋਣ ਦੀ ਅਪੀਲ

**ਬੇਨਤੀ ਕਰਤਾ:**

ਗੁਰਦੁਆਰਾ ਸਾਹਿਬ ਫਰੀਮਾਂਟ, ਗੁਰਦੁਆਰਾ ਸਾਹਿਬ ਸਟਾਕਟਨ, ਗੁਰਦੁਆਰਾ ਸਾਹਿਬ ਐਲ ਸਬਰਾਂਟੇ, ਗੁਰਦੁਆਰਾ ਸਾਹਿਬ ਮਿਲਪੀਟਸ, ਗੁਰਦੁਆਰਾ ਸਾਹਿਬ ਬਰਾਡਸਾਹ, ਦਸਮੇਸ ਦਰਬਾਰ ਟਰੇਸੀ, ਪਰਮੇਸਰ ਦਵਾਰ ਮਡੇਰਾ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਪੰਚਾਇਤ, ਸਿੱਖ ਫੈਡਰੇਸਨ ਯੂ ਐਸ ਏ, ਸਿੱਖ ਯੂਥ ਆਫ ਅਮਰੀਕਾ, ਖਾਲਿਸਤਾਨ ਯੂਥ ਫੈਡਰੇਸਨ, ਸਿੱਖਸ ਫਾਰ ਹਿਊਮੈਨਟੀ, ਕੈਲੇਫੋਰਨੀਆ ਗੱਤਕਾ ਦੱਲ

ਵਧੇਰੇ ਜਾਣਕਾਰੀ ਲਈ

**ਫੋਨ ਨੰਬਰ: (844) REM -1984**



SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com